ਅਦੁੱਤੀ ਦੇਸ਼ ਭਗਤ ਸ਼ਖ਼ਸੀਅਤ

# ਪੰਡਿਤ ਕਿਸ਼ੋਰੀ ਲਾਲ



9 ਜੂਨ 1909-11 ਜੁਲਾਈ 1990

ਸੰਪਾਦਕ:
ਚਰੰਜੀ ਲਾਲ ਕੰਗਣੀਵਾਲ

1

## ਅਦੁੱਤੀ ਦੇਸ਼ ਭਗਤ ਸ਼ਖ਼ਸੀਅਤ

# ਪੰਡਿਤ ਕਿਸ਼ੋਰੀ ਲਾਲ

2

BvP-1647
18/9/17
19/41
G-2219.

## ਲੇਖਕ ਦੀਆਂ ਹੋਰ ਰਚਨਾਵਾਂ

1. ਜੀਵਨੀ ਗ਼ਦਰੀ ਬਾਬਾ ਸ਼ਹੀਦ ਮਾ. ਊਧਮ ਸਿੰਘ ਕਸੇਲ
2. ਜੀਵਨ ਤੇ ਸੰਘਰਸ਼ ਬਾਬਾ ਭਗਵਾਨ ਸਿੰਘ ਦੁਸਾਂਝ
3. ਬੱਬਰ ਅਕਾਲੀ ਲਹਿਰ: ਸਮਕਾਲੀ ਦਸਤਾਵੇਜ਼ (ਸਹਿ. ਲੇਖਕ)
4. ਰਾਮਗੜ੍ਹੀਆ ਵਿਸ਼ਵਕਰਮਾ ਵੰਸ਼ੀ ਸੰਗਰਾਮੀਆਂ ਇਤਹਾਸ (ਸਹਿ. ਲੇਖਕ)

3

ਅਦੁੱਤੀ ਦੇਸ਼ ਭਗਤ ਸ਼ਖ਼ਸੀਅਤ

# ਪੰਡਿਤ ਕਿਸ਼ੋਰੀ ਲਾਲ

ਸੰਪਾਦਕ
ਚਰੰਜੀ ਲਾਲ ਕੰਗਣੀਵਾਲ

5 ਆਬ
ਪ੍ਰਕਾਸ਼ਨ, ਜਲੰਧਰ

**Adutti Desh Bhagat shakhsiat**

# Pandit Kishori Lal

**Edited By**

**Chrangi Lal Kangniwal**
Desh Bhagat Yadgar Hall,
G.T. Road, Jalandhar City
Tel. 0181-2458224 Mob. 97806-02066

© ਪ੍ਰਕਾਸ਼ਕ/ਸਭਿਆਚਾਰਕ ਕਮੇਟੀ ਤਲਵਾੜਾ

ISBN : 978-81-923341-6-5

ਪਹਿਲੀ ਵਾਰ : 2011
ਦੂਜੀ ਵਾਰ:212

ਕੀਮਤ: 100/- (ਸਜਿਲਦ)
60/- (ਪੇਪਰ ਬੈਕ)

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1, 2-ਦੇਸ਼ ਭਗਤ ਯਾਦਗਾਰ ਹਾਲ,
ਜਲੰਧਰ, ਫ਼ੋਨ: 98140-87063
5aabparkashan@gmail.com
www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼**
ਜਲੰਧਰ ਫ਼ੋਨ : 98140-87063
0181-2239181
e-maii: vac_comp@yahoo.com
ਪ੍ਰਿੰਟਰਜ਼ : ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

All rights reserved

This book is sold subject to the condition that it shall not, by way of trade or otherwise, be lent, resold, hired out, otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above. No part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or therewise), without the prior written permission of both the copyright owner and the above-mentioned publisher of this book.

5

## ਸਮਰਪਤ

ਪੰਡਿਤ ਕਿਸ਼ੋਰੀ ਲਾਲ
ਯਾਦਗਾਰੀ ਸਭਿਆਚਾਰਕ ਕਮੇਟੀ,
ਤਲਵਾੜਾ ਦੇ ਕਾਰਕੁੰਨਾਂ ਨੂੰ

# ਤਤਕਰਾ


- ਦੂਜੀ ਪ੍ਰਕਾਸ਼ਨਾ ਬਾਰੇ/ਸੰਪਾਦਕ 07
- ਦੋ ਸ਼ਬਦ/ਕਾ. ਨੌਨਿਹਾਲ ਸਿੰਘ 09
- ਸਾਡਾ ਆਦਰਸ਼-ਪੰਡਿਤ ਕਿਸ਼ੋਰੀ ਲਾਲ ਜੀ/ਦੀਪਕ ਠਾਕੁਰ 15
- ਨਿਸ਼ਕਾਮ ਦੇਸ਼ਭਗਤ-ਪੰਡਿਤ ਕਿਸ਼ੋਰੀ ਲਾਲ/ਚਰੰਜੀ ਲਾਲ ਕੰਗਣੀਵਾਲ 17
- ਪੰਡਿਤ ਕਿਸ਼ੋਰੀ ਲਾਲ/ਕਾ. ਅਜੈ ਘੋਸ਼ 35
- ਪੰਡਿਤ ਕਿਸ਼ੋਰੀ ਲਾਲ-ਸਾਡਾ ਪ੍ਰਧਾਨ/ਭਗਤ ਸਿੰਘ ਬਿਲਗਾ 38
- ਪੰਡਿਤ ਜੀ-ਵਡਮੁੱਲਾ ਕ੍ਰਾਂਤੀਕਾਰੀ/ਕਾ. ਹਰਕਿਸ਼ਨ ਸਿੰਘ ਸੁਰਜੀਤ 39
- ਪੰਡਿਤ ਜੀ ਦਾ ਜੀਵਨ ਚਾਨਣ ਮੁਨਾਰਾ/ਕਾ. ਚਰਨ ਸਿੰਘ ਵਿਰਦੀ 43
- 45 ਸਾਲ ਦੇ ਸਾਂਝੇ ਸਫ਼ਰ ਦਾ ਅੰਤ/ਕਾ. ਦਲੀਪ ਸਿੰਘ ਜੌਹਲ 44
- ਇਕ ਆਦਰਸ਼ਕ ਕਮਿਊਨਿਸਟ ਕਿਰਦਾਰ/ਕਾ. ਮੰਗਤ ਰਾਮ ਪਾਸਲਾ 47
- ਇਨਕਲਾਬੀ ਦ੍ਰਿੜ੍ਹਤਾ ਦਾ ਮੁਜੱਸਮਾ/ਕਾ. ਹਰਕੰਵਲ ਸਿੰਘ 51
- ਸਵੈ ਸਾਧਨਾਂ ਦਾ ਪੁੰਜ ਪੰਡਿਤ ਕਿਸ਼ੋਰੀ ਲਾਲ ਜੀ/ਕਾ. ਗੁਰਬਚਨ ਚੌਧਰੀ 55
- ਪਿਆਰੇ ਤੇ ਸਤਿਕਾਰੇ ਪੰਡਿਤ ਜੀ/ਕਾ. ਜਗਜੀਤ ਸਿੰਘ ਆਨੰਦ 57
- ਪੰਡਿਤ ਜੀ ਨੂੰ ਮੇਰਾ ਆਖ਼ਰੀ ਸਲਾਮ!/ਓਮ ਪ੍ਰਕਾਸ਼ ਆਰਯਾ 58
- ਇਕ ਯੋਧੇ ਦਾ ਚਲਾਣਾ/ਕਾ. ਸੁਹੇਲ ਸਿੰਘ 60
- ਮੌਤ ਨੂੰ ਮਖੌਲਾਂ ਕਰਨ ਵਾਲਾ/ਕਾ. ਸਾਧੂ ਸਿੰਘ 61
- ਸਿਰੜੀ ਕਮਿਊਨਿਸਟ ਯੋਧਾ/ਕਾ. ਰਛਪਾਲ ਸਿੰਘ 64
- ਇਨਕਲਾਬੀ ਜਜ਼ਬੇ ਅਤੇ ਕੁਰਬਾਨੀ ਦਾ ਪ੍ਰੇਰਨਾ-ਸਰੋਤ, ਸ਼ਹੀਦ ਭਗਤ ਸਿੰਘ ਦਾ ਸਾਥੀ ਪੰਡਿਤ ਕਿਸ਼ੋਰੀ ਲਾਲ ਪ੍ਰੋ. ਸੁਰਿੰਦਰ ਮੰਡ 67
- ਪੰਫਿਤ ਜੀ/ਕਾ. ਹਰਭਜਨ ਸਿੰਘ ਹੁੰਦਲ/ਕਾ. ਦਲੀਪ ਸਿੰਘ ਟਪਿਆਲਾ 70
- ਇੰਟਰਵਿਊ/ਡਾ. ਕ੍ਰਿਪਾਲ ਸਿੰਘ ਤੇ ਸ. ਬਲਬੀਰ ਸਿੰਘ 71
- ਕਵਿਤਾ/ਮਾ. ਯੋਧ ਸਿੰਘ 83
- ਕਵਿਤਾ/ਡਾ. ਗੁਰਦਿਆਲ ਸਿੰਘ ਲੋਹਟਬੱਧੀ 85
- ਦਸਤਾਵੇਜ਼-1 ਉਰਦੂ ਦਾ ਇਸ਼ਤਿਹਾਰ 86
- ਦਸਤਾਵੇਜ਼-2 ਪੰਜਾਬ ਦੇ ਮੈਕਸਵੀਨੀ 88
- ਦਸਤਾਵੇਜ਼-3 ਹਿੰਦ ਦੀ ਸ਼ਾਨ ਉੱਚੀ ਕਰਨ ਵਾਲਾ ਮੇਰਾ ਸਾਥੀ ਕਰਨੈਲ ਸਿੰਘ ਈਸੜੂ/ਪੰਡਿਤ ਕਿਸ਼ੋਰੀ ਲਾਲ 90
- ਦਸਤਾਵੇਜ਼-4 ਇਤਿਹਾਸਕ ਭੁੱਖ ਹੜਤਾਲ੍ਹ/ਪੰਡਿਤ ਕਿਸ਼ੋਰੀ ਲਾਲ 94

# ਦੂਜੇ ਸੰਸਕਰਣ ਬਾਰੇ

ਪੰਡਿਤ ਕਿਸ਼ੋਰੀ ਲਾਲ ਯਾਦਗਾਰੀ ਸਭਿਆਚਾਰਕ ਮੇਲਾ ਕਮੇਟੀ, ਖਾਸ ਕਰਕੇ ਇਸਦੇ ਕਰਤਿਆਂ-ਧਰਤਿਆਂ ਵਿੱਚ ਸਰਗਰਮ ਦੀਪਕ ਠਾਕੁਰ ਦੀ ਬੜੀ ਰੀਝ ਸੀ ਕਿ ਉਨ੍ਹਾਂ ਦੁਆਰਾ ਮਈ 2011 ਵਿਚ ਪੰਡਿਤ ਕਿਸ਼ੋਰੀ ਲਾਲ ਦੀ ਜਨਮ ਭੂਮੀ ਪਿੰਡ ਧਰਮਪੁਰਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਨਾਏ ਜਾ ਰਹੇ ਦੂਜੇ ਸਭਿਆਚਾਰਕ ਮੇਲੇ ਦੇ ਮੌਕੇ ਉੱਤੇ ਪੰਡਿਤ ਕਿਸ਼ੋਰੀ ਲਾਲ ਜੀ ਦੀ ਜੀਵਨੀ ਨੂੰ ਪੁਸਤਕ ਰੂਪ ਵਿਚ ਲੋਕ ਅਰਪਣ ਕੀਤਾ ਜਾਵੇ। ਉਸ ਵੇਲੇ ਵਕਤ ਦੀ ਘਾਟ ਸੀ ਪਰੰਤੂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਹਿਯੋਗ ਤੇ ਪ੍ਰੇਰਣਾ ਨਾਲ ਪੰਡਿਤ ਜੀ ਦੀ ਜੀਵਨੀ ਇਕ ਛੋਟੀ ਪੁਸਤਕ ਦੇ ਰੂਪ ਵਿਚ ਛਾਪ ਦਿੱਤੀ ਗਈ। ਪਹਿਲੀ ਐਡੀਸ਼ਨ ਲਈ ਬਹੁਤੀ ਸਮੱਗਰੀ 3 ਅਗਸਤ 1990 ਦੇ ਰੋਜ਼ਾਨਾ ਲੋਕ-ਲਹਿਰ ਵਿੱਚੋਂ ਪ੍ਰਾਪਤ ਹੋਈ ਸੀ, ਜਿਸ ਦੀਆਂ ਫੋਟੋ ਕਾਪੀਆਂ ਬਾਬਾ ਕਰਮ ਸਿੰਘ ਚੀਮਾ ਭਵਨ, ਚੰਡੀਗੜ੍ਹ ਤੋਂ ਸਰਬਜੀਤ ਕੰਗਣੀਵਾਲ, ਕਾ. ਰਵੀ ਕੰਵਰ ਤੇ ਕਾ. ਰਣਜੀਤ ਸਿੰਘ ਦੇ ਉੱਦਮ ਨਾਲ ਪ੍ਰਾਪਤ ਹੋਈਆਂ ਸਨ।

ਧਰਮਪੁਰਾ ਵਿਖੇ ਪੰਡਿਤ ਕਿਸ਼ੋਰੀ ਲਾਲ ਦੀ ਜੀਵਨੀ ਨੂੰ ਲੋਕ-ਅਰਪਣ ਕਰਨ ਸਮੇਂ ਲੋਕਾਂ ਵਿਚ ਇਸ ਪੁਸਤਕ ਨੂੰ ਪ੍ਰਾਪਤ ਕਰਨ ਦਾ ਉਤਸ਼ਾਹ ਲਾਮਿਸਾਲ ਸੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੀ ਪੰਜ ਸੌ ਕਾਪੀਆਂ ਦੀ ਪਹਿਲੀ ਐਡੀਸ਼ਨ ਕੁਝ ਦਿਨਾਂ ਵਿਚ ਹੀ ਖ਼ਤਮ ਹੋ ਗਈ। ਪੰਡਿਤ ਜੀ ਦੀ ਸ਼ਖ਼ਸੀਅਤ ਪ੍ਰਤੀ ਵਿਸ਼ੇਸ਼ ਸ਼ਰਧਾ ਰੱਖਣ ਵਾਲੇ ਕਾ: ਗੁਰਮੀਤ ਸਿੰਘ ਢੱਡਾ, ਕਾ: ਸੁਰਿੰਦਰ ਸਿੰਘ ਖੀਵਾ ਅਤੇ ਕਾ: ਰਵੀ ਕੰਵਰ ਨੇ ਇਸ ਨੂੰ ਪਾਠਕਾਂ ਤੱਕ ਪੁਚਾਉਣ ਅਤੇ ਇਸਦੇ ਛਪਣ ਦੀ ਖ਼ਬਰ ਪਹੁੰਚਾਉਣ ਲਈ ਵਿਸ਼ੇਸ਼ ਹੰਭਲਾ ਮਾਰਿਆ। ਇਸ ਪੁਸਤਕ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਅਮਰੀਕਾ ਤੋਂ ਕਾ: ਗੁਰਦੀਪ ਸਿੰਘ ਅਣਖੀ ਤੇ ਅਡਮਿੰਟਨ (ਕੈਨੇਡਾ) ਤੋਂ ਪ੍ਰੋ. ਪ੍ਰੇਮ ਕਾਲੀਆ ਵੱਲੋਂ ਕੀਤੀ ਗਈ ਇਸ ਪੁਸਤਕ ਦੀ ਮੰਗ ਨੂੰ ਆਪਣੀਆਂ ਨਿੱਜੀ ਕਾਪੀਆਂ ਦੇ ਕੇ ਪੂਰਿਆਂ ਕੀਤਾ। ਇਸਦੇ ਨਾਲ ਹੀ ਹਿਮਾਚਲ ਤੋਂ ਪੰਡਿਤ ਜੀ ਦੇ ਪ੍ਰਸ਼ੰਸਕ ਉਨ੍ਹਾਂ ਦੀ ਜੀਵਨੀ ਨੂੰ ਹਿੰਦੀ ਵਿਚ ਛਪਵਾਉਣ ਦੀ ਮੰਗ ਕਰਨ ਲੱਗੇ ਤੇ ਫਿਰ ਉਹ ਆਪ ਹੀ ਇਸ ਕਾਰਜ ਲਈ ਸਰਗਰਮ ਹੋ ਗਏ। ਜਦੋਂ ਡਾ: ਹਰੀਸ਼ ਪੁਰੀ ਨੇ ਇਹ ਪੁਸਤਕ ਮੰਗੀ, ਤਾਂ ਸਾਡੇ ਕੋਲ ਇਕ ਵੀ ਕਾਪੀ ਨਹੀਂ ਸੀ। ਉਨ੍ਹਾਂ ਸਾਨੂੰ ਜ਼ੋਰ ਪਾਇਆ ਕਿ ਪੁਸਤਕ ਦੁਬਾਰਾ ਛਾਪੀ ਜਾਵੇ।

ਸੋ ਇਤਿਹਾਸ ਪ੍ਰੇਮੀਆਂ ਤੇ ਪੰਡਿਤ ਜੀ ਦੇ ਪ੍ਰਸ਼ੰਸਕਾਂ ਦੀ ਮੰਗ ਨੂੰ ਮੁੱਖ ਰੱਖ ਕੇ ਉਨ੍ਹਾਂ ਦੀ ਜੀਵਨੀ ਦੀ ਇਹ ਨਵੀਂ ਐਡੀਸ਼ਨ ਛਾਪੀ ਗਈ ਹੈ ਜਿਸ ਵਿਚ ਨਵੀਂ ਖੋਜ ਤੇ ਨਵੇਂ ਤੱਥਾਂ ਨੂੰ ਸ਼ਾਮਿਲ ਕਰਕੇ ਪੰਡਿਤ ਜੀ ਦੀ ਜੀਵਨੀ ਉੱਤੇ ਭਰਪੂਰ ਰੌਸ਼ਨੀ ਪਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਪੁਸਤਕ ਵਿੱਚ ਪੰਡਿਤ ਜੀ ਦੇ ਜੀਵਨ ਬਾਰੇ ਉਹ ਤੱਥ ਸ਼ਾਮਿਲ ਕੀਤੇ ਗਏ ਹਨ ਜਿਹੜੇ ਨਵੀਂ ਖੋਜ ਤੇ ਅਧਿਐਨ ਦੌਰਾਨ ਭਿੰਨ-ਭਿੰਨ ਸਰੋਤਾਂ ਤੋਂ ਪ੍ਰਾਪਤ ਹੋਏ।

ਇਸ ਜੀਵਨੀ ਵਿੱਚ ਸੁਤੰਤਰਤਾ ਸੰਗਰਾਮੀ ਸ੍ਰੀ ਰਾਮ ਨਾਥ ਸ਼ਰਮਾ ਦੀ ਪੁਸਤਕ ਵਿਚੋਂ ਪ੍ਰਾਪਤ ਹਵਾਲੇ ਦੇ ਅਧਾਰ 'ਤੇ ਪੰਡਿਤ ਜੀ ਦੇ ਜੀਵਨ ਦੇ ਉਸ ਸੰਗਰਾਮੀ ਪੱਖ ਨੂੰ ਵੀ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ 1931 ਤੋਂ ਦੂਜੇ ਸੰਸਾਰ ਯੁੱਧ ਤੱਕ 'ਦੇਸ਼ ਭਗਤ ਕੈਦੀ ਛੁਡਾਊ

ਕਮੇਟੀ' ਦੀ ਸਰਪ੍ਰਸਤੀ ਹੇਠ ਜੇਲ੍ਹਾਂ ਦੇ ਅੰਦਰ ਅਤੇ ਬਾਹਰ ਚਲਾਏ ਗਏ ਅੰਦੋਲਨ ਵਿਚ ਲੰਮੀਆਂ ਭੁੱਖ ਹੜਤਾਲਾਂ ਕਰਕੇ ਸਰਗਰਮ ਹਿੱਸਾ ਪਾਇਆ ਸੀ ਤੇ ਅੰਤ ਸਰਕਾਰ ਨੂੰ ਦੇਸ਼-ਭਗਤ ਕੈਦੀ ਰਿਹਾ ਕਰਨ ਲਈ ਮਜਬੂਰ ਕਰ ਦਿੱਤਾ ਸੀ।

ਇਸ ਤੋਂ ਇਲਾਵਾ ਇਸ ਪੁਸਤਕ ਵਿਚ ਕਾ: ਹਰਕੰਵਲ ਸਿੰਘ ਤੇ ਪ੍ਰੋ: ਸੁਰਿੰਦਰ ਮੰਡ ਦੁਆਰਾ ਪੰਡਿਤ ਜੀ ਦੀ ਜੀਵਨੀ, ਕੁਰਬਾਨੀ ਤੇ ਲਾਮਿਸਾਲ ਦੇਸ਼ ਭਗਤ ਸ਼ਖ਼ਸੀਅਤ ਸੰਬੰਧੀ ਲਿਖੇ ਸੱਜਰੇ ਲੇਖਾਂ ਅਤੇ ਅਗਸਤ 1990 'ਦੇ 'ਲੋਕ ਲਹਿਰ' ਅੰਕਾਂ ਵਿੱਚੋਂ ਚੌਧਰੀ ਗੁਰਬਚਨ, ਮਰਹੂਮ ਕਾ: ਸਾਧੂ ਸਿੰਘ, ਕਾ: ਰਛਪਾਲ ਸਿੰਘ, ਕਾ: ਦਲੀਪ ਸਿੰਘ ਜੌਹਲ ਦੇ ਪੰਡਿਤ ਜੀ ਸੰਬੰਧੀ ਲਿਖੇ ਲੇਖਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹ ਸਭ ਸ਼ਖ਼ਸੀਅਤਾਂ ਜੀਵਨ ਭਰ ਪੰਡਿਤ ਜੀ ਦੀ ਅਗਵਾਈ ਵਿਚ ਚੱਲੀਆਂ ਲੋਕ ਲਹਿਰਾਂ ਵਿੱਚ ਖ਼ੁਦ ਸਰਗਰਮ ਹਿੱਸਾ ਲੈਂਦੀਆਂ ਰਹੀਆਂ ਤੇ ਉਨ੍ਹਾਂ ਦਾ ਵਿਸ਼ਵਾਸ ਪਾਤਰ ਬਣੀਆਂ ਰਹੀਆਂ।

ਇਸ ਪੁਸਤਕ ਦੀ ਸਮੱਗਰੀ ਨੂੰ ਸਭ ਤੋਂ ਵੱਧ ਦਿਲ-ਖਿੱਚਵੀ ਤੇ ਪ੍ਰਭਾਵਸ਼ਾਲੀ ਬਣਾਉਣ ਵਾਲੇ ਹਨ ਪੰਡਿਤ ਜੀ ਦੇ ਆਪਣੇ ਲੇਖ ਜਿਨ੍ਹਾਂ ਦੇ ਸਿਰਲੇਖ ਹਨ- 'ਇਕ ਇਤਿਹਾਸਕ ਭੁੱਖ ਹੜਤਾਲ', (ਦੇਸ਼ ਭਗਤ ਯਾਦਾਂ, 1963), 'ਮੇਰਾ ਸਾਥੀ ਕਰਨੈਨ ਸਿੰਘ ਈਸੜੂ', (ਨਵਾਂ ਜ਼ਮਾਨਾ, 16 ਅਗਸਤ 1958) ਤੇ ਇਸ ਤੋਂ ਵੀ ਵੱਧ ਮਹੱਤਵਪੂਰਨ ਹੈ, ਕਿਰਤੀ 1929 ਵਿਚ 'ਪੰਜਾਬ ਦੇ ਮੈਕਸਵੀਨੀ' ਸਿਰਲੇਖ ਹੇਠ ਛਪਿਆ ਲੇਖ, ਜਿਸ ਵਿਚ ਪੰਡਿਤ ਜੀ ਅਤੇ ਉਸਦੇ ਸਾਥੀਆਂ ਦੀ ਆਇਰਲੈਂਡ ਦੇ ਦੇਸ਼ਭਗਤ ਮੈਕਸਵੀਨੀ ਨਾਲ ਤੁਲਨਾ ਕੀਤੀ ਗਈ ਹੈ।

ਇਸ ਤਰ੍ਹਾਂ ਪੰਡਿਤ ਕਿਸ਼ੋਰੀ ਲਾਲ ਜੀ ਦੀ ਜੀਵਨੀ ਦਾ ਇਹ ਦੂਜਾ ਸੰਸਕਰਨ ਪੇਸ਼ ਹੈ। ਮੈਂ ਆਸ ਕਰਦਾ ਹਾਂ ਕਿ ਪਾਠਕ ਜਨ ਇਸ ਨੂੰ ਫੇਰ ਭਰਵਾਂ ਹੁੰਗਾਰਾ ਦੇਣਗੇ ਅਤੇ ਪੰਡਿਤ ਜੀ ਦੀ ਜ਼ਿੰਦਗੀ ਦੇ ਰਹਿ ਗਏ ਪੱਖਾਂ ਨੂੰ ਉਜਾਗਰ ਕਰਨ ਲਈ ਉਹ ਆਪਣੀਆਂ ਰਾਵਾਂ ਅਤੇ ਰਚਨਾਵਾਂ ਅਗਲੇ ਸੰਸਕਰਨ ਵਿੱਚ ਸ਼ਾਮਲ ਕਰਨ ਲਈ ਭੇਜਣਗੇ, ਤਾਂ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਕੁਝ ਰਿਣ ਚੁਕਾਇਆ ਜਾ ਸਕੇ। ਇਸ ਨਵੇਂ ਸੋਧੇ ਰੂਪ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਸਾਡੇ 'ਪੰਜ ਆਬ' ਦੇ ਸੰਚਾਲਕ ਸ੍ਰੀ ਕੇਸਰ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ।

**ਚਰੰਜੀ ਲਾਲ ਕੰਗਣੀਵਾਲ**

# ਦੋ ਸ਼ਬਦ

"ਓ ਯਾਰ! ਤੁਸੀਂ ਮੈਨੂੰ ਹਮੇਸ਼ਾਂ ਇਹ ਕਹਿ ਕੇ ਹੀ ਸੰਬੋਧਨ ਕਰਦੇ ਹੋ ਕਿ ਮੈਂ ਭਗਤ ਸਿੰਘ ਦਾ ਸਾਥੀ ਸਾਂ। ਮੈਂ ਕਹਿੰਦਾ ਹਾਂ ਇਹ ਗੱਲ ਵੀ ਜੰਮ ਜੰਮ ਕਰੋ ਤੇ ਲੋਕਾਂ ਨੂੰ ਦਸੋ ਕਿਉਂਕਿ ਮੈਂ ਭਗਤ ਸਿੰਘ ਹੁਰਾਂ ਦੇ ਸੰਗ ਸਾਥ ਵਿੱਚ ਹੀ ਦੇਸ਼ ਲਈ ਜੀਣ ਮਰਨ ਦੀ ਕਸਮ ਖਾਧੀ ਸੀ। ਅਜ਼ਾਦੀ ਦੇ ਬਿਖੜੇ ਰਾਹਾਂ 'ਤੇ ਛੋਟੀ ਉਮਰ ਵਿੱਚ ਹੀ ਉਨ੍ਹਾਂ ਨਾਲ ਕਦਮ ਮਿਲਾ ਕੇ ਚਲਿਆ ਸਾਂ। ਇਹ ਵੱਖਰੀ ਗੱਲ ਹੈ ਕਿ ਉਹ ਸ਼ਹੀਦ ਹੋ ਗਏ ਤੇ ਮੈਂ ਲੰਮੀ ਲੜਾਈ ਲੜਨ ਵਾਸਤੇ ਬਚ ਗਿਆ ਪਰ ਤੁਸੀਂ ਮੇਰੀ ਜ਼ਿੰਦਗੀ ਭਰ ਦੀ ਲੰਮੀ ਲੜਾਈ ਨੂੰ ਸਦਾ ਅੱਖੋਂ ਉਹਲੇ ਕਰਕੇ ਅਤੇ ਉਹਦੀ ਬਾਤ ਪਾਉਣ ਦੀ ਥਾਂ ਹਮੇਸ਼ਾ ਮੈਨੂੰ ਭਗਤ ਸਿੰਘ ਦਾ ਸਾਥੀ ਆਖ ਕੇ ਗੱਲ ਮੁਕਾ ਦਿੱਤੀ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਗੱਲ ਵੀ ਕਰੋ ਪਰ ਮੈਨੂੰ ਹਰ ਵੇਲੇ ਭਗਤ ਸਿੰਘ ਦੇ ਪ੍ਰਛਾਵੇਂ ਵਿੱਚ ਹੀ ਨਾ ਦੱਬੀ ਰੱਖੋ। ਮੈਂ ਜੋ ਕੁਝ ਵੀ ਕੀਤਾ ਤੇ ਜੀਵਿਆ ਹੈ, ਉਸ ਬਾਰੇ ਵੀ ਕਦੇ ਕਦੇ ਗੱਲ ਕਰ ਲਿਆ ਕਰੋ।"

ਇਹ ਗੱਲ ਪੰਡਿਤ ਕਿਸ਼ੋਰੀ ਲਾਲ ਹੁਰੀਂ ਕਦੀ ਕਦੀ ਹੱਸਦੇ ਹੋਏ ਬੜੇ ਮਸਕੀਨ ਲਹਿਜ਼ੇ ਵਿੱਚ ਕਰਿਆ ਕਰਦੇ ਸਨ। ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਵਿੱਚ ਜ਼ਿੰਦਗੀ ਭਰ ਦੀ ਉਨ੍ਹਾਂ ਦੀ ਕੁਰਬਾਨੀ ਨੂੰ ਲਗਭਗ ਅਣਗੌਲਿਆਂ ਕੀਤੀ ਰੱਖਣ ਦੀ ਡੂੰਘੀ ਪੀੜ ਵੀ ਦਬੀ ਹੋਈ ਸੀ। ਉਨ੍ਹਾਂ ਨੇ ਭਗਤ ਸਿੰਘ ਹੁਰਾਂ ਦੁਆਰਾ ਦੌੜੀ ਗਈ ਰਿਲੇਅ ਰੇਸ ਦਾ ਡੰਡਾ ਆਪਣੇ ਹੱਥਾਂ ਵਿੱਚ ਸਾਰੀ ਉਮਰ ਫੜੀ ਰਖਿਆ ਅਤੇ ਜ਼ਿੰਦਗੀ ਦੇ ਅੰਤਲੇ ਸਾਹਾਂ ਤੱਕ ਬਿਨਾਂ ਡੋਲਿਆਂ, ਬਿਨਾਂ ਘਬਰਾਇਆਂ ਅੰਤਿਮ ਪਲਾਂ ਤੱਕ ਇਹ ਦੌੜ ਦੌੜਦੇ ਹੋਏ ਕੁਰਬਾਨ ਹੋ ਗਏ। ਅੱਜ ਅਸੀਂ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਇਸ ਲੰਮੀ ਸੰਘਰਸ਼ਮਈ ਇਨਕਲਾਬੀ ਦੌੜ ਦੀ ਬਾਤ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦਾ ਨਿਸਚਾ ਕੀਤਾ ਹੈ।

ਇਸ ਨਿਸ਼ਚੇ ਤਹਿਤ ਹੀ ਪੰਡਿਤ ਜੀ ਦੀ ਸੰਘਰਸ਼ਮਈ ਜ਼ਿੰਦਗੀ ਨਾਲ ਸਬੰਧਤ ਲੇਖ ਉਨ੍ਹਾਂ ਦੇ ਯੁੱਧ-ਸਾਥੀਆਂ ਅਤੇ ਸਮਕਾਲੀ ਲੇਖਕਾਂ ਵਲੋਂ ਲਿਖੇ ਹੋਏ ਇਸ ਕਿਤਾਬਚੇ ਵਿਚ ਹਨ। ਭਾਵੇਂ ਇਹ ਅੱਡ ਅੱਡ ਲੇਖ ਪੰਡਤ ਜੀ ਦੀ ਜ਼ਿੰਦਗੀ ਦੇ ਇਤਿਹਾਸ ਨਾਲ ਪੂਰਾ ਇਨਸਾਫ਼ ਨਹੀਂ ਕਰਨਗੇ, ਫਿਰ ਵੀ ਅੱਗੋਂ ਖੋਜ-ਕਾਰਜ ਕਰਨ ਵਾਲਿਆਂ ਲਈ ਅਧਾਰ ਜ਼ਰੂਰ ਹੋਵੇਗਾ। ਇਸ ਕਿਤਾਬਚੇ ਨੂੰ ਤਿਆਰ ਕਰਨ ਲਈ ਕਾ. ਚਰੰਜੀ ਲਾਲ ਕੰਗਣੀਵਾਲ ਨੂੰ ਜ਼ੁੰਮੇਵਾਰੀ ਸੌਂਪੀ ਗਈ ਸੀ, ਜੋ ਪੰਡਤ ਕਿਸ਼ੋਰੀ ਲਾਲ ਜੀ ਦੀ ਅਗਵਾਈ ਵਿਚ ਜ਼ਿਲ੍ਹਾ ਜਲੰਧਰ ਦੀ ਨੌਜਵਾਨ ਸਭਾ ਅਤੇ ਮਜ਼ਦੂਰ ਯੂਨੀਅਨ (ਸੀਟੂ) ਵਿਚ ਕੰਮ ਕਰ ਚੁੱਕੇ ਹਨ ਅਤੇ ਪੰਡਤ ਜੀ ਦੇ ਪ੍ਰਸੰਸਕ ਹਨ। ਉਸ ਨੇ ਸਮੱਗਰੀ ਇਕੱਠੀ ਕਰਕੇ ਬਹੁਤ ਥੋੜ੍ਹੇ ਸਮੇਂ ਵਿਚ ਇਹ ਕਿਤਾਬਚੇ ਦੇ ਰੂਪ ਵਿਚ ਸਾਡੇ ਹੱਥਾਂ 'ਚ ਪੁੱਜਦੀ ਕੀਤੀ ਹੈ। ਮੈਂ ਸਿਰਫ਼ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਬਤੌਰ ਖਜ਼ਾਨਚੀ ਤੋਂ ਲੈ ਕੇ ਪ੍ਰਧਾਨ ਹੁੰਦਿਆਂ ਹੋਇਆਂ ਪੰਡਤ ਕਿਸ਼ੋਰੀ ਲਾਲ ਜੀ ਦੀਆਂ ਭੂਮਿਕਾਵਾਂ ਬਾਰੇ ਆਪਣੀਆਂ

ਯਾਦਾਂ ਨੂੰ ਸਾਂਝੀਆਂ ਕਰਨਾ ਚਾਹੁੰਦਾ ਹਾਂ।

ਵਿਲੱਖਣ ਸ਼ਖ਼ਸੀਅਤ ਪੰਡਿਤ ਕਿਸ਼ੋਰੀ ਲਾਲ ਜੀ ਇਕੋ-ਇਕ ਅਜਿਹੇ ਇਨਕਲਾਬੀ ਦੇਸ਼ ਭਗਤ ਸਨ, ਜਿਨ੍ਹਾਂ ਨੇ ਪਹਿਲਾਂ ਅੰਗਰੇਜ਼ੀ ਸਾਮਰਾਜ ਵਿਰੁੱਧ ਅਤੇ ਫੇਰ ਪੁਰਤਗਾਲੀ ਸਾਮਰਾਜੀਆਂ ਤੋਂ ਗੋਆ ਨੂੰ ਆਜ਼ਾਦ ਕਰਾਉਂਦਿਆਂ ਮੌਤ ਨਾਲ ਅੱਖਾਂ 'ਚ ਅੱਖਾਂ ਪਾ ਕੇ ਜੂਝਦਿਆਂ ਹੋਇਆਂ ਮੌਤ ਨੂੰ ਸ਼ਿਕਸਤ ਦਿੱਤੀ।

ਬਾਬਾ ਗੁਰਮੁਖ ਸਿੰਘ ਲਲਤੋਂ ਦੇ ਜਨਰਲ ਸਕੱਤਰ ਹੁੰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਮੀਟਿੰਗਾਂ ਸਮੇਂ ਉਨ੍ਹਾਂ ਦੇ ਵਿਚਾਰਾਂ 'ਤੇ ਟਿੱਪਣੀ ਕਰਨ ਦਾ ਕੋਈ ਵੀ ਹੌਂਸਲਾ ਨਹੀਂ ਸੀ ਕਰ ਸਕਦਾ, ਕਿਉਂਕਿ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਨਿਰਸੁਆਰਥ ਸੇਵਾ ਅੱਗੇ ਸਭ ਦਾ ਸਿਰ ਝੁੱਕਦਾ ਸੀ। ਪੰਡਤ ਕਿਸ਼ੋਰੀ ਲਾਲ ਆਪ ਵੀ ਕੁਰਬਾਨੀ ਦੇ ਪੁੰਜ ਸਨ ਤੇ ਮਜ਼ਦੂਰ ਜਮਾਤ ਦੀ ਸੇਵਾ ਵਿਚ ਜੁਟੇ ਹੋਏ ਸਨ। ਕਮੇਟੀ ਦੀ ਮੀਟਿੰਗ ਸਮੇਂ ਇਕ ਪੰ. ਕਿਸ਼ੋਰੀ ਲਾਲ ਹੀ ਹੁੰਦੇ ਸਨ, ਜਿਹੜੇ ਬਾਬਾ ਗੁਰਮੁਖ ਸਿੰਘ ਦੇ ਨੁਕਤਿਆਂ ਪ੍ਰਤੀ ਨਿੱਝਕ ਹੋ ਕੇ ਮੋੜਵੀਆਂ ਦਲੀਲਾਂ ਨਾਲ ਉਨ੍ਹਾਂ ਸਮੇਤ ਸਭ ਨੂੰ ਕਾਇਲ ਕਰ ਜਾਂਦੇ ਸਨ। ਖੱਬੀ ਲਹਿਰ ਵਿਚ ਸਰਦੇ-ਪੁੱਜਦੇ ਘਰਾਂ ਦੇ ਕਾਰਕੁੰਨ ਭਾਰੂ ਸਨ, ਜੋ ਬੇ-ਜ਼ਮੀਨੇ ਤੇ ਦਲਿਤ ਕੁਲਵਕਤੀ ਸਾਥੀਆਂ ਦੀਆਂ ਮੁਸ਼ਕਲਾਂ ਨੂੰ ਨਹੀਂ ਸਮਝਦੇ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਫਰੀਡਮ-ਫਾਈਟਰਾਂ ਦੀਆਂ ਪੈਨਸ਼ਨਾਂ ਦੇ ਸਬੰਧ 'ਚ ਸਰਕਾਰ ਵੱਲੋਂ ਚਿੱਠੀ ਪ੍ਰਾਪਤ ਹੋਈ। ਚਿੱਠੀ ਨੂੰ 25-1-1970 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ ਤਾਂ ਬਾਬਾ ਗੁਰਮੁਖ ਸਿੰਘ ਦਾ ਵਿਚਾਰ ਸੀ ਕਿ, "ਸਾਨੂੰ ਪੈਨਸ਼ਨਾਂ ਆਦਿ ਬਿਲਕੁਲ ਨਹੀਂ ਲੈਣੀਆਂ ਚਾਹੀਦੀਆਂ ਕਿਉਂਕਿ ਅਸੀਂ ਪੈਨਸ਼ਨਾਂ ਲੈਣ ਦੀ ਖਾਤਰ ਜੇਲ੍ਹਾਂ ਨਹੀਂ ਕੱਟੀਆਂ।" ਪੰਡਤ ਜੀ ਨੇ ਇਸ ਦੇ ਉਲਟ ਆਪਣੀ ਰਾਇ ਪੇਸ਼ ਕਰਦਿਆਂ ਕਿਹਾ, "ਬਹੁਤ ਸਾਰੇ ਪੁਰਾਣੇ ਬਜ਼ੁਰਗ ਜਿਨ੍ਹਾਂ ਨੇ ਜੇਲ੍ਹਾਂ ਕੱਟੀਆਂ ਅਜਿਹੇ ਹਨ, ਜੋ ਬਹੁਤ ਹੀ ਜ਼ਰੂਰਤਮੰਦ ਹਨ ਅਤੇ ਉਨ੍ਹਾਂ ਦੀ ਉਦਰ-ਪੂਰਤੀ ਦਾ ਹੋਰ ਕੋਈ ਵਸੀਲਾ ਨਹੀਂ ਹੈ। ਇਸ ਲਈ ਸਾਨੂੰ ਉਹਨਾਂ ਬਾਰੇ ਤਸਦੀਕ ਕਰ ਦੇਣੀ ਚਾਹੀਦੀ ਹੈ।" ਪੰ. ਕਿਸ਼ੋਰੀ ਲਾਲ ਦੀ ਇਸ ਦਲੀਲ ਨੂੰ ਲਗਭਗ ਸਾਰਿਆਂ ਮੈਂਬਰਾਂ ਨੇ ਸਹਿਮਤੀ ਦੇ ਦਿੱਤੀ ਸੀ।

ਇਕ ਵਾਰ ਪੰਡਿਤ ਕਿਸ਼ੋਰੀ ਲਾਲ ਜੀ ਬੀਮਾਰ ਸਨ ਤੇ ਸਿਵਲ ਹਸਪਤਾਲ ਜਲੰਧਰ ਵਿਚ ਪਏ ਸਨ। ਮੈਂ ਤੇ ਕਾਮਰੇਡ ਕਰਮ ਸਿੰਘ ਮਾਨ ਉਨ੍ਹਾਂ ਦੀ ਖ਼ਬਰ ਲੈਣ ਗਏ। ਮਾਨ ਜੀ ਨੇ ਕਿਹਾ, "ਪੰਡਿਤ ਜੀ ਤੁਸੀਂ ਬੀਮਾਰ ਹੋਣ ਦਾ ਦੱਸਿਆ ਹੀ ਨਾ, ਮੈਨੂੰ ਤਾਂ ਲਾਲੇ ਦੀ ਅਖ਼ਬਾਰ ਪੜ੍ਹ ਕੇ ਪਤਾ ਲੱਗਿਆ।" ਅੱਛਾ! ਲਾਲੇ ਨੂੰ ਅਖ਼ਬਾਰ ਭਰਨ ਲਈ ਹੋਰ ਕੁਝ ਲੱਭਾ ਨਹੀਂ ਜਿਸ ਕਰਕੇ ਮੇਰੇ ਬੀਮਾਰ ਹੋਣ ਦੀ ਖ਼ਬਰ ਲਾ ਕੇ ਬੁੱਤਾ ਲਾ ਲਿਆ ਹੋਣਾ।" ਪੰਡਿਤ ਜੀ ਨੇ ਉਤਰ ਵਿਚ ਕਿਹਾ।

ਉਹ ਹਮੇਸ਼ਾ ਖ਼ੁਸ਼ ਮਿਜਾਜ਼ ਰਹਿੰਦੇ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਸਨ।

ਪੰ. ਕਿਸ਼ੋਰੀ ਲਾਲ ਨੇ ਖ਼ੁਦ ਪੈਨਸ਼ਨ ਨਹੀਂ ਲਈ ਪਰ ਜਦੋਂ ਉਹਨਾਂ ਤੋਂ ਸੀ.ਪੀ.ਐਮ.

ਦੇ ਕੁਲਵਕਤੀ ਵਜੋਂ ਕੰਮ ਨਹੀਂ ਸੀ ਹੁੰਦਾ, ਤਾਂ ਆਪਣੇ ਗੁਜ਼ਾਰੇ ਭੱਤੇ ਲਈ ਵੌਚਰ 'ਤੇ ਦਸਤਖਤ ਕਰਦਿਆਂ ਉਹ ਅੰਦਰੋਂ ਅੰਦਰੀਂ ਹੀਣ ਭਾਵਨਾ ਮਹਿਸੂਸ ਕਰਦੇ। ਇਸ ਦਾ ਜ਼ਿਕਰ ਉਨ੍ਹਾਂ ਨੇ ਬਾਬਾ ਭਗਤ ਸਿੰਘ ਬਿਲਗਾ ਨਾਲ ਕੀਤਾ ਸੀ। ਇਕ ਵਾਰ ਮੈਨੂੰ ਵੀ ਉਨ੍ਹਾਂ ਆਖਿਆ, 'ਮੈਂ ਹੁਣ ਪਾਰਟੀ ਦਾ ਕੰਮ ਤਾਂ ਨਹੀਂ ਕਰਦਾ, ਵੌਚਰ 'ਤੇ ਦਸਤਖਤ ਕਰਨ ਲੱਗਿਆਂ ਮੇਰੀ ਜ਼ਮੀਰ ਮੈਨੂੰ ਇਜਾਜ਼ਤ ਨਹੀਂ ਦਿੰਦੀ।' ਮੈਂ ਤੇ ਬਾਬਾ ਭਗਤ ਸਿੰਘ ਬਿਲਗਾ ਨੇ ਪੰ: ਕਿਸ਼ੋਰੀ ਲਾਲ ਦੇ ਉਦਰੇਵੇਂ ਦਾ ਜ਼ਿਕਰ ਉਨ੍ਹਾਂ ਦੇ ਪ੍ਰਸ਼ੰਸਕ ਕਾ. ਕਰਮ ਸਿੰਘ ਮਾਨ ਹੋਰਾਂ ਨਾਲ ਕੀਤਾ, ਤਾਂ ਉਹਨਾਂ ਨੇ ਦਸ ਹਜ਼ਾਰ ਰੁਪਇਆ ਬਾਬਾ ਬਿਲਗਾ ਰਾਹੀਂ ਕਾ: ਰਘਬੀਰ ਸਿੰਘ ਛੀਨਾ ਦੇ ਸਪੁੱਰਦ ਕਰਦਿਆਂ ਆਖਿਆ, "ਪੰਡਤ ਜੀ ਹੁਣ ਕਦੇ ਵੀ ਪਾਰਟੀ ਦੇ ਵੌਚਰ ਤੇ ਸਾਈਨ ਨਹੀਂ ਕਰਨਗੇ.... ਜਦੋਂ ਹੀ ਦਸ ਹਜ਼ਾਰ ਖਤਮ ਹੋ ਜਾਏ ਤਾਂ ਮੈਨੂੰ ਦੱਸ ਦੇਣਾ...।"

ਦੇਸ਼ ਦੀ ਆਜ਼ਾਦੀ ਦੀ 40ਵੀਂ ਵਰ੍ਹੇਗੰਢ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ ਥਾਪੀ ਗਈ ਕਮੇਟੀ ਦੀ ਮੀਟਿੰਗ ਪੰਜਾਬ ਦੇ ਚੀਫ਼ ਸੈਕਟਰੀ ਪੀ.ਐਚ. ਵੈਸ਼ਨਵ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਹੋਰਨਾਂ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਤੋਂ ਛੁੱਟ ਸੀ.ਪੀ.ਆਈ. ਦੇ ਕਾਮਰੇਡ ਜਗਜੀਤ ਸਿੰਘ ਆਨੰਦ, ਮਾਰਕਸੀ ਪਾਰਟੀ ਵੱਲੋਂ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਸ਼ਾਮਲ ਸਨ। ਮੀਟਿੰਗ ਦੇ ਏਜੰਡੇ ਮੁਤਾਬਿਕ ਫਰੀਡਮ ਫਾਈਟਰਜ਼ ਨੂੰ ਸਨਮਾਨਣ ਦੀ ਗੱਲ ਤੁਰੀ ਤਾਂ ਕਾਮਰੇਡ ਰੰਧਾਵਾ ਨੇ ਇਸ ਤੱਥ ਵੱਲ ਧਿਆਨ ਦੁਆਇਆ ਕਿ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਬਾਬਾ ਭਗਤ ਸਿੰਘ ਬਿਲਗਾ ਨੂੰ ਸਰਕਾਰ ਨੇ ਅਜੇ ਤੱਕ ਫਰੀਡਮ ਫਾਈਟਰ ਪ੍ਰਵਾਨ ਹੀ ਨਹੀਂ ਕੀਤਾ ਤਾਂ ਕਾਮਰੇਡ ਅਨੰਦ ਨੇ ਜ਼ੋਰ ਨਾਲ ਇਸ ਗੱਲ ਦੀ ਪ੍ਰੋੜਤਾ ਕਰਦਿਆਂ ਆਖਿਆ ਸੀ ਕਿ ਸਰਕਾਰ ਇਨ੍ਹਾਂ ਦੋਹਾਂ ਦੀ ਮੰਗ ਤੋਂ ਬਗੈਰ ਹੀ ਇਨ੍ਹਾਂ ਨੂੰ ਸਨਮਾਨਤ ਕਰੇ। ਪੰਡਿਤ ਜੀ ਉਸ ਸਮੇਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਸਨ। ਸ੍ਰੀ ਵੈਸ਼ਨਵ ਦੇ ਚਾਹੁੰਦਿਆਂ ਹੋਇਆਂ ਵੀ ਅਜਿਹਾ ਕਰਨ ਵਿਚ ਸਫ਼ਲ ਉਹ ਨਾ ਹੋ ਸਕੇ।

ਕੁਝ ਦੇਰ ਬਾਅਦ ਬਾਬਾ ਬਿਲਗਾ ਨੇ ਕਾ. ਜਗਜੀਤ ਸਿੰਘ ਆਨੰਦ ਨਾਲ ਇਸ ਗੱਲ ਦਾ ਜ਼ਿਕਰ ਕੀਤਾ। ਕਾ. ਆਨੰਦ ਨੇ ਇਕ ਲੇਖ ਨਵਾ ਜ਼ਮਾਨਾ ਵਿੱਚ ਲਿਖਿਆ, ਜਿਸ ਵਿੱਚ ਉਚੇਚਾ ਜ਼ਿਕਰ ਕੀਤਾ ਗਿਆ ਸੀ ਕਿ "ਪੰਡਤ ਕਿਸ਼ੋਰੀ ਲਾਲ ਵਰਗੇ ਦੇਸ਼ ਭਗਤਾਂ ਤੋਂ ਪੈਨਸ਼ਨਾਂ ਲਈ ਅਰਜ਼ੀਆਂ ਨਹੀਂ ਮੰਗਣੀਆਂ ਚਾਹੀਦੀਆਂ, ਸਗੋਂ ਸਰਕਾਰ ਨੂੰ ਆਪ ਚਾਹੀਦਾ ਹੈ ਕਿ ਕਿਸੇ ਵੀ ਖੱਜਲ-ਖੁਆਰੀ ਤੋਂ ਬਿਨਾਂ ਪੈਨਸ਼ਨ ਉਨ੍ਹਾਂ ਤੱਕ ਪੁੱਜਦੀ ਕਰਨ ਦਾ ਆਪ ਪ੍ਰਬੰਧ ਕਰੇ।" ਕਾ. ਰਘਬੀਰ ਸਿੰਘ ਛੀਨਾ ਦੇ ਦੱਸਣ ਮੁਤਾਬਕ ਇਸ ਤੋਂ ਪਿੱਛੋਂ ਪੰ. ਕਿਸ਼ੋਰੀ ਲਾਲ ਜੀ ਦੇ ਨਾਂ 'ਤੇ ਪੈਨਸ਼ਨ ਦੇ ਪੈਸੇ ਇੰਡੀਅਨ ਓਵਰਸੀਜ਼ ਬੈਂਕ ਜਲੰਧਰ ਦੇ ਖਾਤੇ ਵਿੱਚ ਆ ਗਏ ਸਨ। ਉਸ ਸਮੇਂ ਪੰ: ਕਿਸ਼ੋਰੀ ਲਾਲ ਜੀ ਦੇ ਮਨੋਨੀਤ ਨੁਮਾਇੰਦੇ ਕਾ. ਮੰਗਤ ਰਾਮ ਪਾਸਲਾ ਸਨ। ਪੰਡਤ ਜੀ ਉਸ ਸਮੇਂ

ਹਸਪਤਾਲ ਵਿੱਚ ਮੌਤ ਨਾਲ ਜੂਝ ਰਹੇ ਸਨ। ਇਹ ਪੈਨਸ਼ਨ ਜਿਉਂ ਦੀ ਤਿਉਂ ਰਹਿ ਗਈ ਸੀ। ਇਹ ਸ਼ਾਇਦ ਉਸ ਮੀਟਿੰਗ ਦਾ ਸਿੱਟਾ ਸੀ ਜਿਹੜੀ ਚੀਫ਼ ਸੈਕਟਰੀ ਸ੍ਰੀ ਵੈਸ਼ਨਵ ਦੀ ਪ੍ਰਧਾਨਗੀ ਹੇਠ ਹੋਈ ਸੀ।

ਪੰਡਿਤ ਕਿਸ਼ੋਰੀ ਲਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਹੁੰਦਿਆਂ ਇਕ ਵਾਰ ਦਿੱਲੀਓਂ ਆਏ। ਮੈਂ ਤੇ ਬਾਬਾ ਭਗਤ ਸਿੰਘ ਬਿਲਗਾ ਬਾਹਰ ਬੈਠੇ ਸਾਂ ਤਾਂ ਉਨ੍ਹਾਂ ਦਿੱਲੀ ਦੇ ਸਫ਼ਰ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਪੰਜਾਬ ਨੂੰ ਆਉਣ ਲੱਗਿਆਂ ਦਿੱਲੀ ਦੇ ਰੇਲਵੇ ਸਟੇਸ਼ਨ ਉੱਤੇ ਉਨ੍ਹਾਂ ਨੂੰ ਜੇਲ੍ਹ ਸਮੇਂ ਦਾ ਵਾਕਫਕਾਰ ਮਿਲ ਗਿਆ, ਜਿਸ ਨੇ ਜਲੰਧਰ ਆਉਣਾ ਸੀ। ਰਸਮੀ ਗੱਲਬਾਤ ਕਰਦਿਆਂ ਜਦੋਂ ਗੱਡੀ ਚੱਲਣ ਦਾ ਸਮਾਂ ਹੋਇਆ ਤਾਂ ਪੰਡਿਤ ਜੀ ਗੱਡੀ ਚੜ੍ਹਨ ਦੀ ਕਾਹਲ 'ਚ ਥਰਡ ਕਲਾਸ ਡੱਬੇ ਵੱਲ ਤੁਰਨ ਲੱਗੇ ਤਾਂ ਉਸ ਵਿਅਕਤੀ ਨੇ ਕਿਹਾ, "ਆਪਾਂ ਫਸਟ ਕਲਾਸ ਦੇ ਡੱਬੇ ਵਿੱਚ ਇਕੱਠੇ ਚੱਲਦੇ ਆਂ।"

"ਮੈਂ ਫਸਟ ਕਲਾਸ ਵਾਲਾ ਨਹੀਂ ਹਾਂ, ਮੈਂ ਥਰਡ ਕਲਾਸ 'ਚ ਹੀ ਜਾਣਾ" ਪੰਡਿਤ ਜੀ ਨੇ ਉੱਤਰ ਦਿੱਤਾ।

ਉਹ ਹੈਰਾਨ ਹੋਇਆ ਕਹਿਣ ਲੱਗਾ ਕਿ, "ਤੁਸੀਂ ਏਨੀਆਂ ਜੇਲ੍ਹਾਂ ਕੱਟੀਆਂ ਤੇ ਜਾਣਾ ਥਰਡ ਕਲਾਸ ਰਾਹੀਂ ?"

ਪੰਡਿਤ ਜੀ ਬੋਲੇ, "ਜੀ ਭਾਈ ਸਾਹਿਬ ਕਿਉਂਕਿ ਸਾਡੇ ਹਾਕਮਾਂ ਨੇ ਅਜੇ ਤਾਈਂ ਸਾਨੂੰ ਫਰੀਡਮ ਫਾਈਟਰ ਹੀ ਨਹੀਂ ਮੰਨਿਆ ਤਾਂ ਫਿਰ ਫਸਟ ਕਲਾਸ ਵਿਚ ਕਿਵੇਂ ਜਾ ਸਕਦੇ ਹਾਂ ?"

ਪੰਡਿਤ ਕਿਸ਼ੋਰੀ ਲਾਲ ਥਰਡ ਕਲਾਸ ਡੱਬੇ ਰਾਹੀਂ ਜਲੰਧਰ ਆ ਗਏ। ਮੈਂ ਪੁੱਛਿਆ ਕਿ ਪੰਡਿਤ ਜੀ ਇਸ ਤੋਂ ਤੁਹਾਨੂੰ ਤਕਲੀਫ਼ ਹੋਈ ਹੋਵੇਗੀ ਕਿ ਉਹ ਫਸਟ ਕਲਾਸ ਆਇਆ ਹੋਵੇ ਤਾਂ ਤੁਸੀਂ ਥਰਡ ਕਲਾਸ ਵਿੱਚ ਧੱਕੇ ਖਾਂਦੇ ਆਏ। .... ਠਹਾਕਾ ਮਾਰ ਕੇ ਹੱਸਦੇ ਬੋਲੇ, "ਨੌਨਿਹਾਲ ਇਹ ਵੀ ਇਕ ਖਾਸ ਨਸ਼ਾ ਹੈ। ਅਸੀਂ 7-8 ਮਹੀਨੇ ਵਾਲੇ ਕਾਂਗਰਸੀ ਕੈਦੀਆਂ ਨੂੰ ਦੇਸ਼ ਭਗਤ ਮੰਨਦੇ ਹੀ ਨਹੀਂ ਸਾਂ ਹੁੰਦੇ। ਘੱਟੋ ਘੱਟ 7-8 ਸਾਲ ਵਾਲੇ ਨੂੰ ਹੀ ਅਸੀਂ ਫਰੀਡਮ ਫਾਈਟਰ ਮੰਨਦੇ ਹੁੰਦੇ ਸਾਂ। ਨਕਲੀ ਫਰੀਡਮ ਫਾਈਟਰਾਂ ਦੇ ਹੱਥਾਂ 'ਚ ਹਕੂਮਤ ਹੋਵੇ ਤਾਂ ਉਹ ਫਸਟ ਕਲਾਸ 'ਚ ਮੌਜਾਂ ਕਰਨ, ਅਸੀਂ ਥਰਡ ਕਲਾਸ 'ਚ ਗੁਜ਼ਾਰਾ ਕਰੀਏ ਤਾਂ ਕੋਈ ਅਪਤੀ ਨਹੀਂ।"

ਪੰਜਾਬ ਬੁੱਕ ਸੈਂਟਰ ਦੇ ਇੰਚਾਰਜ ਹੁੰਦਿਆਂ ਉਹ ਦੁਕਾਨ 'ਤੇ ਬੈਠਿਆਂ ਕਰਦੇ ਸਨ। ਪੰਡਿਤ ਮਨੋਹਰ ਲਾਲ (ਮੌਜੂਦਾ ਨਵਾਂ ਜ਼ਮਾਨਾ ਦੇ ਸਬ-ਐਡੀਟਰ) ਹੱਥ ਦਾ ਬੁਣਿਆ ਸਵੈਟਰ ਪਾਈ ਦੁਕਾਨ ਤੇ ਆਇਆ। ਪੰਡਿਤ ਜੀ ਪੁੱਛਣ ਲੱਗੇ, "ਮਨੋਹਰ ਲਾਲ ਸਵੈਟਰ ਕਿਸ ਨੇ ਬੁਣਿਆ ਬਈ ?"

"ਤੁਹਾਡੀ ਨੂੰਹ ਨੇ..." ਮਨੋਹਰ ਲਾਲ ਨੇ ਆਖਿਆ।

"ਸਾਡੀ ਕਿਸਮਤ ਵਿਚ ਤਾਂ ਬਈ ਮਸ਼ੀਨੀ ਸਵੈਟਰ ਹੀ ਨੇ।" ਅਧਰੇਵੇਂ ਵਿਚ

ਉਨ੍ਹਾਂ ਦੇ ਇਕੱਲਪੁਣੇ ਹੋਣ ਦਾ ਇਹ ਅਹਿਸਾਸ ਸੀ, ਜਿਹੜਾ ਉਹ ਕਦੇ-ਕਦੇ ਯਾਦ ਕਰ ਲਿਆ ਕਰਦੇ ਸਨ।

ਪੰਡਿਤ ਮਨੋਹਰ ਲਾਲ ਨੇ ਆਪਣੀ ਘਰਵਾਲੀ ਤੋਂ ਸਵੈਟਰ ਬੁਣਵਾ ਕੇ ਪੰਡਿਤ ਕਿਸ਼ੋਰੀ ਲਾਲ ਨੂੰ ਪੁਆਇਆ ਜੋ ਪੂਰੇ ਸਾਈਜ਼ ਦਾ ਸੀ। ਆਪਣੇ ਸਾਈਜ਼ ਦੇ ਸਵੈਟਰ 'ਤੇ ਹੈਰਾਨ ਹੋਏ ਪੰਡਿਤ ਕਿਸ਼ੋਰੀ ਲਾਲ ਜੀ ਨੇ ਪੁੱਛਿਆ ਕਿ "ਉਸ ਨੂੰ ਮੇਰੇ ਸਾਈਜ਼ ਦਾ ਕਿਵੇਂ ਪਤਾ ਸੀ ?"

"ਤੁਹਾਡੇ ਜਿਸਮ ਤੋਂ ਉਸ ਨੇ ਬੁਣਤੀ ਲਈ ਕੁੰਡਿਆਂ ਦਾ ਹਿਸਾਬ ਲਾ ਲਿਆ ਸੀ", ਮਨੋਹਰ ਲਾਲ ਨੇ ਦੱਸਿਆ।

ਪੰਡਿਤ ਜੀ ਬੜੇ ਖੁਸ਼ ਤੇ ਕਹਿੰਦੇ, "ਮਨੋਹਰ ਲਾਲ ਖਾਣਾ ਖਾ ਕੇ ਜਾਈਂ ਆ ਵੀ ਨਜ਼ਾਰਾ ਦੇਖਦਾ ਜਾਈਂ ਕਿ ਖਾਣੇ ਦੀ ਘੰਟੀ ਵੱਜਦੀ ਸਾਰ ਕਿਵੇਂ ਇਨਕਲਾਬੀ ਥਾਲੀਆਂ ਲੈ ਕੇ ਭੱਜਦੇ ਆਉਂਦੇ ਆ, ਅਸੀਂ ਤਾਂ ਹੁਣ ਖਾਣੇ ਲਈ ਘੰਟੀ ਦੀ ਆਵਾਜ਼ ਉਡੀਕੀ ਦੀ ਆ।" ਠਹਾਕਾ ਮਾਰ ਕੇ ਪੰਡਿਤ ਕਿਸ਼ੋਰੀ ਲਾਲ ਬਿਆਨ ਕਰ ਰਹੇ ਸਨ ਤਦ ਨੂੰ ਘੰਟੀ ਵੱਜ ਗਈ।

ਕੰਪਨੀ ਬਾਗ਼ ਦੇ ਨਜ਼ਦੀਕ ਡਾਕਘਰ ਦੇ ਸਾਹਮਣੇ ਵਾਲੇ ਚੌਕ ਵਿੱਚ ਪੰ. ਕਿਸ਼ੋਰੀ ਲਾਲ ਜੀ ਦਾ ਬੁੱਤ ਸਥਾਪਤ ਹੈ। ਇਸ ਨੂੰ ਲਗਵਾਉਣ ਪਿੱਛੇ ਵੀ ਕਾਫੀ ਜਦੋ ਜਹਿਦ ਹੋਈ ਸੀ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਯਤਨ ਸਦਕਾ ਇਹ ਬੁੱਤ ਪੰਜਾਬ ਦੇ ਗਵਰਨਰ ਨੇ ਬਣਵਾਇਆ ਸੀ, ਜੋ ਅਧਿਕਾਰੀਆਂ ਦੀ ਲਾ-ਪ੍ਰਵਾਹੀ ਕਾਰਨ ਬਹੁਤਾ ਅਰਸਾ ਪਬਲਿਕ ਰਿਲੇਸ਼ਨ ਦੇ ਦਫ਼ਤਰ ਵਿਚ ਲਾਪਤਾ ਪਿਆ ਰਿਹਾ। ਬਾਬਾ ਭਗਤ ਸਿੰਘ ਬਿਲਗਾ ਤੇ ਕਾ. ਗੁਰਮੀਤ ਸਿੰਘ ਢੱਡਾ ਦੀਆਂ ਕੋਸ਼ਿਸ਼ਾਂ ਸਦਕਾ ਪੰ. ਕਿਸ਼ੋਰੀ ਲਾਲ ਜੀ ਦਾ ਬੁੱਤ ਮੌਜੂਦਾ ਥਾਂ ਸਥਾਪਿਤ ਹੋ ਸਕਿਆ।

ਇਕ ਵਾਰ ਪੰਡਤ ਕਿਸ਼ੋਰੀ ਲਾਲ ਜੀ ਵੱਲੋਂ ਖਾਸ ਅੰਦਾਜ਼ 'ਚ ਆਖੀ ਗੱਲ ਮੈਨੂੰ ਯਾਦ ਹੈ ਜਦੋਂ ਬਿਲਗਾ ਜੀ ਦੇ ਉੱਦਮ ਨਾਲ ਹਾਲ ਦੀ ਦੂਜੀ ਮੰਜ਼ਲ ਉਸਰ ਰਹੀ ਸੀ, ਉਨ੍ਹਾਂ ਕਿਹਾ, "ਬਿਲਗਾ ਜੀ ਬਿਲਡਿੰਗਾਂ ਸ਼ਹੀਦਾਂ ਦੀਆਂ ਬਹੁਤ ਬਣਦੀਆਂ ਹਨ, ਜਿਹੜੀਆਂ ਸੰਭਾਲ ਨਾ ਕਰਨ ਕਰਕੇ ਕਬੂਤਰਖਾਨਾ ਬਣ ਜਾਂਦੀਆਂ ਹਨ। ਇਸ ਬਿਲਡਿੰਗ ਵਿਚ ਸਰਗਰਮੀਆਂ ਰਹਿਣੀਆਂ ਚਾਹੀਦੀਆਂ ਹਨ, ਮੈਨੂੰ ਇਸ ਗੱਲ ਦੀ ਚਿੰਤਾ ਹੈ।" ਇਹ ਉਹਨਾਂ ਦੀ ਸਾਡੇ ਸਾਰਿਆਂ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੰਗਾਰ ਸੀ ਜਿਹੜੀ ਹਮੇਸ਼ਾ ਸਾਡੇ ਹਿਰਦਿਆਂ ਨੂੰ ਹਲੂਣਾ ਦਿੰਦੀ ਰਹੇਗੀ।

ਸਵਾ ਕੁ ਸਾਲ ਪਹਿਲਾਂ ਪੰਡਤ ਜੀ ਦੇ ਜੱਦੀ ਪਿੰਡ ਧਰਮਪੁਰ ਤੋਂ ਦੀਪਕ ਠਾਕੁਰ ਨਾਂਅ ਦਾ ਨੌਜਵਾਨ ਚਰੰਜੀ ਲਾਲ ਦੇ ਰਾਹੀਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੰਪਰਕ ਵਿੱਚ ਆਇਆ, ਜੋ ਸਾਡੀ ਪ੍ਰੇਰਨਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਥੋੜ੍ਹੇ ਸਮੇਂ ਵਿੱਚ ਉਸ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪੰਡਿਤ ਕਿਸ਼ੋਰੀ ਲਾਲ ਜੀ ਦੇ ਪਿੰਡ 'ਚ ਉਨ੍ਹਾਂ ਦੀ ਯਾਦ 'ਚ ਇਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ। ਇਸ ਸ਼ੁਭ ਮੌਕੇ

ਕਮੇਟੀ ਵੱਲੋਂ ਕਾ. ਰਘਬੀਰ ਸਿੰਘ ਛੀਨਾ, ਗੁਰਮੀਤ ਸਿੰਘ, ਪਰਗਟ ਸਿੰਘ ਜਾਮਾ ਰਾਏ, ਕਾ. ਮੰਗਤ ਰਾਮ ਪਾਸਲਾ, ਦੇਵ ਰਾਜ ਨਈਅਰ, ਪ੍ਰਿਥੀਪਾਲ ਸਿੰਘ ਮਾੜੀ ਮੇਘਾ, ਚਰੰਜੀ ਲਾਲ, ਸ਼ਾਮ ਲਾਲ ਅਤੇ ਕਾ. ਮਲੂਕ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ ਸਨ। ਸਾਡੇ ਲਈ ਪ੍ਰਸੰਨਤਾ ਵਾਲੀ ਗੱਲ ਸੀ, ਜਦੋਂ ਪ੍ਰਬੰਧਕਾਂ ਵਲੋਂ ਉਸ ਮੌਕੇ ਕਿਹਾ ਗਿਆ ਕਿ ਉਹ ਖਟਕੜ ਕਲਾਂ ਵਾਂਗ ਹੀ ਪੰਡਤ ਜੀ ਦੇ ਪਿੰਡ ਵਿੱਚ ਹਰ ਸਾਲ ਇਸੇ ਤਰ੍ਹਾਂ ਮੇਲਾ ਮਨਾਇਆ ਕਰਨਗੇ।

ਇਹ ਆਮ ਧਾਰਨਾ ਹੁੰਦੀ ਸੀ ਕਿ ਪੰਡਤ ਕਿਸ਼ੋਰੀ ਲਾਲ ਨਾ ਹੀ ਲਿਖਦੇ ਹਨ ਅਤੇ ਨਾ ਹੀ ਆਪਣੇ ਬਾਰੇ ਕਿਸੇ ਨੂੰ ਕੁਝ ਦਸਦੇ ਹਨ। ਪਰੰਤੂ ਉਨ੍ਹਾਂ ਦੇ ਲਿਖੇ ਦੋ ਦੁਰਲੱਭ ਲੇਖ "ਇਕ ਇਤਿਹਾਸਕ ਭੁੱਖ ਹੜਤਾਲ" ਤੇ "ਹਿੰਦ ਦੀ ਸ਼ਾਨ ਉੱਚੀ ਕਰਨ ਵਾਲਾ ਮੇਰਾ ਸਾਥੀ ਕਰਨੈਲ ਸਿੰਘ ਈਸੜੂ" ਜੋ ਬਾਬਾ ਗੁਰਮੁਖ ਸਿੰਘ ਲਲਤੋਂ ਦੀ ਸੰਪਾਦਨਾ ਹੇਠ ਛਪਦੇ 'ਦੇਸ਼ ਭਗਤ ਯਾਦਾਂ' ਮਾਸਿਕ ਰਸਾਲੇ ਵਿਚੋਂ ਅਤੇ 'ਰੋਜ਼ਾਨਾ ਨਵਾਂ ਜ਼ਮਾਨਾ' ਅਖਬਾਰ ਵਿਚੋਂ ਪ੍ਰਾਪਤ ਹੋਏ, ਇਸ ਕਿਤਾਬਚੇ ਵਿਚ ਸ਼ਾਮਲ ਕਰਨ ਨਾਲ ਇਸ ਦੀ ਇਤਿਹਾਸਕ ਮਹੱਤਤਾ ਹੋਰ ਵੀ ਵਧ ਗਈ ਹੈ।

ਹੁਣ ਦੂਜੀ ਵਾਰ ਛਪੀ ਹਥਲੀ ਪੁਸਤਕ ਨੂੰ ਨਵੇਂ ਰੂਪ ਵਿਚ ਪੇਸ਼ ਕਰਨ ਲਈ ਚਰੰਜੀ ਲਾਲ ਕੰਗਣੀਵਾਲ ਨੇ ਨਵੇਂ ਸਿਰਿਉਂ ਉੱਦਮ ਕੀਤਾ ਜੋ ਸ਼ਲਾਘਾਯੋਗ ਹੈ। ਮੈਨੂੰ ਆਸ ਹੈ ਕਿ ਪੰਡਿਤ ਕਿਸ਼ੋਰੀ ਲਾਲ ਜੀ ਦੇ ਤੀਜੇ ਸਭਿਆਚਾਰਕ ਮੇਲੇ ਮੌਕੇ ਭਰਵਾਂ ਹੁੰਗਾਰਾ ਮਿਲੇਗਾ।

**–ਕਾ. ਨੌਨਿਹਾਲ ਸਿੰਘ**
**ਮੀਤ ਪ੍ਰਧਾਨ,**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

# ਸਾਡਾ ਆਦਰਸ਼-ਪੰਡਿਤ ਕਿਸ਼ੋਰੀ ਲਾਲ ਜੀ

ਬੀ. ਐੱਡ ਦੀ ਡਿਗਰੀ ਪਾਸ ਕਰਕੇ ਅਧਿਆਪਕ ਬਣਨ ਦੀ ਤੀਬਰ ਇੱਛਾ ਨਾਲ ਮੈਂ ਬੜੇ ਚਾਅ ਤੇ ਰੀਝ ਨਾਲ ਇਕ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰਨ ਲਈ ਗਿਆ। ਸਕੂਲ ਦੇ ਪ੍ਰਿੰਸੀਪਲ ਨੇ ਮੇਰੀ ਇੰਟਰਵਿਊ ਲੈਣ ਪਿੱਛੋਂ ਮੈਨੂੰ ਇਕ ਹਜ਼ਾਰ ਰੁਪਈਆ ਮਾਹਵਾਰ ਤਨਖਾਹ ਦੇਣ ਦੀ ਗੱਲ ਕਹੀ। ਹਜ਼ਾਰ ਰੁਪਈਏ ਵਾਲੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਇਹ ਤਾਂ ਮੇਰੇ ਮਾਪਿਆਂ ਵੱਲੋਂ ਮੇਰੇ ਕੋਰਸ 'ਤੇ ਖਰਚ ਕੀਤੀ ਪੂੰਜੀ ਦਾ, ਇਕ ਮਹੀਨੇ ਦਾ ਵਿਆਜ ਵੀ ਨਹੀਂ ਸੀ। ਮਜਬੂਰੀ ਵਸ ਉਹ ਨੌਕਰੀ ਕਰਨੀ ਪਈ। ਵਿੱਦਿਆ ਦੇ ਖੇਤਰ ਵਿਚ ਹੋ ਰਿਹਾ ਸ਼ੋਸ਼ਣ ਉਸੇ ਦਿਨ ਤੋਂ ਇਕ ਹੂਕ ਬਣ ਮੇਰੇ ਹਿਰਦੇ 'ਚ ਘਰ ਕਰ ਗਿਆ। ਉਨ੍ਹਾਂ ਦਿਨਾਂ 'ਚ ਬੇਰੁਜ਼ਗਾਰ ਅਧਿਆਪਕਾਂ (ਈ. ਟੀ. ਟੀ.) ਵੱਲੋਂ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਲਈ ਅਤੇ ਵਿੱਦਿਆ ਦੇ ਵਪਾਰੀਕਰਨ ਵਿਰੁੱਧ ਜੱਦੋ-ਜਹਿਦ ਦੀ ਸ਼ੁਰੂਆਤ ਹੋ ਚੁੱਕੀ ਸੀ। ਜਿਸ ਨੇ ਮੇਰੀ ਉਸ ਹੂਕ ਨੂੰ ਸੰਘਰਸ਼ਸ਼ੀਲ ਜ਼ਿੰਦਗੀ 'ਚ ਬਦਲ ਦਿੱਤਾ ਸੀ।

ਮੈਂ ਆਪਣੇ ਬੇਰੁਜ਼ਗਾਰ ਬੀ. ਐੱਡ ਅਧਿਆਪਕ ਸਾਥੀਆਂ ਕੋਲ ਮੀਟਿੰਗ ਕਰਨ ਦਾ ਸੁਝਾਅ ਰੱਖਿਆ ਜਿਸ ਦੇ ਨਤੀਜੇ ਵਜੋਂ ਤਹਿਸੀਲ ਕੰਪਲੈਕਸ ਤਲਵਾੜਾ ਦੇ ਸਾਹਮਣੇ ਮੀਟਿੰਗ ਕਰਨ ਪਿੱਛੋਂ ਮੇਰੀ ਨਿਗ੍ਹਾ ਪੰਚਾਇਤ ਵਿਸ਼ਰਾਮ ਘਰ ਦੇ ਅੱਗੇ ਬਣੇ ਸ਼ਹੀਦੀ ਸਮਾਰਕ 'ਤੇ ਪਈ। ਜਿਸ ਦੇ ਉੱਪਰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ 'ਚ ਯੋਗਦਾਨ ਪਾਉਣ ਵਾਲੇ ਤਲਵਾੜਾ ਖੇਤਰ ਦੇ 22 ਸੁਤੰਤਰਤਾ ਸੰਗਰਾਮੀਆਂ ਦੇ ਨਾਂਅ ਉਕਰੇ ਹੋਏ ਸਨ। ਇਨ੍ਹਾਂ ਨਾਵਾਂ ਵਿਚ ਪਹਿਲਾ ਨਾਂਅ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਜੀ ਦਾ ਸੀ। ਪਹਿਲੀ ਵਾਰ ਪੰਡਿਤ ਕਿਸ਼ੋਰੀ ਲਾਲ ਜੀ ਦਾ ਨਾਂਅ ਪੜ੍ਹਕੇ ਮੈਨੂੰ ਅਚੰਭਾ ਜਿਹਾ ਲੱਗਿਆ ਅਤੇ ਪੰਡਿਤ ਜੀ ਦੇ ਜੀਵਨ-ਬਿਰਤਾਂਤ ਬਾਰੇ ਜਾਨਣ ਦੀ ਮੇਰੇ ਅੰਦਰ ਜਗਿਆਸਾ ਪਨਪ ਪਈ। ਮਾਸਟਰ ਸ਼ਿਵ ਕੁਮਾਰ ਤੇ ਮਾਸਟਰ ਗਿਆਨ ਗੁਪਤਾ ਹੋਰਾਂ ਤੋਂ ਮੈਂ ਸਕੂਲੀ ਵਿੱਦਿਆ ਗ੍ਰਹਿਣ ਕੀਤੀ ਸੀ। ਉਨ੍ਹਾਂ ਤੋਂ ਮੈਂ ਪੰਡਿਤ ਜੀ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਅਧਿਆਪਕਾਂ ਵੱਲੋਂ ਪੰਡਿਤ ਜੀ ਦੇ ਜੀਵਨ ਤੇ ਉਨ੍ਹਾਂ ਵੱਲੋਂ ਆਜ਼ਾਦੀ ਲਈ ਕੀਤੇ ਸੰਘਰਸ਼ ਬਾਰੇ ਸੁਣ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ। ਮੈਂ ਉਸੇ ਸਮੇਂ ਹੀ ਮਨ 'ਚ ਸੰਕਲਪ ਲਿਆ ਕਿ ਇਸ ਮਹਾਨ ਇਨਕਲਾਬੀ ਦੀ ਪੂਰੀ ਜਾਣਕਾਰੀ ਇਕੱਠੀ ਕਰਕੇ ਉਸ ਤੋਂ ਇਲਾਕੇ ਦੇ ਲੋਕਾਂ ਨੂੰ ਜਾਣੂ ਕਰਵਾਂਵਾਂਗਾ।

ਇਸੇ ਸਿਲਸਿਲੇ ਤਹਿਤ ਮੈਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪੁੱਜਾ ਜਿਥੇ ਬਤੌਰ ਲਾਇਬ੍ਰੇਰੀ ਇੰਚਾਰਜ ਦੀ ਸੇਵਾ ਨਿਭਾਅ ਰਹੇ ਇਤਿਹਾਸਕਾਰ ਸ੍ਰੀ ਚਰੰਜੀ ਲਾਲ ਕੰਗਣੀਵਾਲਾ ਨਾਲ ਮੇਰਾ ਸੰਪਰਕ ਹੋਇਆ। ਜਿਨ੍ਹਾਂ ਨੇ ਪੰਡਿਤ ਜੀ ਦੇ ਇਤਿਹਾਸ ਨੂੰ ਜਾਨਣ ਦੀ ਮੇਰੀ ਲਾਲਸਾ ਨੂੰ ਤ੍ਰਿਪਤ ਕੀਤਾ। ਉਥੇ ਆਜ਼ਾਦੀ ਸੰਗਰਾਮ ਨਾਲ ਸਬੰਧਿਤ ਇਤਿਹਾਸ ਦੇ ਵਡਮੁੱਲੇ ਖਜ਼ਾਨੇ ਅਤੇ ਉਸ ਦੀ ਸਾਂਭ-ਸੰਭਾਲ ਨੂੰ ਦੇਖ ਕੇ ਮੈਂ ਦੰਗ ਰਹਿ ਗਿਆ।

ਪੰਡਿਤ ਕਿਸ਼ੋਰੀ ਲਾਲ ਜੀ ਦੀ ਜੀਵਨ ਗਾਥਾ ਨੂੰ ਘਰ-ਘਰ ਪਹੁੰਚਾਉਣ ਦੇ ਉਦੇਸ਼ ਨਾਲ ਮੈਂ ਤੇ ਮੇਰੇ ਸਾਥੀਆਂ ਨੇ ਉਨ੍ਹਾਂ ਦੇ ਜੱਦੀ ਪਿੰਡ ਧਰਮਪੁਰ ਦੇਵੀ, ਬਲਾਕ ਤਲਵਾੜਾ (ਹੁਸ਼ਿਆਰਪੁਰ) ਵਿਖੇ ਪਹਿਲੀ ਵਾਰ "ਪੰਡਤ ਕਿਸ਼ੋਰੀ ਲਾਲ ਯਾਦਗਾਰੀ ਸੱਭਿਆਚਾਰਕ ਮੇਲਾ" 2 ਮਈ 2010 ਨੂੰ ਕਰਵਾਇਆ, ਜਿਸ ਵਿਚ ਇਲਾਕੇ ਦੇ ਲੋਕਾਂ ਨੇ ਸ਼ਿਰਕਤ ਕਰਕੇ ਲੋਕ ਪੱਖੀ

ਸੋਚ ਅਤੇ ਪੇਸ਼ਕਾਰੀਆਂ ਨੂੰ ਦੇਖ ਕੇ ਆਨੰਦ ਮਾਣਿਆ। ਹੁਣ ਇਹ ਮੇਲਾ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਪੰਡਿਤ ਜੀ ਦੀ ਸੋਚ ਨੂੰ ਲੋਕਾਂ ਤੱਕ ਪਹੁੰਚਾ ਕੇ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਜਿਆ ਜਾ ਸਕੇ। ਸ੍ਰੀ ਚਰੰਜੀ ਲਾਲ ਕੰਗਣੀਵਾਲਾ ਵੱਲੋਂ ਪੰਡਿਤ ਕਿਸ਼ੋਰੀ ਲਾਲ ਜੀ ਦੀ ਲਾਮਿਸਾਲ ਜ਼ਿੰਦਗੀ ਬਾਰੇ ਸਮੱਗਰੀ ਇਕੱਠੀ ਕਰਕੇ ਤਿਆਰ ਕੀਤਾ ਕਿਤਾਬਚਾ ਦੂਜੇ ਸਮਾਗਮ ਮੌਕੇ ਲੋਕ ਅਰਪਨ ਕਰਨ ਦਾ ਯਤਨ ਵੀ ਕੀਤਾ ਗਿਆ ਹੈ। ਇਸ ਉਪਰਾਲੇ ਲਈ ਸਹਿਯੋਗ ਦੇਣ ਵਾਲਿਆਂ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਆਪਣੇ ਸਥਾਨਿਕ ਸਾਥੀਆਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ।

**–ਦੀਪਕ ਠਾਕੁਰ**

**ਕਨਵੀਨਰ,**

**ਪੰਡਿਤ ਕਿਸ਼ੋਰੀ ਲਾਲ ਯਾਦਗਾਰੀ ਸਭਿਆਚਾਰ ਕਮੇਟੀ**

**ਤਲਵਾੜਾ, ਪੰਜਾਬ**

# ਨਿਸ਼ਕਾਮ ਦੇਸ਼ ਭਗਤ : ਪੰਡਤ ਕਿਸ਼ੋਰੀ ਲਾਲ

–ਚਰੰਜੀ ਲਾਲ ਕੰਗਣੀਵਾਲ

"ਭਾਵੁਕ ਹੋਣ ਦਾ ਅਜੇ ਸਮਾਂ ਨਹੀਂ ਆਇਆ 'ਪ੍ਰਭਾਤ।' ਮੈਂ ਤਾਂ ਕੁਝ ਦਿਨਾਂ ਨੂੰ ਸਾਰੇ ਝੰਜਟਾਂ ਤੋਂ ਮੁਕਤ ਹੋ ਜਾਣਾ ਹੈ ਲੇਕਿਨ ਤੁਸੀਂ ਸਾਰਿਆਂ ਨੇ ਲੰਮਾ ਸਫ਼ਰ ਤਹਿ ਕਰਨਾ ਹੈ। ਮੈਨੂੰ ਵਿਸ਼ਵਾਸ ਹੈ ਕਿ ਉਤਰ–ਅਧਿਕਾਰਤਾ ਦੇ ਇਸ ਭਾਰੀ ਬੋਝ ਦੇ ਬਾਵਜੂਦ ਇਸ ਲੰਮੀ ਲਹਿਰ ਵਿਚ ਤੁਸੀਂ ਥਕੋਗੇ ਨਹੀਂ, ਪਸਤ ਨਹੀਂ ਹੋਵੋਗੇ, ਹਾਰ ਮੰਨ ਕੇ ਰਸਤੇ ਵਿਚ ਹੀ ਨਹੀਂ ਬੈਠ ਜਾਉਗੇ।"

ਉਕਤ ਸ਼ਬਦ ਸ. ਭਗਤ ਸਿੰਘ ਨੇ ਉਸ ਵਕਤ ਕਹੇ, ਜਦੋਂ ਰਾਜਗੁਰੂ ਤੇ ਸੁਖਦੇਵ ਨਾਲ ਉਨ੍ਹਾਂ ਨੂੰ ਲਾਹੌਰ ਜੇਲ੍ਹ ਅੰਦਰ ਫਾਂਸੀ ਲਾਉਣ ਤੋਂ ਪਹਿਲਾਂ ਪੰ. ਕਿਸ਼ੋਰੀ ਲਾਲ, ਸ਼ਿਵ ਵਰਮਾ ਤੇ ਦੂਜੇ ਸਾਥੀਆਂ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਜਾਣ ਸਮੇਂ ਸ. ਭਗਤ ਸਿੰਘ ਨਾਲ ਆਖਰੀ ਮੁਲਾਕਾਤ ਸਮੇਂ ਸਾਥੀਆਂ ਦੀਆਂ ਅੱਖਾਂ ਵਿੱਚ ਨਮੀ ਦੇਖ ਕੇ ਸ. ਭਗਤ ਸਿੰਘ ਨੇ ਸ਼ਿਵ ਵਰਮਾ ਨੂੰ ਮੁਖਾਤਬ ਹੋ ਕੇ ਇਹ ਅੰਤਮ ਸੰਦੇਸ਼ ਦਿੱਤਾ ਸੀ। ਸ. ਭਗਤ ਸਿੰਘ ਦਾ ਆਖਣਾ ਦਰੁੱਸਤ ਸੀ ਅਤੇ ਪੰਡਤ ਕਿਸ਼ੋਰੀ ਲਾਲ ਹਮੇਸ਼ਾਂ ਇਸੇ ਦੀ ਵਜਾਹਤ ਕਰਦੇ ਕਹਿੰਦੇ,"ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਬਲੀਦਾਨ ਸਾਰੇ ਦੇਸ਼ ਵਿਚ ਜਾਗਰਤੀ ਲਿਆਉਣ ਦਾ ਕਾਰਨ ਬਣਿਆ ਸੀ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਇਨਕਲਾਬ ਲਈ ਸਾਲਾਂ–ਬੱਧੀ ਲੋਕਾਂ ਨੂੰ ਜਥੇਬੰਦ ਤੇ ਤਿਆਰ ਕਰਨ ਦਾ ਕੰਮ ਫਾਂਸੀ ਚੜ੍ਹ ਜਾਣ ਨਾਲੋਂ ਸੌਖਾ ਨਹੀ।"

23 ਮਾਰਚ 1931 ਨੂੰ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਫਾਂਸੀ ਨਾਲ ਉਨ੍ਹਾਂ ਦੇ ਇਨਕਲਾਬੀ ਸਫ਼ਰ ਦਾ ਪੜਾਅ ਖ਼ਤਮ ਹੋ ਗਿਆ। ਇਨ੍ਹਾਂ ਦੇ ਬਾਕੀ ਸਾਥੀ ਜੇਲ੍ਹਾਂ ਵਿਚ ਸਨ। ਅਜੈ ਘੋਸ਼, ਵਿਜੈ ਕੁਮਾਰ ਸਿਨਹਾ, ਸ਼ਿਵ ਵਰਮਾ, ਮਨਮਥ ਨਾਥ ਤੇ ਪੰ. ਕਿਸ਼ੋਰੀ ਲਾਲ ਆਦਿ ਨੇ ਲੰਮੀਆਂ ਸਜ਼ਾਵਾਂ ਭੁਗਤਣ ਤੋਂ ਬਾਅਦ ਵੀ ਆਪਣਾ ਇਨਕਲਾਬੀ ਸਫ਼ਰ ਜਾਰੀ ਰਖਿਆ।

ਪੰਡਤ ਕਿਸ਼ੋਰੀ ਲਾਲ ਦਾ ਜਨਮ 9 ਜੂਨ 1909 ਨੂੰ ਹੁਸ਼ਿਆਰਪੁਰ ਦੀ ਤਹਿਸੀਲ ਮੁਕੇਰੀਆਂ ਦੇ ਪਿੰਡ ਧਰਮਪੁਰ ਵਿੱਚ ਹੋਇਆ, ਜੋ ਤਲਵਾੜਾ ਤੋਂ ਦੌਲਤਪੁਰ ਜਾਣ ਵਾਲੀ ਸੜਕ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਨੂੰ ਪਹਿਲਾਂ 'ਘਰਤਾ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਖ਼ੁਦਾਈ ਸਮੇਂ ਜਦੋਂ ਦੇਵੀ ਦੇਵਤਿਆਂ ਦੀਆਂ ਇਥੋਂ ਮੂਰਤੀਆਂ ਮਿਲੀਆਂ ਤਾਂ ਇਸਨੂੰ ਧਰਮਪੁਰ ਦੇ ਨਾਂਅ ਨਾਲ ਪੁਕਾਰਿਆ ਜਾਣ ਲੱਗ ਪਿਆ।

ਉਨ੍ਹਾਂ ਦੇ ਪਿਤਾ ਪੰ. ਰਘੁਵੀਰ ਦੱਤ ਸ਼ਾਸਤਰੀ ਮੁਲਤਾਨ ਵਿੱਚ ਅਧਿਆਪਕ ਸਨ ਅਤੇ ਕਾਂਗਰਸ ਨਾਲ ਹਮਦਰਦੀ ਰੱਖਦੇ ਸਨ। ਇਸ ਹਮਦਰਦੀ ਕਾਰਨ ਹੀ ਉਨ੍ਹਾਂ ਦੀ ਬਦਲੀ ਮੁਲਤਾਨ ਤੋਂ ਸਿਧੰਮ ਹਾਈ ਸਕੂਲ ਕੋਇਟੇ ਦੀ ਕਰ ਦਿੱਤੀ ਗਈ ਸੀ। ਉਨ੍ਹਾਂ ਦੇ ਤਿੰਨ ਭਰਾ ਵੀ ਅਜ਼ਾਦੀ ਲਹਿਰ ਨਾਲ ਨੇੜਿਉਂ ਜੁੜੇ ਹੋਏ ਸਨ। ਅਜਿਹੇ ਵਾਤਾਵਰਣ ਨੇ ਉਨ੍ਹਾਂ ਨੂੰ ਦੇਸ਼ ਭਗਤੀ ਦੀ ਰੰਗਤ ਦਿੱਤੀ। ਦਸਵੀਂ ਤੱਕ ਦੀ ਪੜ੍ਹਾਈ ਕੋਇਟੇ ਤੋਂ ਪੂਰੀ ਕਰਕੇ ਪੰਡਤ ਕਿਸ਼ੋਰੀ ਲਾਲ ਲਾਹੌਰ ਆ ਗਏ ਅਤੇ ਡੀ.ਏ.ਵੀ. ਕਾਲਜ ਵਿਚ ਦਾਖਲ ਹੋ ਗਏ। ਚੌਰੀ ਚੌਰਾ ਦੀ ਘਟਨਾ 'ਤੇ ਮਹਾਤਮਾ ਗਾਂਧੀ ਵਲੋਂ ਨਾ–ਮਿਲਵਰਤਨ ਲਹਿਰ ਵਾਪਸ ਲਏ ਜਾਣ ਕਾਰਨ ਹਿੰਦੁਸਤਾਨ ਦੇ ਨੌਜਵਾਨਾਂ ਅੰਦਰ ਨਿਰਾਸ਼ਾ ਫੈਲ ਗਈ ਸੀ ਤੇ ਉਹ ਕਾਂਗਰਸ ਨੂੰ ਛੱਡ ਕੇ ਆਪ ਮੁਹਾਰੇ ਇਨਕਲਾਬੀ ਸੰਗਠਨ ਬਣਾਉਣ ਲੱਗ ਪਏ ਸਨ। ਇਸੇ ਦਾ ਹੀ ਨਤੀਜਾ ਸੀ ਕਿ ਪੰਜਾਬ ਵਿੱਚ ਨੌਜਵਾਨ ਭਾਰਤ ਸਭਾ

ਹੋਂਦ ਵਿੱਚ ਆਈ ਅਤੇ ਬੜੀ ਤੇਜ਼ੀ ਨਾਲ ਆਪਣਾ ਪ੍ਰਭਾਵ ਛੱਡਣ ਲੱਗੀ। ਵਿਦਿਆਰਥੀ ਤੇ ਨੌਜਵਾਨਾਂ ਦੀ ਇਹ ਹਰਮਨ ਪਿਆਰੀ ਜਥੇਬੰਦੀ ਬਣ ਗਈ ਤੇ ਪੰਡਤ ਕਿਸ਼ੋਰੀ ਲਾਲ ਇਸ ਵਿਚ ਸ਼ਾਮਲ ਹੋ ਗਏ। ਪੰਡਤ ਜੀ ਦੇ ਕਹਿਣ ਤੇ ਉਨ੍ਹਾਂ ਦੇ ਵੱਡੇ ਭਰਾ ਜਦੋਂ ਉਸ ਨੂੰ ਲੈ ਕੇ ਸ. ਭਗਤ ਸਿੰਘ ਕੋਲ ਗਏ, ਤਾਂ ਭਗਤ ਸਿੰਘ ਉਨ੍ਹਾਂ ਦੀ ਉਮਰ ਤੇ ਛੋਟਾ ਕੱਦ ਦੇਖ ਕੇ ਆਖਣ ਲੱਗਾ, "ਕਿਸ਼ੋਰੀ ਲਾਲ ਤੂੰ ਅਜੇ ਬਹੁਤ ਛੋਟਾ ਹੈ, ਸਾਡਾ ਰਾਹ ਬਹੁਤ ਕਠਨ ਹੈ, ਜਿਸ 'ਤੇ ਚਲਣਾ ਤੇਰੇ ਲਈ ਸੰਭਵ ਨਹੀ।"

"ਕਿਸੇ ਵੀ ਇਮਾਰਤ ਨੂੰ ਬਣਾਉਣ ਲਈ ਪੂਰੀ ਇੱਟ ਦੇ ਨਾਲ ਨਾਲ ਰੋੜਿਆਂ ਦੀ ਜ਼ਰੂਰਤ ਵੀ ਹੁੰਦੀ ਹੈ। ਤੁਸੀਂ ਆਜ਼ਾਦੀ ਦੇ ਉਸਰ ਰਹੇ ਮਹੱਲ ਵਿੱਚ ਇੱਕ ਰੋੜੇ ਵਜੋਂ ਮੈਨੂੰ ਕਿਤੇ ਵੀ ਫਿਟ ਕਰ ਲਉ।" ਕਿਸ਼ੋਰੀ ਲਾਲ ਨੇ ਉਤਰ ਦਿੱਤਾ। ਇਹ ਸੁਣ ਕੇ ਸ. ਭਗਤ ਸਿੰਘ ਬੜਾ ਖੁਸ਼ ਹੋਇਆ। ਇਸ ਤਰ੍ਹਾਂ ਉਹ ਭਗਤ ਸਿੰਘ ਦੇ ਨਜ਼ਦੀਕੀ ਸਾਥੀ ਹੀ ਨਾ ਬਣੇ ਸਗੋਂ ਜਥੇਬੰਦੀ ਦੇ ਆਗੂ ਵੀ ਸਾਬਤ ਹੋਏ। ਭਗਤ ਸਿੰਘ ਨਾਲ ਕਿਸ਼ੋਰੀ ਲਾਲ ਦੀਆਂ ਨਜ਼ਦੀਕੀਆਂ ਬਾਰੇ ਉਸਦੇ ਹਮ-ਜਮਾਤੀ ਪ੍ਰੇਮ ਦੱਤ ਦਾ ਆਖਣਾ ਹੈ:

**ਇੱਕ ਰਾਤ ਜਦੋਂ ਦਿਆਲ, ਭਗਤ ਸਿੰਘ ਤੇ ਕਿਸ਼ੋਰੀ ਲਾਲ ਬੰਬ ਬਣਾ ਰਹੇ ਸਨ, ਤਾਂ ਉਸੇ ਰਾਤ ਭਗਤ ਸਿੰਘ ਤੇ ਕਿਸ਼ੋਰੀ ਲਾਲ 'ਇਕਸੀਲੀਜ਼ਰ' ਸਿਨਮਾਘਰ ਵਿਚ ਟਾਲਸਟਾਇ ਦੇ ਨਾਵਲ 'ਤੇ ਬਣੀ ਫਿਲਮ 'ਰੀਜਰੈਕਸ਼ਨ' ਦੇਖਣ ਗਏ ਸਨ। ਫਿਲਮ ਦੇਖ ਕੇ ਉਹ ਰਾਤ ਦੇ ਬਾਰਾਂ-ਇਕ ਵਜੇ ਵਾਪਸ ਪਰਤੇ, ਤਾਂ ਉਸ ਸਮੇਂ ਭਗਤ ਸਿੰਘ ਪਾਸ ਗੋਲੀਆਂ ਨਾਲ ਭਰਿਆ ਪਿਸਤੌਲ ਸੀ। ਇਕ ਦਿਨ ਕਿਸ਼ੋਰੀ ਲਾਲ ਨੇ ਇਕ ਹਵਾਈ ਪਿਸਤੌਲ ਮੈਨੂੰ ਦਿਖਾਉਂਦਿਆਂ ਦੱਸਿਆ ਕਿ ਉਹ ਨਿਸ਼ਾਨਾ ਬਣਾਉਣਾ ਸਿੱਖ ਰਿਹਾ ਹੈ। ਹੁਣ ਉਹ ਆਪਣੇ ਨਿਸ਼ਾਨੇ ਨਾਲ ਖੰਭਿਆਂ ਉਪਰਲੇ ਬਲਬ ਤੋੜ ਸਕਦਾ ਹੈ। ਕੁਝ ਦਿਨਾਂ ਪਿਛੋਂ ਮੈਂ ਉਸ ਦੇ ਕਮਰੇ ਵਿਚ ਗਿਆ ਤਾਂ ਉਹ 'ਆਇਰਲੈਂਡ ਕੇ ਗ਼ਦਰ ਕੀ ਕਹਾਨੀ' ਨਾਮਕ ਕਿਤਾਬ ਪੜ੍ਹ ਰਿਹਾ ਸੀ। ਉਸ ਨੇ ਦਸਿਆ ਕਿ ਆਇਰਸ਼ ਲੋਕਾਂ ਨੇ ਸੰਘਰਸ਼ ਕਰਕੇ ਅਜ਼ਾਦੀ ਦੀ ਜੰਗ ਜਿੱਤੀ ਹੈ। ਮੇਰੇ ਹਾਂ ਕਰਨ 'ਤੇ ਉਸਨੇ ਮੈਨੂੰ ਪੜ੍ਹਨ ਲਈ ਉਹ ਕਿਤਾਬ ਦੇ ਦਿੱਤੀ ਸੀ। ਮਹਾਤਮਾ ਗਾਂਧੀ ਦੀ ਪਾਲਸੀ ਬਾਰੇ ਕਿਸ਼ੋਰੀ ਲਾਲ ਨੇ ਹੀ ਮੈਨੂੰ ਦਸਿਆ ਕਿ ਗਾਂਧੀ ਦੀ ਪਾਲਸੀ ਨੇ ਸਾਡੀ ਅਜ਼ਮਤ ਨੂੰ ਨੀਵਾਂ ਕਰ ਦਿੱਤਾ ਹੈ। ਹੁਣ ਸਾਨੂੰ ਹਥਿਆਰਬੰਦ ਸੰਘਰਸ਼ ਦੀ ਤਿਆਰੀ ਕਰਨੀ ਚਾਹੀਦੀ ਹੈ। ਪਿਛੋਂ ਮੈਂ ਬੰਗਾਲ ਦੇ ਇਨਕਲਾਬੀਆਂ ਦੀ ਕਿਤਾਬ ਪੜ੍ਹੀ ਤਾਂ ਪਤਾ ਲੱਗਾ ਕਿ ਉਨ੍ਹਾਂ ਨੇ ਬੰਬ ਬਣਾਉਣ ਦੀਆਂ ਕਿਤਾਬਾਂ ਪੜ੍ਹੀਆਂ ਸਨ। ਉਨ੍ਹਾਂ ਕਿਤਾਬਾਂ ਨੂੰ ਪ੍ਰਾਪਤ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਕਿਸ਼ੋਰੀ ਲਾਲ ਰਾਹੀਂ ਹੀ ਮੈਂ ਸੁਖਦੇਵ ਨਾਲ ਮੁਲਾਕਾਤ ਕੀਤੀ ਸੀ। ਜ਼ਬਤਸ਼ੁਦਾ ਪੁਸਤਕ 'ਚਿੰਗਾੜੀਆਂ' ਮੈਂ ਕਿਸ਼ੋਰੀ ਲਾਲ ਕੋਲੋਂ ਹੀ ਲੈ ਕੇ ਪੜ੍ਹੀ ਸੀ, ਜਿਸਨੇ ਮੇਰੇ 'ਤੇ ਬਹੁਤ ਪ੍ਰਭਾਵ ਪਾਇਆ। ਉਸ ਸਮੇਂ ਕਿਸ਼ੋਰੀ ਲਾਲ ਕੋਲ ਚਾਲ੍ਹੀ ਕਿਤਾਬਾਂ ਸਨ। ਕਿਸ਼ੋਰੀ ਲਾਲ ਨੇ ਮੇਰੀ ਮੁਲਾਕਾਤ ਨੌਜਵਾਨ ਭਾਰਤ ਸਭਾ ਦੇ ਆਗੂਆਂ ਨਾਲ ਕਰਵਾਈ ਸੀ ਤੇ ਮੈਨੂੰ ਮੈਂਬਰ ਭਰਤੀ ਕੀਤਾ ਗਿਆ ਸੀ। ਜਦੋਂ ਵੀ ਕਿਸ਼ੋਰੀ ਲਾਲ, ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਮੀਟਿੰਗ ਕਰਦੇ ਤਾਂ ਉਹ ਮੈਨੂੰ ਬਾਹਰ ਬਿਠਾ ਦਿੰਦੇ ਸਨ।**

ਉਕਤ ਬਿਆਨ ਤੋਂ ਪਤਾ ਲਗਦਾ ਹੈ ਕਿ ਪੰ. ਕਿਸ਼ੋਰੀ ਲਾਲ ਉਦੋਂ ਦੇਸ਼ ਭਗਤੀ ਦਾ ਪੌਹ ਲੱਗਣ ਦੇ ਦੌਰ ਨੂੰ ਉਲੰਘ ਚੁੱਕੇ ਸਨ। ਪੰ. ਕਿਸ਼ੋਰੀ ਲਾਲ ਕਾਲਜ ਦੇ ਹੋਸਟਲ ਵਿੱਚ ਰਹਿੰਦੇ ਸਨ ਪ੍ਰੰਤੂ ਇਨਕਲਾਬੀ ਸਰਗਰਮੀਆਂ ਲਈ ਲਾਹੌਰ ਦੇ ਕਿਲ੍ਹਾ ਗੁਜਰ ਸਿੰਘ ਵਿੱਚ 'ਕਸ਼ਮੀਰ

ਬਿਲਡਿੰਗ' ਵਿਚ ਉਨ੍ਹਾਂ ਕਿਰਾਏ 'ਤੇ ਕਮਰਾ ਲਿਆ ਹੋਇਆ ਸੀ। ਸੁਖਦੇਵ ਤੇ ਕਿਸ਼ੋਰੀ ਲਾਲ ਹੀ ਇਸ ਗੁਪਤ ਅੱਡੇ ਦੇ ਇੰਚਾਰਜ ਸਨ। ਇਥੇ ਬਰੂਦ ਆਦਿ ਸੰਭਾਲਿਆ ਜਾਂਦਾ ਸੀ ਅਤੇ ਬੰਬ ਤਿਆਰ ਕੀਤੇ ਜਾਂਦੇ ਸਨ। ਮਾਰਚ 1929 ਨੂੰ ਵਾਅਦਾ-ਮਾਫ਼ ਹੰਸ ਰਾਜ ਵੋਹਰਾ ਨੇ ਇਥੇ ਹੀ ਕਿਸ਼ੋਰੀ ਲਾਲ ਤੇ ਸੁਖਦੇਵ ਨੂੰ ਬੰਬ ਬਣਾਉਂਦਿਆ ਦੇਖਿਆ ਸੀ। ਉਸ ਨੇ 'ਉਤਮ ਨਿਵਾਸ' ਵਾਲੇ ਮਕਾਨ ਵਿਚ ਭਗਤ ਸਿੰਘ ਕੋਲ ਬੰਬਾਂ ਦੇ ਕਈ ਖੋਲ੍ਹ ਵੀ ਦੇਖੇ ਸਨ, ਜਿਹੜੇ ਪੰਡਤ ਕਿਸ਼ੋਰੀ ਲਾਲ ਤੇ ਸੁਖਦੇਵ ਨੇ ਗੁਲਾਮ ਰਸੂਲ ਨਾਮੀਂ ਲੁਹਾਰ ਤੋਂ ਬਣਵਾਏ ਸਨ। ਫਿਊਮ ਪਾਊਡਰ ਤੇ ਬਾਕੀ ਦਾ ਸਮਾਨ ਕਿਸ਼ੋਰੀ ਲਾਲ ਅਤੇ ਸੁਖਦੇਵ, ਵਜੀਦ ਅਲੀ ਸ਼ਾਹ ਦੀ ਦੁਕਾਨ ਤੋਂ ਖਰੀਦਦੇ ਸਨ।

ਨੌਜਵਾਨ ਭਾਰਤ ਸਭਾ ਦੇ ਲਾਹੌਰ ਅੰਦਰਲੇ ਖੁਫ਼ੀਆ ਅੱਡੇ ਜਿਵੇਂ ਕਸ਼ਮੀਰ ਬਿਲਡਿੰਗ, ਮਜ਼ੰਗ ਹਾਊਸ, ਗੁਰੂ ਦੱਤ ਭਵਨ, ਪ੍ਰੇਮ ਗਲੀ ਵਾਲਾ ਮਕਾਨ, ਗਵਾਲ ਮੰਡੀ ਵਿੱਚ ਘਨੱਈਆ ਲਾਲ ਬਿਲਡਿੰਗ ਵਿਚਲਾ ਕਮਰਾ ਆਦਿ ਸਨ, ਜਿਥੋਂ ਇਹ ਇਨਕਲਾਬੀ ਦੇਸ਼ ਭਗਤ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਂਦੇ ਸਨ। ਕਸ਼ਮੀਰ ਬਿਲਡਿੰਗ ਵਾਲੇ ਕਮਰੇ ਵਿਚ ਹੀ ਪੰ. ਕਿਸ਼ੋਰੀ ਲਾਲ, ਸੁਖਦੇਵ ਤੇ ਜੈ ਗੋਪਾਲ ਦੀ ਰਿਹਾਇਸ਼ ਸੀ। ਮੁਕੱਦਮੇ ਵਿਚ ਅਧਿਕਾਰੀਆਂ ਨੇ ਇਸ ਕਮਰੇ ਨੂੰ "ਬੰਬਾਂ ਦੀ ਫੈਕਟਰੀ" ਲਿਖਿਆ ਹੈ।

ਮਜ਼ੰਗ ਹਾਊਸ ਵਿਚ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਰਾਜਗੁਰੂ ਆਦਿ ਇਨਕਲਾਬੀ ਖੁਫ਼ੀਆ ਕਾਰਵਾਈਆਂ ਲਈ ਖਾਸ ਮੀਟਿੰਗਾਂ ਕਰ ਕੇ ਫੈਸਲੇ ਲੈਂਦੇ ਸਨ। ਸਕਾਟ ਨੂੰ ਮਾਰਨ ਦੀ ਵਿਉਂਤ ਏਥੇ ਘੜੀ ਗਈ ਸੀ। ਗੁਰੂ ਦੱਤ ਭਵਨ ਵਿਚ ਵੀ ਪੰਡਤ ਕਿਸ਼ੋਰੀ ਲਾਲ ਰਹਿੰਦਾ ਸੀ। ਪ੍ਰੇਮ ਗਲੀ ਵਾਲੇ ਮਕਾਨ ਵਿਚ ਮਾਸਟਰ ਆਗਿਆ ਰਾਮ ਦੀ ਰਿਹਾਇਸ਼ ਸੀ। ਸ. ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਤੇ ਰਾਜਗੁਰੂ ਦੀਆਂ ਰਿਹਾਇਸ਼ਾਂ ਦਾ ਭੇਤ ਗੁਪਤ ਰਖਿਆ ਜਾਂਦਾ ਸੀ। ਇਨ੍ਹਾਂ ਕੇਂਦਰਾਂ ਨਾਲ ਤਾਲਮੇਲ ਦੀ ਜ਼ੁੰਮੇਵਾਰੀ ਪੰ. ਕਿਸ਼ੋਰੀ ਲਾਲ ਦੀ ਹੋਣ ਕਰਕੇ ਇਨ੍ਹਾਂ ਦੇ ਤਾਲਿਆਂ ਦੀ ਇਕ ਇਕ ਚਾਬੀ ਪੰਡਤ ਕਿਸ਼ੋਰੀ ਲਾਲ ਪਾਸ ਹੁੰਦੀ ਸੀ।

ਸਾਂਡਰਸ ਦੇ ਕਤਲ ਤੋਂ ਪਹਿਲਾਂ ਪੈਸਿਆਂ ਦੀ ਜ਼ਰੂਰਤ ਕਾਰਨ ਪੰਜਾਬ ਨੈਸ਼ਨਲ ਬੈਂਕ ਵਿਚ ਡਾਕਾ ਮਾਰਨ ਦੀ ਯੋਜਨਾ ਬਣਾਈ ਗਈ, ਜਿਸ ਦੇ ਮੁਤਾਬਕ ਪ੍ਰਤਾਪ ਸਿੰਘ ਤੇ ਭਗਤ ਸਿੰਘ ਨੇ ਟੈਕਸੀ ਲੈ ਕੇ ਬੈਂਕ ਆਉਂਣਾ ਸੀ। ਪੰਡਤ ਕਿਸ਼ੋਰੀ ਲਾਲ, ਸੁਖਦੇਵ, ਹੰਸ ਰਾਜ ਵੋਹਰਾ ਤੇ ਜੈ ਗੋਪਾਲ ਨੇ ਬੈਂਕ ਲੁੱਟਣਾ ਸੀ। ਇਹ ਕਾਰਨਾਮਾ ਬੈਂਕ ਬੰਦ ਹੋਣ ਤੋਂ ਕੁਝ ਸਮਾਂ ਪਹਿਲਾਂ ਕਰਨਾ ਸੀ। ਚੰਦਰ ਸ਼ੇਖਰ ਨੇ ਹਦੈਤ ਕੀਤੀ ਕਿ ਭਗਤ ਸਿੰਘ ਦੇ ਬੈਂਕ ਆਉਣ 'ਤੇ ਸਾਰੇ, ਤੀਜੀ ਵਿਸਲ ਵੱਜਣ 'ਤੇ ਸਾਵਧਾਨ ਹੋ ਜਾਣਗੇ। ਡਰਾਈਵਰ ਨੂੰ ਅੰਦਰ ਲਿਜਾ ਕੇ ਵਾਪਸੀ 'ਤੇ ਉਸ ਨੂੰ ਗੱਡੀ ਵੱਲ ਨਹੀਂ ਆਉਣ ਦੇਣਾ। ਪੰਡਤ ਕਿਸ਼ੋਰੀ ਲਾਲ ਨੂੰ ਬੈਗ ਦਿੱਤੇ ਗਏ ਤੇ ਉਸ ਦੇ ਜ਼ੁੰਮੇ ਲੁੱਟੇ ਨੋਟਾਂ ਨੂੰ ਬੈਗਾਂ ਵਿਚ ਪਾ ਕੇ ਸੰਭਾਲਣਾ ਸੀ। ਅਗਰ ਕੋਈ ਮੁਲਾਜ਼ਮ ਵਿਰੋਧ ਕਰੇ ਤਾਂ ਉਸ ਨੂੰ ਗੋਲੀ ਮਾਰਨ ਦਾ ਫੈਸਲਾ ਸੀ। ਤਿੰਨ ਵਜੇ ਤੱਕ ਸਾਰੇ ਬੈਂਕ ਦੁਆਲੇ ਆਪਣੀ-ਆਪਣੀ ਜ਼ੁੰਮੇਵਾਰੀ ਲਈ ਤਿਆਰ ਸਨ। ਕਾਫ਼ੀ ਇੰਤਜ਼ਾਰ ਕਰਨ 'ਤੇ ਤਹਿ ਹੋਏ ਸਮੇਂ ਮੁਤਾਬਕ ਭਗਤ ਸਿੰਘ ਨਹੀਂ ਸੀ ਪੁੱਜਾ। ਬੈਂਕ ਬੰਦ ਹੋ ਗਿਆ ਸੀ। ਚਾਰ ਵਜੇ ਪ੍ਰਤਾਪ ਸਿੰਘ ਟਾਂਗੇ ਉਪਰ ਆਇਆ ਤੇ ਚੰਦਰ ਸ਼ੇਖਰ ਨੂੰ ਕੁਝ ਕਹਿ ਕੇ ਵਾਪਸ ਮੁੜ ਗਿਆ। ਚੰਦਰ ਸ਼ੇਖਰ ਦੇ ਇਸ਼ਾਰੇ 'ਤੇ ਸਾਰੇ ਵਾਪਸ ਮੁੜ ਆਏ। ਰਾਤ ਨੂੰ ਮਜ਼ੰਗ ਹਾਊਸ ਵਾਲੇ ਮਕਾਨ ਵਿੱਚ ਮੀਟਿੰਗ ਹੋਣ ਸਮੇਂ ਪਤਾ ਲਗਿਆ ਸੀ

ਕਿ ਇਹ ਯੋਜਨਾ ਮੁਲਤਵੀ ਕੀਤੀ ਗਈ ਹੈ ਤੇ ਮਿਸਟਰ ਸਕਾਟ ਨੂੰ ਮਾਰਨ ਦਾ ਪ੍ਰੋਗਰਾਮ ਬਣ ਗਿਆ ਹੈ, ਜਿਸ ਨੂੰ ਮਾਰ ਕੇ ਲੋਕਾਂ ਦੀ ਹਮਾਇਤ ਜਿੱਤੀ ਜਾ ਸਕਦੀ ਹੈ। 15 ਦਸੰਬਰ ਦਿਨ ਸਨਿਚਰਵਾਰ ਨੂੰ 'ਕਾਕੋਰੀ-ਡੇ' ਮਨਾਏ ਜਾਣ ਤੋਂ ਪਹਿਲਾਂ ਇਸ ਕੰਮ ਨੂੰ ਮੁਕਾਉਣ ਦੀ ਸਕੀਮ ਸੀ। ਸਨਿਚਰਵਾਰ ਸਕਾਟ ਆਇਆ ਹੀ ਨਾ ਤੇ ਇਹ ਕੰਮ ਸੋਮਵਾਰ 'ਤੇ ਪਾ ਦਿੱਤਾ ਗਿਆ।

ਲਾਹੌਰ ਵਿੱਚ ਲਾਲਾ ਲਾਜਪਤ ਰਾਏ ਦੀ ਹੋਈ ਮੌਤ ਦੇ ਰੋਸ ਵਿੱਚ ਥਾਂ ਥਾਂ ਹੋਏ ਪ੍ਰਦਰਸ਼ਨਾਂ ਨੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ। ਨੌਜਵਾਨ ਭਾਰਤ ਸਭਾ ਵਲੋਂ ਕੀਤੇ ਗਏ ਰੋਸ ਮੁਜ਼ਾਹਰੇ ਰੋਹ ਭਰਪੂਰ ਸਨ। ਮੁਲਕ ਦੇ ਸਾਰਿਆਂ ਲੀਡਰਾਂ ਨੂੰ ਬੜਾ ਸਦਮਾ ਪੁੱਜਾ ਤੇ ਉਨ੍ਹਾਂ ਸਰਕਾਰ ਦੀ ਨਿਖੇਧੀ ਕੀਤੀ, ਜਦੋਂਕਿ ਨੌਜਵਾਨ ਇਨਕਲਾਬੀਆਂ ਨੂੰ ਇਸ ਨੇ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ। ਪ੍ਰਸਿੱਧ ਕੌਮੀ ਆਗੂ ਸੀ.ਆਰ.ਦਾਸ ਦੀ ਵਿਧਵਾ ਬਸੰਤੀ ਦੇਵੀ ਨੇ ਨੌਜਵਾਨਾਂ ਨੂੰ ਵੰਗਾਰਿਆ ਤੇ ਸੱਦਾ ਦਿੱਤਾ ਕਿ ਉਹ ਇਸ ਬੇਇਜ਼ਤੀ ਅਤੇ ਕਤਲ ਦਾ ਅੰਗਰੇਜ਼ਾਂ ਨੂੰ ਢੁੱਕਵਾਂ ਜਵਾਬ ਦੇਣ। ਇਸ ਬਿਆਨ ਦੇ ਸਬੰਧ 'ਚ ਨੌਜਵਾਨ ਭਾਰਤ ਸਭਾ ਦੀ ਸੈਂਟਰਲ ਕਮੇਟੀ ਦੀ ਮੀਟਿੰਗ ਲਾਹੌਰ ਵਿਚਲੇ ਇਕ ਹੋਰ ਗੁਪਤ ਟਿਕਾਣੇ 'ਮੁਜੰਗ ਹਾਊਸ' ਵਿਚ ਹੋਈ। ਇਸ ਵਿਚ ਚੰਦਰ ਸ਼ੇਖਰ ਅਜ਼ਾਦ, ਸ. ਭਗਤ ਸਿੰਘ, ਸੁਖਦੇਵ, ਵਿਜੈ ਕੁਮਾਰ ਸਿਨਹਾ ਅਤੇ ਕੁੰਦਨ ਲਾਲ ਸ਼ਾਮਲ ਹੋਏ। ਇਸ ਮੀਟਿੰਗ ਵਿਚ ਫੈਸਲਾ ਹੋਇਆ ਕਿ ਕੌਮ ਦੀ ਬੇਇਜ਼ਤੀ ਦਾ ਬਦਲਾ ਲਿਆ ਜਾਏ ਅਤੇ ਇਹ ਜ਼ੁਲਮ ਤੇ ਬੇਇਜ਼ਤੀ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾਏ। ਲਾਹੌਰ ਦੇ ਪੁਲਸ ਸੁਪਰਡੈਂਟ 'ਸਕਾਟ' ਨੂੰ ਮੌਤ ਦੇ ਘਾਟ ਉਤਾਰਨ ਦਾ ਫੈਸਲਾ ਕਰਕੇ ਚੰਦਰ ਸ਼ੇਖਰ ਅਜ਼ਾਦ ਨੂੰ ਇਸ ਐਕਸ਼ਨ ਦੀ ਅਗਵਾਈ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ। ਪੁਲਿਸ ਸੁਪਰਡੈਂਟ ਦੇ ਦਫ਼ਤਰ ਦੇ ਸਾਰੇ ਰਸਤਿਆਂ ਦੀ ਅਤੇ ਸੁਪਰਡੈਂਟ ਦੇ ਆਉਣ ਜਾਣ ਦੇ ਸਮੇਂ ਦਾ ਪਤਾ ਲਾਉਣ ਲਈ ਜੈ ਗੋਪਾਲ (ਵਾਅਦਾ-ਮਾਫ਼) ਦੀ ਡਿਊਟੀ ਲਾਈ ਗਈ ਸੀ।

ਮਿਥੇ ਪ੍ਰੋਗਰਾਮ ਅਨੁਸਾਰ 17 ਨਵੰਬਰ ਨੂੰ ਸ਼ਾਮ ਚਾਰ ਵਜੇ ਭਗਤ ਸਿੰਘ, ਰਾਜਗੁਰੂ ਤੇ ਚੰਦਰ ਸ਼ੇਖਰ ਅਜ਼ਾਦ ਸਾਈਕਲਾਂ ਉਤੇ ਸਵਾਰ ਹੋਏ ਅਤੇ ਡੀ.ਏ.ਵੀ. ਕਾਲਜ ਦੇ ਬੋਰਡਿੰਗ ਹਾਊਸ ਪੁੱਜੇ। ਅਗੋਂ ਪੁਲਿਸ ਦਫ਼ਤਰ ਦੇ ਬਾਹਰ ਉਨ੍ਹਾਂ ਮੁਕਰਰ ਥਾਂਵਾਂ ਮਲ ਲਈਆਂ। ਠੀਕ ਸਮੇਂ ਡੀ.ਐਸ.ਪੀ. ਸਾਂਡਰਸ ਲਾਲ ਰੰਗ ਦੇ ਮੋਟਰ ਸਾਈਕਲ ਤੇ ਆਇਆ। ਉਸ ਨੂੰ ਸਕਾਟ ਸਮਝ ਕੇ ਰਾਜਗੁਰੂ ਤੇ ਸ. ਭਗਤ ਸਿੰਘ ਨੇ ਗੋਲੀਆਂ ਮਾਰ ਕੇ ਸੁੱਟ ਲਿਆ। ਇਹ ਦੇਖਣ ਲਈ ਕੇ ਕੀ ਉਹ ਮਰ ਵੀ ਗਿਆ ਹੈ ਜਾਂ ਨਹੀਂ, ਭਗਤ ਸਿੰਘ ਨੇ ਕੁਝ ਗੋਲੀਆਂ ਉਸ ਨੂੰ ਹੋਰ ਮਾਰੀਆਂ। ਹੈਡ ਕਾਂਸਟੇਬਲ ਚੰਨਣ ਸਿੰਘ ਤਿੰਨ ਹੋਰ ਸਿਪਾਹੀ ਅਤੇ ਗੋਰੇ ਅਫ਼ਸਰ ਮਿਸਟਰ 'ਫਰਲ' ਸਮੇਤ ਉਨ੍ਹਾਂ ਦਾ ਪਿੱਛਾ ਕਰ ਰਹੇ ਸੀ। ਚੰਦਰ ਸ਼ੇਖਰ ਵਲੋਂ ਸਿਪਾਹੀਆਂ ਨੂੰ ਪਿੱਛੇ ਹੱਟਣ ਲਈ ਲਲਕਾਰਿਆ ਗਿਆ ਤਾਂ ਸਿਪਾਹੀ ਹੌਂਸਲਾ ਛੱਡ ਕੇ ਰੁਕ ਗਏ ਪ੍ਰੰਤੂ ਚੰਨਣ ਸਿੰਘ ਪਿੱਛਾ ਕਰਦਾ ਰਿਹਾ। ਚੰਦਰ ਸ਼ੇਖਰ ਨੇ ਉਸ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਕਾਰਨਾਮਾ ਕਰਕੇ ਸਾਰੇ ਮੁਜੰਗ ਹਾਊਸ ਵਾਲੇ ਮਕਾਨ ਨੂੰ ਚਲੇ ਗਏ ਸਨ। ਇਕ ਦਿਨ ਪਿਛੋਂ ਸ਼ਾਇਦ ਪਹਿਲੀ ਜਨਵਰੀ ਨੂੰ ਕਿਸ਼ੋਰੀ ਲਾਲ, ਸੁਖਦੇਵ ਤੇ ਜੈ ਗੋਪਾਲ ਯੂਨੀਵਰਸਿਟੀ ਦੀ ਗਰਾਊਂਡ ਤੋਂ ਸਾਈਕਲਾਂ ਤੇ ਸਵਾਰ ਹੋ ਕੇ ਲਾਹੌਰ ਦੇ ਮਾਡਲ ਟਾਊਨ ਵਾਲੀ ਨਹਿਰ ਦੇ ਪੁਲ 'ਤੇ ਜਾ ਬੈਠੇ। ਸਾਂਡਰਸ ਦੇ ਕਤਲ ਦੀਆਂ ਉਹ ਗੱਲਾਂ ਕਰ ਰਹੇ ਸਨ ਕਿ ਉਨ੍ਹਾਂ ਦੇ ਕੋਲ ਦੀ ਗੱਡੀ ਲੰਘੀ ਜਿਸ ਵਿਚ ਸਕਾਟ, ਉਸਦੀ ਪਤਨੀ ਤੇ ਡਰਾਈਵਰ ਸਨ, ਗੱਡੀ ਨੂੰ ਦੇਖ ਕੇ ਸਾਰੇ ਸਕਾਟ ਦੀ ਚੰਗੀ ਕਿਸਮਤ ਦੀਆਂ

ਗੱਲਾਂ ਕਰਕੇ ਠਹਾਕੇ ਮਾਰ ਮਾਰ ਹੱਸਣ ਲੱਗ ਪਏ ਸਨ।

ਸਾਂਡਰਸ ਦੇ ਕਤਲ ਤੋਂ ਬਾਅਦ ਪੰ. ਕਿਸ਼ੋਰੀ ਲਾਲ ਬੜੀ ਜੁਗਤ ਨਾਲ ਚੰਦਰ ਸ਼ੇਖਰ ਅਜ਼ਾਦ ਨੂੰ ਮੇਰਠ ਛੱਡ ਆਏ ਸਨ ਅਤੇ ਬੰਬ ਬਣਾਉਣ ਵਿਚ ਰੁਝ ਗਏ ਸਨ। ਅੱਠ ਅਪ੍ਰੈਲ ਨੂੰ ਭਗਤ ਸਿੰਘ ਤੇ ਬੁਟਕੇਸ਼ਵਰ ਦੱਤ ਐਸੰਬਲੀ ਬੰਬ ਕੇਸ ਵਿੱਚ ਫੜੇ ਜਾ ਚੁੱਕੇ ਸਨ ਤੇ ਉਨ੍ਹਾਂ ਨੂੰ ਇਸ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ ਸੀ। ਸਾਂਡਰਸ ਕਤਲ ਕੇਸ ਦੇ ਮੁਜ਼ਰਮਾਂ ਨੂੰ ਫੜਨ ਲਈ ਪੁਲਸ ਚੌਕਸ ਹੋ ਗਈ ਸੀ। ਇਸ ਚੌਕਸੀ ਦਾ ਘੇਰਾ ਉਤਰੀ ਭਾਰਤ ਤੱਕ ਵਧਾ ਦਿੱਤਾ ਗਿਆ ਸੀ। ਇਕ ਵਾਰ ਇਕ ਪੁਲਸੀਏ ਨੂਰ ਮੁਹੰਮਦ ਨੇ ਗੁਲਾਮ ਰਸੂਲ ਦੀ ਦੁਕਾਨ ਵਿਚ ਬੰਬ ਦੇ ਪਏ ਖੋਲ੍ਹ ਨੂੰ ਦੇਖ ਲਿਆ ਤੇ ਉਸਨੇ ਸੀ.ਆਈ.ਡੀ. ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਸੀ। ਜਿਸ ਦੇ ਅਧਾਰ 'ਤੇ ਇਕ ਦਿਨ ਪੁਲਸ ਨੇ 'ਕਸ਼ਮੀਰ ਬਿਲਡਿੰਗ' ਵਾਲੇ ਕਮਰੇ 'ਤੇ ਛਾਪਾ ਮਾਰਿਆ। ਉਥੇ ਕਿਤਾਬਾਂ ਪਈਆਂ ਦੇਖ ਕੇ ਪੁਲਸ ਵਾਪਸ ਚਲੀ ਗਈ, ਇਸ ਭੁਲੇਖੇ ਨਾਲ ਕਿ ਇਥੇ ਵਿਦਿਆਰਥੀ ਰਹਿੰਦੇ ਹਨ। ਪੁਲਸ ਦੁਬਾਰਾ ਵਾਪਸ ਆਈ ਤਾਂ ਕਮਰੇ ਦੀ ਤਲਾਸ਼ੀ ਲੈਣ 'ਤੇ ਬੰਬ ਤੇ ਪਿਸਤੌਲ ਬਰਾਮਦ ਹੋ ਗਏ। ਪਿੱਛੋਂ ਹੋਰ ਫੋਰਸ ਆ ਜਾਣ 'ਤੇ ਮੌਕੇ 'ਤੇ ਹਾਜ਼ਰ ਸੁਖਦੇਵ, ਪੰ.ਕਿਸ਼ੋਰੀ ਲਾਲ ਤੇ ਜੈ ਗੋਪਾਲ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮਕਾਨ ਦਾ ਕਿਰਾਏਦਾਰ ਸ੍ਰੀ ਭਗਵਤੀ ਚਰਨ ਵੋਹਰਾ ਸੀ। ਇਸ ਲਈ ਉਸਦੇ ਵਾਰੰਟ ਨਿਕਲ ਗਏ। ਇਸ ਸਮੇਂ ਹੋਰ ਸਮਾਨ ਵੀ ਕਬਜ਼ੇ ਵਿਚ ਕੀਤਾ ਗਿਆ। ਕਮਰੇ ਦੀ ਅਲਮਾਰੀ ਦੀ ਚਾਬੀ ਕਿਸ਼ੋਰੀ ਲਾਲ ਦੀ ਜਾਮਾ ਤਲਾਸ਼ੀ ਲੈਣ ਸਮੇਂ ਪੁਲਸ ਦੇ ਹੱਥ ਆ ਗਈ। ਜਦੋਂ ਉਹ ਅਲਮਾਰੀ ਖੋਲਣ ਲੱਗੇ ਤਾਂ ਸੁਖਦੇਵ ਨੇ ਪੁਲਸ ਨੂੰ ਦਸਿਆ ਕਿ ਇਸ ਵਿਚ ਇਕ ਚਲਣਯੋਗ ਬੰਬ ਹੈ, ਜਿਸ ਨੂੰ ਉਹ ਧਿਆਨ ਨਾਲ ਛੂਹਣ। ਪੁਲਸ ਨੇ ਅਲਮਾਰੀ ਦੇ ਖੂੰਜੇ ਵਿਚ ਪਏ ਬੰਬ ਨੂੰ ਕਬਜ਼ੇ ਵਿਚ ਲੈ ਲਿਆ ਸੀ।

ਪੰ. ਕਿਸ਼ੋਰੀ ਲਾਲ ਸਮੇਤ ਕੁੱਲ 25 ਮੁਜ਼ਰਮਾਂ 'ਤੇ ਮੁਕੱਦਮਾ ਬਣਾ ਕੇ ਸਪੈਸ਼ਲ ਮੈਜਿਸਟ੍ਰੇਟ ਰਾਏ ਸਾਹਿਬ ਪੰਡਤ ਸ਼੍ਰੀ ਕ੍ਰਿਸ਼ਨ ਦੀ ਅਦਾਲਤ ਵਿਚ ਪੇਸ਼ ਹੋਇਆ। ਗ੍ਰਿਫ਼ਤਾਰ ਕਰਕੇ ਪਹਿਲਾਂ ਬੋਸਟਲ ਜੇਲ੍ਹ ਵਿਚ ਲੈ ਜਾਏ ਗਏ, ਜਿਥੇ ਸੁਖਦੇਵ, ਗਯਾ ਪ੍ਰਸ਼ਾਦ, ਮਹਾਂਵੀਰ ਸਿੰਘ ਅਤੇ ਪੰ. ਕਿਸ਼ੋਰੀ ਲਾਲ ਨੂੰ ਚੌਧਰੀ ਮੁਸ਼ਤਾਕ ਅਹਿਮਦ ਮੈਜਿਸਟ੍ਰੇਟ ਲਾਹੌਰ ਨੇ ਉਨ੍ਹਾਂ ਦੀ ਸ਼ਨਾਖ਼ਤੀ ਪ੍ਰੇਡ ਕੀਤੀ। ਪੰਡਤ ਜੀ ਦੀ ਅੱਖ ਦੇ ਨਿਸ਼ਾਨ ਤੋਂ ਛੇਤੀ ਹੀ ਪਛਾਣ ਹੋ ਗਈ ਸੀ। ਮੁਕੱਦਮੇ ਦੇ ਫੈਸਲੇ ਵਿਚ ਲਿਖਿਆ ਹੈ:

**15 ਅਪ੍ਰੈਲ 1929 ਨੂੰ ਗੁਪਤ ਅੱਡੇ ਕਸ਼ਮੀਰ ਬਿਲਡਿੰਗ ਤੋਂ ਪੰ.ਕਿਸ਼ੋਰੀ ਲਾਲ ਦਾ ਫੜਿਆ ਜਾਣਾ, ਉਸ ਵਿਚਲੀ ਅਲਮਾਰੀ ਦੀ ਚਾਬੀ ਅਤੇ ਬੈਗ ਕਿਸ਼ੋਰੀ ਲਾਲ ਤੋਂ ਫੜੇ ਜਾਣੇ ਜਿਨ੍ਹਾਂ ਵਿਚ ਲੁੱਟੇ ਨੋਟ ਪਾਉਣੇ ਸਨ। ਇਸ ਤੋਂ ਬਿਨ੍ਹਾਂ ਇਸ ਵਿਚਲੀ ਬੰਬ ਫੈਕਟਰੀ ਲਈ ਫਿਊਮ ਪਾਊਡਰ ਤੇ ਬੰਬਾਂ ਦੇ ਖੋਲ੍ਹ ਬਾਰੇ ਹੋਈਆਂ ਗਵਾਹੀਆਂ ਜਿਨ੍ਹਾਂ ਵਿਚ ਕਿਸ਼ੋਰੀ ਲਾਲ ਨੇ ਬੰਬ ਢਾਲੇ ਸਨ ਰਾਹੀਂ ਸਾਬਤ ਹੋ ਚੁੱਕਾ ਹੈ। ਅਦਾਲਤ ਨੇ ਸਾਬਤ ਕਰ ਲਿਆ ਕਿ ਪੰ. ਕਿਸ਼ੋਰੀ ਲਾਲ ਦੀਆਂ ਗਤੀਵਿਧੀਆਂ ਭਾਵੇਂ ਲਾਹੌਰ ਤੱਕ ਸੀਮਿਤ ਸਨ, ਪ੍ਰੰਤੂ ਉਹ ਲਾਹੌਰ ਬਰਾਂਚ ਦਾ ਉਘਾ ਮੈਂਬਰ ਸੀ। ਭਾਵੇਂ ਉਹ ਦਿੱਲੀ ਵਾਲੀ ਮੀਟਿੰਗ ਵਿਚ ਸ਼ਾਮਲ ਨਹੀਂ ਸੀ ਪ੍ਰੰਤੂ ਪੰਜਾਬ ਨੈਸ਼ਨਲ ਬੈਂਕ ਦੇ ਡਾਕੇ ਅਤੇ ਲੁੱਟ ਦੇ ਪੈਸੇ ਸੰਭਾਲਣ ਦੀ ਜੁੰਮੇਵਾਰੀ ਉਸ ਦੀ ਸੀ। ਉਹ ਸਾਂਡਰਸ ਕਤਲ ਕੇਸ ਤੇ ਐਸੰਬਲੀ ਵਿਚ ਬੰਬ ਸੁੱਟਣ ਜਿਹੀਆਂ ਗਤੀਵਿਧੀਆਂ ਨਾਲ ਸਬੰਧਤ ਸੀ ਅਤੇ ਕਸ਼ਮੀਰ ਬਿਲਡਿੰਗ ਵਿਚ ਫਰਵਰੀ**

1929 ਤੱਕ ਬੰਬ ਬਣਾਉਣ ਵਿਚ ਰੁੱਝਾ ਰਿਹਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਚੰਦਰ ਸ਼ੇਖਰ ਨਾਲ ਦਿੱਲੀ ਗਿਆ ਸੀ। 'ਮਜ਼ੰਗ ਹਾਊਸ' ਵਿਚ ਸਕਾਟ ਨੂੰ ਮਾਰਨ ਲਈ ਹੋਈ ਮੀਟਿੰਗ ਵਿਚ ਉਹ ਸ਼ਾਮਲ ਸੀ। ਸਾਂਡਰਸ ਦੇ ਕਤਲ ਤੋਂ ਬਾਅਦ ਛਾਪੇ ਗਏ ਇਸ਼ਤਿਹਾਰ ਵੰਡਣ ਵਿਚ ਵੀ ਉਹ ਸ਼ਾਮਿਲ ਸੀ, ਜਿਨ੍ਹਾਂ 'ਤੇ ਲਿਖਿਆ ਸੀ,"ਮਨੁੱਖ ਦਾ ਖ਼ੂਨ ਵਗਾਉਣ 'ਤੇ ਸਾਨੂੰ ਦੁੱਖ ਹੈ ਪਰ ਕ੍ਰਾਂਤੀ ਦੀ ਬੇਦੀ 'ਤੇ ਖ਼ੂਨ ਵਗਾਉਣਾ ਜ਼ਰੂਰੀ ਹੋ ਜਾਂਦਾ ਹੈ, ਸਾਡਾ ਭਾਵ ਇਕ ਐਸੀ ਕ੍ਰਾਂਤੀ ਤੋਂ ਹੈ, ਜੋ ਮਨੁੱਖ ਦੀ ਮਨੁੱਖ ਉਤੇ ਦਬਾਊ ਹਕੂਮਤ ਨੂੰ ਖਤਮ ਕਰ ਦੇਵੇਗੀ।"

ਪੰ. ਕਿਸ਼ੋਰੀ ਲਾਲ ਤੇ ਮਹਾਂਵੀਰ ਸਿੰਘ ਨੂੰ ਨਾਬਾਲਗ ਹੋਣ ਕਰਕੇ ਫਾਂਸੀ ਦੀ ਥਾਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜਿਸ ਵਿੱਚ ਪੰਜ ਸਾਲ ਕੈਦ-ਇ-ਤਨਹਾਈ/ਸੋਲਿਟਰੀ ਕਨਫਾਈਨਮੈਂਟ ਦੀ ਸਜ਼ਾ ਸੀ। ਪੰਡਤ ਜੀ ਨੂੰ ਬੋਸਟਲ ਜੇਲ੍ਹ, ਲਾਹੌਰ, ਮੁਲਤਾਨ, ਨਵਾਂ ਮੁਲਤਾਨ, ਮਿੰਟਗੁਮਰੀ ਆਦਿ ਜੇਲ੍ਹਾਂ ਵਿੱਚ 'ਈ' ਕਲਾਸ ਵਿਚ ਰਖਿਆ ਗਿਆ। ਜੇਲ੍ਹ ਅੰਦਰ ਪੰਡਤ ਜੀ ਦਾ ਨਿਤਨੇਮ ਵਰਜ਼ਸ ਕਰਨਾ ਤੇ ਪੜ੍ਹਨਾ ਸੀ। ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਅਤੇ ਸਾਥੀਆਂ ਦਾ ਹਾਸੇ ਠੱਠਿਆਂ ਨਾਲ ਮਨ ਪ੍ਰਚਾਈ ਰਖ਼ਦੇ। ਜੇਲ੍ਹ ਅੰਦਰ ਖੁਰਾਕ, ਕਪੜੇ ਤੇ ਹੋਰ ਲੋੜੀਂਦੇ ਸਮਾਨ ਦੀ ਪ੍ਰਾਪਤੀ ਲਈ ਜਦੋਜਹਿਦ ਕਰਦਿਆਂ ਜੇਲ੍ਹ ਅਧਿਕਾਰੀਆਂ ਨਾਲ ਉਹ ਹਮੇਸ਼ਾ ਟੱਕਰ ਲੈਂਦੇ ਰਹੇ। ਟੱਕਰਾਂ ਦੀਆਂ ਅਨੇਕਾਂ ਉਦਾਹਰਨਾਂ ਵਿੱਚੋਂ ਏਥੇ ਅਜੈ ਕੁਮਾਰ ਘੋਸ਼ ਵਲੋਂ ਲਿਖੀ ਪੰ. ਕਿਸ਼ੋਰੀ ਲਾਲ ਸਬੰਧਤ ਘਟਨਾ ਪੇਸ਼ ਹੈ:

ਕੈਦੀਆਂ ਨੂੰ ਅਦਾਲਤ ਵਿਚ ਲੈ ਜਾਣ ਲਈ ਜੇਲ੍ਹ ਦੇ ਗੇਟ 'ਤੇ ਲਿਆਂਦਾ ਜਾਂਦਾ ਸੀ। ਇਕ ਵਾਰ 10 ਜੁਲਾਈ 1929 ਨੂੰ ਜੇਲ੍ਹ ਦੇ ਗੇਟ 'ਤੇ ਅਸੀਂ ਕਿਸ਼ੋਰੀ ਲਾਲ ਨੂੰ ਦੇਖਿਆ। ਛੋਟਾ ਕੱਦ, ਮਜ਼ਬੂਤ ਸ਼ਰੀਰ, ਚਿਹਰੇ ਉਤੇ ਸ਼ਰਾਰਤੀ ਝਲਕ ਅਤੇ ਮੁੱਛਾਂ, ਜਿਨ੍ਹਾਂ ਨੂੰ ਉਹ ਵਾਰ ਵਾਰ ਵੱਟ ਦੇ ਰਿਹਾ ਸੀ ਤਾਂ ਜੋ ਪ੍ਰਭਾਵਸ਼ਾਲੀ ਦਿੱਖ ਬਣ ਸਕੇ, ਜਿਵੇਂ ਕਿ ਉਸ ਨੇ ਮੁਸਕਰਾਉਂਦੇ ਦੱਸਿਆ ਵੀ। ਉਸ ਉਦਾਸੀ ਭਰੇ ਮਾਹੌਲ ਵਿਚ ਉਸ ਦੀ ਮੁਸਕਰਾਹਟ ਬੇ-ਮੌਕਾ ਲੱਗਦੀ ਸੀ। ਪ੍ਰੰਤੂ ਆਉਣ ਵਾਲੇ ਡੇਢ ਸਾਲ ਦੇ ਸਮੇਂ ਦੌਰਾਨ ਇਹ ਉਸਦੇ ਚਿਹਰੇ ਤੋਂ ਗਾਇਬ ਨਹੀਂ ਹੋਈ। ਭਾਵੇਂ ਕੁਝ ਵੀ ਵਾਪਰ ਜਾਵੇ, ਬੁਰੀ ਤੋਂ ਬੁਰੀ ਹਾਲਤ ਵੀ ਹੋਵੇ, ਕਿਸ਼ੋਰੀ ਲਾਲ ਉਸ ਦਾ ਕੋਈ ਨਾ ਕੋਈ ਮਜ਼ਾਕੀਆ ਪੱਖ ਲੱਭ ਲੈਂਦਾ ਅਤੇ ਆਪਣੀ ਸੋਚ ਨੂੰ ਆਪਣੇ ਤੱਕ ਹੀ ਸੀਮਤ ਨਾ ਰੱਖਦਾ। ਭੁੱਖ ਹੜਤਾਲਾਂ ਅਤੇ ਮਾੜੇ ਸਮੇਂ ਦੌਰਾਨ ਵੀ ਉਹ ਸਾਨੂੰ ਆਪਣੇ ਬਣਾਏ ਚੁਟਕਲਿਆਂ ਨਾਲ ਹਸਾਉਂਦਾ ਰਹਿੰਦਾ ਸੀ। ਅਦਾਲਤ ਵਿਚ ਬੈਠੇ ਹੋਏ ਉਹ ਕਿਸੇ ਵਕੀਲ, ਜੱਜ ਜਾਂ ਪੁਲਸ ਅਧਿਕਾਰੀ ਬਾਰੇ ਕੋਈ ਨਾ ਕੋਈ ਮਜ਼ਾਕ ਬਣਾ ਕੇ ਸਾਡੇ ਸਾਰਿਆਂ ਤੱਕ ਪੁਚਾ ਦਿੰਦਾ। ਸਾਨੂੰ ਆਏ ਹਾਸੇ ਦੀ ਗੂੰਜ ਅਦਾਲਤੀ ਕਾਰਵਾਈ ਵਿਚ ਵਿਘਨ ਪਾ ਦਿੰਦੀ ਸੀ। ਸਾਡੇ ਇਸ ਅਢੁਕਵੇਂ ਵਰਤਾਉ ਬਾਰੇ ਸਾਡੇ ਵਕੀਲ ਵੀ ਦੁੱਖੀ ਹੋ ਜਾਂਦੇ ਸਨ। ਅਸੀਂ ਵੀ ਕਿਸ਼ੋਰੀ ਲਾਲ ਨੂੰ ਝਿੜਕਦੇ ਤਾਂ ਉਹ ਆਪਣਾ ਮੂੰਹ ਲਟਕਾ ਕੇ ਏਨਾ ਉਦਾਸ ਬਣਾ ਲੈਂਦਾ ਜੋ ਸਾਡੇ ਹਾਸੇ ਦਾ ਇਕ ਹੋਰ ਕਾਰਨ ਬਣ ਜਾਂਦਾ। ਅਜਿਹਾ ਕਰਦਿਆਂ ਉਹ ਸਾਨੂੰ ਵੀ ਨਾ ਬਖਸ਼ਦਾ। ਛੋਟੇ ਵੱਡੇ ਸਾਰੇ ਉਸ ਦੇ ਮਜ਼ਾਕ ਦਾ ਸ਼ਿਕਾਰ ਬਣਦੇ। ਪ੍ਰੰਤੂ ਉਸ ਵਿਚ ਡੰਗ ਨਹੀਂ ਸੀ ਹੁੰਦਾ। ਜਿਹੜਾ ਉਸ ਦੇ ਮਜ਼ਾਕ ਦਾ ਪਾਤਰ ਹੁੰਦਾ ਉਹੀ ਸਗੋਂ ਸਭ ਤੋਂ ਵੱਧ ਹਸਦਾ ਸੀ।

ਪੰ. ਕਿਸ਼ੋਰੀ ਲਾਲ ਦੇ ਚਿਹਰੇ ਦੀ ਬਾਹਰਲੀ ਮੁਸਕਰਾਹਟ ਪਰ ਅੰਦਰੋਂ ਫੌਲਾਦੀ ਇਰਾਦਾ ਤੇ ਦੂਜਿਆਂ ਦੇ ਦਰਦ ਲਈ ਉਸ ਦੇ ਅੰਦਰ ਨਰਮ ਦਿਲ ਸੀ। ਲਾਹੌਰ ਦੇ ਬੁਚੜਖਾਨੇ ਸ਼ਾਹੀ ਕਿਲ੍ਹੇ

ਵਿਚ ਤਫਤੀਸ਼ ਹੋਣ ਸਮੇਂ ਉਸ ਉਪਰ ਅੰਨ੍ਹਾਂ ਤਸ਼ਦੱਦ ਕੀਤਾ ਗਿਆ, ਤਾਂ ਜੋ ਸਾਰੇ ਭੇਦ ਕਢਵਾਏ ਜਾ ਸਕਣ। ਆਪਣੇ ਉਪਰ ਤਸ਼ੱਦਦ ਹੋਣ ਸਮੇਂ ਉਹ ਬੁਚੱੜ ਪੁਲਸ ਅਧਿਕਾਰੀਆਂ ਨੂੰ ਇਹੋ ਜਿਹੇ ਜਵਾਬ ਦਿੰਦੇ ਕਿ ਉਹ ਛਿੱਥੇ ਪੈ ਜਾਂਦੇ, ਪ੍ਰੰਤੂ ਪੂਰਾ ਟਿੱਲ ਲਾਏ ਜਾਣ ਦੇ ਬਾਵਜੂਦ ਪੁਲਸ ਵਾਲਿਆਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਨ੍ਹਾਂ ਦਾ ਵਾਹ ਇਕ ਐਸੇ ਵਿਅਕਤੀ ਨਾਲ ਪੈ ਗਿਆ ਹੈ, ਜਿਸ ਉਤੇ ਕਿੰਨਾ ਵੀ ਤਸ਼ਦੱਦ ਕਿਉਂ ਨਾ ਹੋਵੇ, ਉਹ ਮੁਸਕਰਾਉਂਦਾ ਹੀ ਰਹੇਗਾ।

ਪੰਡਿਤ ਕਿਸ਼ੋਰੀ ਲਾਲ ਤੇ ਸਾਥੀਆਂ ਦਾ ਮੁਕੱਦਮਾ ਸ਼ੁਰੂ ਹੁੰਦੇ ਸਾਰ 1929 ਵਿਚ ਸਾਰੇ ਬੱਬਰ ਅਕਾਲੀ ਦੇਸ਼ ਭਗਤ ਕੈਦੀਆਂ ਨੂੰ ਮੁਲਤਾਨ ਦੀ ਨਵੀਂ ਜੇਲ੍ਹ ਵਿਚ ਭੇਜਿਆ ਜਾ ਚੁੱਕਾ ਸੀ। 1930 ਵਿਚ ਭਗਤ ਸਿੰਘ ਤੇ ਸਾਥੀਆਂ ਨੇ ਸਰਕਾਰ ਅੱਗੇ ਸ਼ਰਤ ਰੱਖ ਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਕਿ ਉਨ੍ਹਾਂ ਨੂੰ ਸਿਆਸੀ ਕੈਦੀ ਮੰਨਿਆ ਜਾਏ। ਭੁੱਖ ਹੜਤਾਲ ਕਰਕੇ ਮੁਲਾਜ਼ਮਾਂ ਦਾ ਕਚਹਿਰੀ ਜਾਣਾ ਬੰਦ ਹੋ ਗਿਆ ਸੀ। ਜੇਲ੍ਹ ਅਧਿਕਾਰੀਆਂ ਨੇ ਇਕੱਲੇ-ਇਕੱਲੇ ਦੇ ਨਾਲੀਆਂ ਰਾਹੀਂ ਖ਼ੁਰਾਕ ਅੰਦਰ ਧੱਕਣੀ ਸ਼ੁਰੂ ਕਰ ਦਿੱਤੀ, ਜਿਉਂ-ਜਿਉਂ ਭੁੱਖ ਹੜਤਾਲ ਲੰਮੀ ਹੁੰਦੀ ਗਈ, ਦੇਸ਼ ਅੰਦਰ ਰੋਸ ਫੈਲਦਾ ਗਿਆ। ਇਨ੍ਹਾਂ ਦੀ ਹਮਦਰਦੀ ਵਿਚ ਬਾਬਾ ਸੋਹਣ ਸਿੰਘ ਭਕਨਾ ਤੇ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੇ ਲਾਹੌਰ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਸ ਦੇ ਸਬੰਧ 'ਚ ਇਕ ਕਮਿਸ਼ਨ ਮੁਕੱਰਰ ਹੋਇਆ ਜਿਸ ਦੇ ਭਰੋਸਾ ਦੁਆਉਣ ਤੇ ਬਾਬਾ ਭਕਨਾ ਅਤੇ ਮਾਸਟਰ ਗੋਬਿੰਦਪੁਰੀ ਨੇ ਭੁੱਖ ਹੜਤਾਲ ਖੋਲ੍ਹ ਦਿੱਤੀ। ਪ੍ਰੰਤੂ ਸਾਥੀ ਜਤਿੰਦਰ ਨਾਥ ਦਾਸ ਇਸ ਗੱਲ ਤੇ ਅੜਿਆ ਰਿਹਾ ਤੇ ਉਸ ਨੇ ਕਿਹਾ 'ਪਹਿਲਾਂ ਸਾਡੀਆਂ ਮੰਗਾਂ ਮਨਜ਼ੂਰ ਕੀਤੀਆਂ ਜਾਣ ਕਿਉਂ ਕਿ ਮੈਨੂੰ ਕਿਸੇ ਕਮਿਸ਼ਨ ਤੇ ਯਕੀਨ ਨਹੀਂ।'

ਜੇਲ੍ਹ ਦੀ ਮਾੜੀ ਖ਼ੁਰਾਕ ਨਾਲ ਬਹੁਤ ਸਾਰੇ ਦੇਸ਼ ਭਗਤ ਬੀਮਾਰ ਹੋ ਗਏ ਸਨ। ਪੰਡਤ ਕਿਸ਼ੋਰੀ ਲਾਲ, ਹਜ਼ਾਰਾ ਸਿੰਘ, ਇੰਦਰਪਾਲ ਅਤੇ ਰੂਪ ਚੰਦ ਦੇ ਬੀਮਾਰ ਹੋਣ ਕਰਕੇ ਭਾਰ ਬਹੁਤ ਘੱਟ ਗਿਆ ਸੀ। ਜਤਿੰਦਰ ਨਾਥ ਦਾਸ ਦੀ ਭੁੱਖ ਹੜਤਾਲ ਨਾਲ ਜੇਲ੍ਹਾਂ ਅੰਦਰ ਤੇ ਬਾਹਰ ਕਾਫੀ ਹੱਲਾ ਗੁੱਲਾ ਮਚ ਗਿਆ ਸੀ। ਸਰਕਾਰ ਨੇ ਕੈਦੀਆਂ ਉਪਰ ਹੋਰ ਸਖ਼ਤੀ ਕਰ ਦਿੱਤੀ ਸੀ। ਉਨ੍ਹਾਂ ਦੇ ਪੀਣ ਦਾ ਪਾਣੀ ਬੰਦ ਕਰ ਦਿੱਤਾ, ਇਥੋਂ ਤੱਕ ਕਿ 18 ਜੁਲਾਈ 1929 ਨੂੰ ਵਿਸ਼ੇਸ਼ ਮੈਜਿਸਟਰੇਟ ਨੇ ਜਤਿੰਦਰ ਦੇ ਭਰਾ ਕਿਰਨ ਦਾਸ, ਪੰ. ਕਿਸ਼ੋਰੀ ਲਾਲ ਦੇ ਭਰਾ ਸਤਪਾਲ, ਮਹਾਂਵੀਰ ਦੇ ਪਿਤਾ ਅਤੇ ਸੁਰਿੰਦਰ ਪਾਂਡੇ ਦੀ ਮਾਂ ਅਤੇ ਭੈਣ ਦੀਆਂ ਮੁਲਾਕਾਤਾਂ ਵੀ ਨਾ ਹੋਣ ਦਿੱਤੀਆਂ। ਦੇਸ਼ ਭਗਤ ਕੈਦੀਆਂ ਨੇ ਵੀ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ ਸੀ। ਜੇਲ੍ਹ ਅਧਿਕਾਰੀਆਂ ਨੇ ਭੁੱਖ ਹੜਤਾਲੀ ਕੈਦੀਆਂ ਨੂੰ ਯਰਕਾਉਣ ਲਈ ਇਕ ਹੋਰ ਹੱਥ-ਕੰਡਾ ਵਰਤਦਿਆਂ.ਕੈਦੀਆਂ ਦੇ ਘੜਿਆਂ ਵਿਚ ਪਾਣੀ ਦੀ ਥਾਂ ਦੁੱਧ ਪਾਉਣਾ ਸ਼ੁਰੂ ਕਰ ਦਿੱਤਾ। ਇਸ ਵਿਰੁੱਧ ਰੋਸ ਪ੍ਰਗਟ ਕਰਦਿਆਂ ਪੰ. ਕਿਸ਼ੋਰੀ ਲਾਲ ਅਤੇ ਸਾਥੀ ਕੈਦੀਆਂ ਨੇ ਆਪਣੇ ਘੜੇ ਫਰਸ਼ ਉਤੇ ਮਾਰ ਕੇ ਤੋੜ ਸੁੱਟੇ। ਇਸ ਖੜਕੇ ਦੜਕੇ ਨਾਲ ਹੀ ਉਨ੍ਹਾਂ ਨੂੰ ਪਾਣੀ ਦਿੱਤਾ ਜਾਣ ਲੱਗ ਪਿਆ ਸੀ। ਅਖੀਰ ਆਪਣੇ ਇਰਾਦੇ ਤੇ ਕਾਇਮ ਰਹਿੰਦਿਆਂ ਜਤਿੰਦਰ ਨਾਥ ਦਾਸ ਜੇਲ੍ਹ ਅੰਦਰ ਸ਼ਹੀਦ ਹੋ ਗਿਆ ਸੀ।

ਸ਼ਹਿਰੀ ਨਾ-ਫੁਰਮਾਨੀ ਅੰਦੋਲਨ ਸਮੇਂ ਪੰ. ਕਿਸ਼ੋਰੀ ਲਾਲ ਵਾਲੀ ਜੇਲ੍ਹ ਕਾਂਗਰਸੀ ਕੈਦੀਆਂ ਨਾਲ ਭਰ ਗਈ। ਸਤਿਆਗ੍ਰਹੀਆਂ ਉਪਰ ਤਸ਼ਦੱਦ ਵੀ ਕੀਤਾ ਜਾਂਦਾ। ਪੰਡਤ ਜੀ ਨੇ ਸਲਾਹ ਕੀਤੀ ਕਿ ਇਨ੍ਹਾਂ ਸਤਿਆਗ੍ਰਹੀਆਂ ਦੀ ਕਿਵੇਂ ਮਦਦ ਕੀਤੀ ਜਾਵੇ ? ਇਸ ਮਸਲੇ ਦਾ ਹੱਲ ਵੀ ਕਿਸ਼ੋਰੀ ਲਾਲ ਨੇ ਹੀ ਕੱਢਿਆ। ਉਸ ਨੂੰ ਦੋਸਤੀ ਗੰਢਣ ਦੀ ਮੁਹਾਰਤ ਸੀ। ਜੂਨ 1930 ਨੂੰ ਉਸ

ਨੇ ਇਕ ਖ਼ਬਰ ਕੱਢੀ ਕਿ ਇਕ ਕਾਂਗਰਸੀ ਨੂੰ ਜੇਲ੍ਹ ਅੰਦਰ ਬਹੁਤ ਕੁੱਟਿਆ ਤੇ ਉਸ ਨੂੰ ਬੇੜੀਆਂ ਵਿਚ ਜਕੜਿਆ ਹੋਇਆ ਹੈ। ਇਸ ਜ਼ੁਲਮ ਦੇ ਵਿਰੁੱਧ ਕਿਵੇਂ ਨਿਤਰਿਆ ਜਾਵੇ, ਇਸਦੀ ਵਿਉਂਤ ਪੰਡਤ ਜੀ ਨੇ ਖ਼ੁਦ ਬਣਾਈ ਤੇ ਦਸਿਆ ਕਿ ਸਾਰੇ ਜਣੇ ਕੰਧਾਂ ਟੱਪ ਕੇ ਦੂਜੇ ਪਾਸੇ ਚਲੇ ਜਾਈਏ। ਜੋ ਵੀ ਰਸਤੇ ਵਿਚ ਆਏ ਉਸ ਨੂੰ ਪਾਸੇ ਕਰਕੇ ਉਸ ਕੈਦੀ ਦੀ ਕੋਠੜੀ ਤੱਕ ਪੁੱਜਿਆ ਜਾਵੇ। ਜੇਲ੍ਹ ਸੁਪਰਡੈਂਟ ਦੇ ਆਉਣ ਤੱਕ ਨਾਹਰੇਵਾਜ਼ੀ ਕੀਤੀ ਜਾਏ ਤੇ ਇਸ ਗੈਰ ਕਾਨੂੰਨੀ ਮਾਰ ਕੁਟਾਈ ਨੂੰ ਬੰਦ ਕਰਾਉਣ ਲਈ ਉਸ ਨੂੰ ਮਜ਼ਬੂਰ ਕੀਤਾ ਜਾਏ।

. . ਪੰ. ਕਿਸ਼ੋਰੀ ਲਾਲ ਦੀ ਇਹ ਸਕੀਮ ਉਤਸ਼ਾਹ ਜਨਕ ਸੀ ਪ੍ਰੰਤੂ ਖ਼ਤਰਿਆਂ ਭਰੀ ਵੀ। ਇਸ 'ਤੇ ਅਮਲ ਕਰਦਿਆਂ ਉਹ ਸਭ ਕੁਝ ਵਾਪਰਿਆ ਜਿਸ ਦੀ ਤਵੱਕੋਂ ਸੀ। ਐਕਸ਼ਨ ਕੀਤਾ ਗਿਆ ਤਾਂ ਜੇਲ੍ਹ ਅੰਦਰ ਖ਼ਤਰੇ ਦਾ ਘੰਡਿਆਲ ਤੇ ਪੁਲਸ ਦੀਆਂ ਸੀਟੀਆਂ ਜ਼ੋਰ ਜ਼ੋਰ ਦੀ ਵੱਜਣੀਆਂ ਸ਼ੁਰੂ ਹੋ ਗਈਆਂ। ਇਕ ਘੰਟੇ ਦੇ ਹੱਲੇ ਗੁੱਲੇ ਦੌਰਾਨ ਵੱਡੀ ਗਿਣਤੀ ਵਿਚ ਵਾਰਡਰ ਅਤੇ ਜੇਲਰ ਮੌਕੇ 'ਤੇ ਪੁੱਜ ਗਏ ਤੇ ਬੈਂਤਾਂ ਨਾਲ ਮਾਰ ਕੁਟਾਈ ਸ਼ੁਰੂ ਕਰ ਦਿੱਤੀ, ਇਸ ਮਾਰ ਕੁਟਾਈ ਵਿਚ ਪੰ. ਕਿਸ਼ੋਰੀ ਲਾਲ ਸਖ਼ਤ ਜ਼ਖਮੀ ਹੋ ਗਏ। ਅਖੀਰ ਜੇਲਰ ਨੂੰ ਉਨ੍ਹਾਂ ਦੀ ਮੰਗ ਅਗੇ ਝੁਕਣਾ ਪਿਆ।

ਪੰ. ਕਿਸ਼ੋਰੀ ਲਾਲ ਨਾਲ ਸਬੰਧਿਤ ਜੇਲ੍ਹ ਦੀ ਇਕ ਹੋਰ ਮਹੱਤਵਪੂਰਨ ਘਟਨਾ ਨੂੰ ਸ. ਗੁਲਾਬ ਸਿੰਘ ਨੇ ਆਪਣੀ ਪੁਸਤਕ 'ਅੰਡਰ ਦੀ ਸ਼ੈਡੋ ਆਫ਼ ਗੈਲੋਜ਼' ਵਿੱਚ ਵਰਨਣ ਕੀਤਾ ਹੈ ਕਿ, *"ਜੇਲ੍ਹ ਵਿਚ ਕਈ ਅਫ਼ਸਰ ਬਦਲਕੇ ਆਏ ਤੇ ਗਏ। ਸਾਡਾ ਸੈਂਕੜੇ ਵਾਰਡਰਾਂ ਨਾਲ ਵਾਅ ਪਿਆ। ਇਕ ਵਾਰ ਇਕ ਨਵਾਂ ਜੇਲ੍ਹ ਸੁਪਰਡੈਂਟ ਆਇਆ। ਸਾਡੇ ਵਾਲੇ ਵਾਰਡ ਵਿਚ ਉਸ ਦਾ ਪਹਿਲਾ ਫੇਰਾ ਸੀ। ਚੌਧਰੀ ਸ਼ੇਰ ਜੰਗ ਇਕੱਲਾ ਹੀ 'ਬੀ ਕਲਾਸ' ਕੈਦੀ ਸੀ। ਉਹ ਮੁਲਤਾਨ ਜੇਲ੍ਹ ਦੇ ਸਮੇਂ ਤੋਂ ਸੁਪਰਡੈਂਟ ਦਾ ਵਾਕਫ਼ ਸੀ ਤੇ ਉਹ ਕੋਠੜੀ ਸਾਹਮਣੇ ਆਪਸ ਵਿਚੀਂ ਗੱਲਾਂ ਕਰਨ ਲੱਗ ਪਏ। ਅਸੀਂ ਦੂਜੀ ਕਤਾਰ ਦੀਆਂ ਕੋਠੜੀਆਂ ਅੱਗੇ ਡਿਪਟੀ ਦੀ ਉਡੀਕ ਵਿਚ ਖੜੇ ਸਾਂ। ਸੁਪਰਡੈਂਟ ਚਾਹੁੰਦਾ ਸੀ ਕਿ ਅਸੀਂ ਵਾਰਡ ਦੇ ਗੇਟ ਅਗੇ ਹੋ ਕੇ ਉਸ ਦਾ ਸੁਆਗਤ ਕਰੀਏ। ਅਸੀਂ ਉਸ ਦੀ ਕੋਈ ਪ੍ਰਵਾਹ ਨਾ ਕੀਤੀ। ਇਸ 'ਤੇ ਉਹ ਗੁੱਸੇ 'ਚ ਆ ਗਿਆ। ਅਗਲੇ ਦਿਨ ਉਸ ਨੇ ਵਾਰਡਰ ਰਾਹੀਂ ਸਾਨੂੰ ਸੁਨੇਹਾ ਭੇਜ ਕੇ ਹਦੈਤ ਕੀਤੀ ਕਿ ਅਸੀਂ 'ਸੀ ਕਲਾਸ' ਦੇ ਨਿਯਮ ਅਨੁਸਾਰ ਆਪਣੀਆਂ ਕੋਠੜੀਆਂ ਅੱਗੇ ਲਾਈਨ ਬਣਾ ਕੇ ਬੈਠੀਏ, ਨਾ ਕਿ ਮੁਜ਼ਾਹਰਾਕਾਰੀਆਂ ਦੀ ਤਰ੍ਹਾਂ ਅਵਾਗੌਣ ਤੁਰੇ ਫਿਰੀਏ। ਅਸੀਂ ਉਸ ਦੇ ਜ਼ਾਬਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਉਹ ਹੋਰ ਗੁੱਸੇ 'ਚ ਆ ਗਿਆ।*

*ਦੋ ਦਿਨਾਂ ਪਿਛੋਂ ਉਹ ਫਿਰ ਫੇਰਾ ਲਾਉਣ ਆਇਆ, ਤਾਂ ਪੰ. ਕਿਸ਼ੋਰੀ ਲਾਲ ਨੇ ਉਸ ਕੋਲ ਆਪਣੇ ਪਾਟੇ ਹੋਏ ਕਪੜਿਆਂ ਦੀ ਸ਼ਿਕਾਇਤ ਕੀਤੀ। ਸੁਪਰਡੈਂਟ ਨੇ ਹਾਕਮਾਨਾਂ ਲਹਿਜ਼ੇ ਵਿਚ ਕਿਹਾ, "ਇਹ ਅਜੇ ਚਲ ਸਕਦੇ ਹਨ।"*

*ਉਸ ਨੇ ਪੰ. ਕਿਸ਼ੋਰੀ ਲਾਲ ਦੀ ਕੋਠੜੀ ਦੀ ਤਲਾਸ਼ੀ ਲੈਣੀ ਚਾਹੀ, ਤਾਂ ਅੰਦਰ ਫਾਲਤੂ ਕਪੜੇ ਵੇਖ ਕੇ ਉਹ ਗੁੱਸੇ ਵਿਚ ਗਰਜਿਆ, "ਤੂੰ ਅੰਦੋਲਨਕਾਰੀ ਤੇ ਸ਼ਰਾਰਤੀ ਹੁੰਦਿਆਂ ਹੋਇਆਂ ਵੀ ਸ਼ਿਕਾਇਤ ਕਰਦੈਂ, ਆਪਣੇ ਕਮਰੇ ਵਿਚ ਗ਼ੈਰ-ਕਨੂੰਨੀ ਚੀਜ਼ਾਂ ਰੱਖਦੈਂ!"*

*"ਮੈਂ ਅਜਿਹੇ ਨਿਰਾਦਰੀ ਭਰੇ ਤਬਸਰੇ ਸੁਣਨ ਦਾ ਆਦੀ ਨਹੀਂ", ਪੰ. ਕਿਸ਼ੋਰੀ ਲਾਲ ਨੇ ਨਿਝੱਕ ਹੋ ਕੇ ਉਤਰ ਦਿੱਤਾ।*

*"ਮੈਂ ਤੈਨੂੰ ਦੱਸਦਾਂ ਕਿ ਅਫਸਰ ਦੀ ਇੱਜ਼ਤ ਕਿਸ ਤਰ੍ਹਾਂ ਕੀਤੀ ਜਾਂਦੀ ਹੈ", ਜੇਲ੍ਹ ਸੁਪਰਡੈਂਟ ਨੇ ਵੰਗਾਰਿਆ।*

*"ਜਾਅ, ਤੂੰ ਜੋ ਕਰਨਾ ਕਰ ਲਈਂ!" ਪੰ. ਕਿਸ਼ੋਰੀ ਲਾਲ ਨੇ ਉਤਰ ਦਿੱਤਾ।*

*ਸੁਪਰਡੈਂਟ ਨੇ ਗੁੱਸੇ 'ਚ ਲੋਹਾ ਲਾਖਾ ਹੁੰਦਿਆਂ ਕਿਹਾ, "ਤੂੰ ਇਕ ਵਾਰੀ ਹੋਰ ਬੋਲ, ਤੈਨੂੰ ਮੈਂ ਹੁਣੇ ਡਾਂਗਾਂ ਨਾਲ ਸਿੱਧਾ ਕਰਾਉਂਦਾ।"*

*ਏਨੇ ਚਿਰ ਨੂੰ ਅਸੀਂ ਸਾਰੇ ਪੰਡਤ ਕਿਸ਼ੋਰੀ ਲਾਲ ਦੀ ਕੋਠੜੀ ਸਾਹਮਣੇ ਇਕੱਠੇ ਹੋ ਚੁੱਕੇ ਸੀ ਤੇ ਧੀਰਜ ਨਾਲ ਅਸੀਂ ਸਾਰਿਆਂ ਨੇ ਇਕੋ ਆਵਾਜ਼ 'ਚ ਉਸ ਨੂੰ ਕਿਹਾ, "ਅਸੀਂ ਤੇਰੇ ਲਾਠੀਚਾਰਜ ਦਾ ਸਾਮ੍ਹਣਾ ਕਰਨ ਲਈ ਤਿਆਰ ਹਾਂ।"*

*ਸੁਪਰਡੈਂਟ ਵਾਰਡਰਾਂ ਨੂੰ ਹੁਕਮ ਦੇ ਕੇ ਕਿ ਉਹ ਸਾਨੂੰ ਕੋਠੜੀਆਂ ਵਿਚ ਬੰਦ ਕਰਨ ਅਤੇ ਕੋਠੜੀਆਂ ਦੀ ਤਲਾਸ਼ੀ ਲੈਣ ਆਪ ਚਲਾ ਗਿਆ। ਅਸੀਂ ਕੋਠੜੀਆਂ ਅੰਦਰ ਪਖਾਨਾ ਕਰਨ ਅਤੇ ਬਿਨ੍ਹਾਂ ਨਹਾਇਆਂ ਰੋਟੀ ਖਾਣ ਦੇ ਆਦੀ ਨਹੀਂ ਸਾਂ। ਅਸੀਂ ਹੁਣ ਭੁੱਖ-ਹੜਤਾਲ ਕਰਨ ਦੇ ਰੌਂਅ ਵਿਚ ਸੀ, ਤਾਂ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਨੇ ਸਲਾਹ ਕਰਕੇ ਸਾਨੂੰ ਮਨਾਉਣ ਲਈ ਵਾਰਡਨ ਨੂੰ ਭੇਜਿਆ। ਅਸੀਂ ਉਸ ਨੂੰ ਸ਼ਰਤ ਦੱਸੀ ਕਿ ਸੁਪਰਡੈਂਟ ਆਪਣੇ ਦੁਰਵਿਵਹਾਰ ਲਈ ਸਾਥੋਂ ਮੁਆਫੀ ਮੰਗੇ। ਸਾਡੇ ਦੋ ਨੁਮਾਇੰਦਿਆਂ ਕੋਲ ਆ ਕੇ ਉਹ ਮੁਆਫ਼ੀ ਮੰਗਣ ਲਈ ਤਿਆਰ ਹੋ ਗਿਆ ਸੀ। ਜੋ ਪੰ.ਕਿਸ਼ੋਰੀ ਲਾਲ ਦੀ ਦਲੇਰੀ ਤੇ ਫੌਲਾਦੀ ਇਰਾਦੇ ਦਾ ਹੀ ਇਹ ਕਮਾਲ ਸੀ।*

ਸ. ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਾਏ ਜਾਣ ਵਿਰੁੱਧ ਸਾਰੇ ਭਾਰਤ ਵਿਚ ਰੋਸ ਦੀ ਇਕ ਵੱਡੀ ਲਹਿਰ ਉਠੀ ਸੀ। ਇਸ ਬਾਰੇ ਪੰਡਤ ਜੀ ਨੇ ਦੱਸਿਆ ਸੀ, "ਉਸ ਸਮੇਂ ਮੁਲਤਾਨ ਜੇਲ੍ਹ ਵਿਚ ਸੀ। ਸਾਨੂੰ ਅਗਲੇ ਦਿਨ ਸ਼ਾਮ ਨੂੰ ਜੇਲ੍ਹ ਵਿਚ ਇਹ ਖ਼ਬਰ ਮਿਲ ਗਈ ਸੀ। ਜੇਲ੍ਹ ਅਧਿਕਾਰੀਆਂ ਤੋਂ ਸਾਨੂੰ ਖ਼ਬਰ ਮਿਲੀ ਕਿ ਮੁਲਤਾਨ ਮੁਕੰਮਲ ਤੌਰ 'ਤੇ ਲਾਹੌਰ ਨਾਲੋਂ ਕਟਿਆ ਜਾ ਚੁੱਕਾ ਹੈ। ਅਗਲੇ ਦਿਨ ਲਾਹੌਰ ਤੋਂ ਮੁਲਤਾਨ ਆਈ ਗੱਡੀ ਰਾਹੀਂ ਪੁੱਜੀ ਖ਼ਬਰ ਨਾਲ ਸਾਰਾ ਮੁਲਤਾਨ ਮੁਕੰਮਲ ਬੰਦ ਹੋ ਗਿਆ ਸੀ, ਜੇਲ੍ਹ ਅੰਦਰ ਵੀ ਅਸੀਂ ਰੋਸ ਮੀਟਿੰਗ ਕੀਤੀ। ਪਿੱਛੋਂ ਵੀ ਪੁੱਜਦੀਆਂ ਖ਼ਬਰਾਂ ਤੋਂ ਸਾਨੂੰ ਪਤਾ ਲੱਗ ਗਿਆ ਕਿ ਦੇਸ਼ ਅੰਦਰ ਇਨ੍ਹਾਂ ਫਾਂਸੀਆਂ ਵਿਰੁੱਧ ਵਿਆਪਕ ਰੋਸ ਹੈ।"

ਬੱਬਰ ਅਕਾਲੀ ਤੇ ਇਨਕਲਾਬੀ ਕੈਦੀਆਂ ਨੇ ਇਸ ਰੋਸ ਨੂੰ ਕਦੇ ਵੀ ਮੱਠਾ ਨਾ ਹੋਣ ਦਿੱਤਾ। 1936-37 ਦੀਆਂ ਅਸੰਬਲੀ ਚੋਣਾਂ ਸਮੇਂ ਬਹੁਤ ਸਾਰੇ ਸੂਬਿਆਂ ਵਿਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਬਣ ਗਈਆਂ ਸਨ। ਕਾਂਗਰਸ ਦੇ ਹਰੀਪੁਰ (ਗੁਜਰਾਤ) ਵਾਲੇ ਭਰੇ ਅਜਲਾਸ ਵਿਚ ਯੂ.ਪੀ. ਦੇ ਚੀਫ ਮਨਿਸਟਰ ਸ੍ਰੀ ਪੰਡਿਤ ਗੋਬਿੰਦ ਵਲਭ ਪੰਤ ਨੇ ਐਲਾਨ ਕੀਤਾ ਕਿ ਉਹ ਲਖਨਾਊ ਪੁੱਜਦੇ ਸਾਰ ਹੀ ਸਾਰੇ ਕਰਾਂਤੀਕਾਰੀ ਕੈਦੀਆਂ ਦੀ ਰਿਹਾਈ ਦਾ ਹੁਕਮ ਜਾਰੀ ਕਰ ਦੇਵੇਗਾ ਜਿਹੜੇ ਵੀ ਯੂ.ਪੀ. ਦੀਆਂ ਜੇਲ੍ਹਾਂ ਵਿਚ ਬੰਦ ਹਨ। ਇਸ ਦੀ ਪੈਰਵੀ ਬਿਹਾਰ ਦੇ ਮੁੱਖ ਮੰਤਰੀ ਨੇ ਵੀ ਇਜਲਾਸ ਵਿਚ ਕਰ ਦਿੱਤੀ ਸੀ। ਵਜ਼ਾਰਤਾਂ ਦੇ ਫੈਸਲਿਆਂ ਤੇ ਅਮਲ ਨਹੀਂ ਸੀ ਹੋ ਸਕਦਾ ਜਿੰਨਾ ਚਿਰ ਉੱਥੋਂ ਦਾ ਗਵਰਨਰ ਮਨਜ਼ੂਰੀ ਨਹੀਂ ਸੀ ਦਿੰਦਾ। ਗਵਰਨਰ ਅੰਗਰੇਜ਼ ਸਨ। ਅੰਗਰੇਜ਼ ਹਕੂਮਤ ਨੇ ਇਨ੍ਹਾਂ ਦੋਹਾਂ ਵਜ਼ਾਰਤਾਂ ਦੇ ਫੈਸਲੇ ਨੂੰ ਠੁਕਰਾ ਦਿੱਤਾ ਅਤੇ ਕੁਝ ਸ਼ਰਤਾਂ ਰੱਖ ਦਿੱਤੀਆਂ। ਮਹਾਤਮਾ ਗਾਂਧੀ ਨੇ ਇਸ ਤੇ ਐਲਾਨ ਕੀਤਾ ਕਿ ਜੇ ਕਿਸੇ ਸੂਬੇ ਦਾ ਚੀਫ਼ ਮਨਿਸਟਰ ਆਪਣੀ ਕੈਬਨਿਟ ਦੇ ਫ਼ੈਸਲੇ ਮੁਤਾਬਿਕ ਇਕ ਕੈਦੀ ਨੂੰ ਵੀ ਰਿਹਾ ਨਹੀਂ ਕਰ ਸਕਦਾ

ਤਾਂ ਉਹ ਕਾਹਦਾ ਚੀਫ਼ ਮਨਿਸਟਰ ਹੈ ਤੇ ਉਸਦੀ ਵਜ਼ਾਰਤ ਦੀ ਕੀਮਤ ਹੀ ਕੀ ਰਹਿ ਜਾਂਦੀ ਹੈ ? ਸੋ ਸੱਤਾਂ ਸੂਬਿਆਂ ਦੀਆਂ ਕਾਂਗਰਸੀ ਵਜ਼ਾਰਤਾਂ ਨੇ ਆਪਣੇ-ਆਪਣੇ ਅਸਤੀਫ਼ੇ ਗਵਰਨਰਾਂ ਦੇ ਹੱਥ ਫੜਾ ਦਿੱਤੇ ਸਨ। ਇਸ ਨਾਲ ਗਵਰਨਰ ਕੁੜਿੱਕੀ ਵਿਚ ਫਸ ਗਏ ਸਨ। ਆਖਿਰਕਾਰ ਸੱਤਾਂ ਸੂਬਿਆਂ ਦੀਆਂ ਵਜ਼ਾਰਤਾਂ ਦੇ ਅਸਤੀਫ਼ੇ ਨਾ-ਮਨਜ਼ੂਰ ਕਰਕੇ ਅੰਗਰੇਜ ਹਕੂਮਤ ਕਰਾਂਤੀਕਾਰੀਆਂ ਨੂੰ ਰਿਹਾ ਕਰਨ ਲਈ ਮਜਬੂਰ ਹੋ ਗਈ ਸੀ। ਇਸੇ ਦਾ ਅਸਰ ਬਾਕੀ ਚਾਰ ਸੂਬਿਆਂ ਤੇ ਵੀ ਪੈਣਾ ਹੀ ਸੀ। ਜਿਨ੍ਹਾਂ ਵਿੱਚੋਂ ਪੰਜਾਬ ਵੀ ਸੀ। ਇਕੋ ਧਾਰਾ ਦੇ ਮੁਜ਼ਰਮ ਅਦਾਲਤ 'ਚੋਂ ਸਜ਼ਾ ਖਾ ਕੇ ਕੁਝ ਤਾਂ ਬਾਹਰ ਆ ਜਾਣ ਅਤੇ ਕੁਝ ਬੰਦ ਰਹਿਣ ਜਦੋਂ ਕਿ ਉਹ ਸਰਕਾਰਾਂ ਵੀ ਲੋਕਾਂ ਦੀਆਂ ਵੋਟਾਂ ਨਾਲ ਚੁਣੀਆਂ ਗਈਆਂ ਹੋਣ ਤੇ ਉਨ੍ਹਾਂ ਦੇ ਅਧਿਕਾਰ ਵੀ ਕਾਂਗਰਸੀ ਵਜ਼ੀਰਾਂ ਜਿੰਨੇ ਹੀ ਹੋਣ। ਇਸ ਪ੍ਰਕਿਰਿਆ ਵਿੱਚ ਜਨਵਰੀ 1938 ਵਿਚ ਦੇਸ਼ ਭਰ ਦੀਆਂ ਜੇਲ੍ਹਾਂ ਦੇ ਕੁੱਲ ਕਰਾਂਤੀਕਾਰੀ ਕੈਦੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਵੀ ਉਨੇਂ ਹੀ ਦੇਸ਼ ਭਗਤ ਹਨ ਜਿੰਨੇ ਕਾਂਗਰਸੀ। ਜੇ ਨਵੀਆਂ ਗੈਰ ਬਣੀਆਂ ਕਾਂਗਰਸੀ ਸਰਕਾਰਾਂ ਵੱਲੋਂ ਕਾਂਗਰਸੀ ਜੇਲ੍ਹਾਂ ਵਿੱਚੋਂ ਛੱਡੇ ਜਾ ਸਕਦੇ ਹਨ ਤਾਂ ਗੈਰ ਕਾਂਗਰਸੀ ਸੂਬਿਆਂ ਦੀਆਂ ਜੇਲ੍ਹਾਂ ਵਿਚਲੇ ਕਰਾਂਤੀਕਾਰੀ ਕਿਉਂ ਨਹੀਂ ਛੱਡੇ ਜਾ ਸਕਦੇ ?

ਕਰਾਂਤੀਕਾਰੀਆਂ ਦੇ ਉਕਤ ਐਲਾਨ ਮੁਤਾਬਕ ਲਾਹੌਰ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਪਹਿਲਾਂ ਗ਼ਦਰੀ ਬਾਬਾ ਗੁਰਮੁਖ ਸਿੰਘ ਅਤੇ ਬੱਬਰ ਸੁਰੈਣ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕੀਤੀ। ਅਗਲੇ ਹੀ ਦਿਨ ਦੋ ਹੋਰ ਬੱਬਰਾਂ ਭੋਲਾ ਸਿੰਘ ਧਾਮੀਆਂ ਤੇ ਭੋਲਾ ਸਿੰਘ ਕਾਠੇ ਨੇ ਭੁੱਖ ਹੜਤਾਲ ਕੀਤੀ ਹੋਈ ਸੀ। ਜਿਸ ਬਾਰੇ ਪਤਾ ਉਦੋਂ ਹੀ ਲੱਗਾ ਜਦ ਬਾਬਾ ਗੁਰਮੁਖ ਸਿੰਘ ਦੇ ਭਰਾ ਸ. ਚੜਤ ਸਿੰਘ 6 ਜਨਵਰੀ 1938 ਨੂੰ ਮੁਲਾਕਾਤ ਕਰਨ ਲਈ ਗਿਆ ਸੀ। ਤੀਜੇ ਦਿਨ ਦੋਹਾਂ ਜੇਲ੍ਹਾਂ ਦੇ ਸਾਰੇ ਕਰਾਂਤੀਕਾਰੀਆਂ ਜਿਵੇਂ ਪੰਡਿਤ ਕਿਸ਼ੋਰੀ ਲਾਲ, ਕਾਮਰੇਡ ਧਨਵੰਤਰੀ, ਮਨੀ ਰਾਮ, ਖੁਸ਼ੀ ਰਾਮ, ਰੂਪ ਲਾਲ, ਜਗੀਰੀ ਲਾਲ, ਗੁਲਸ਼ਨ ਸਿੰਘ ਤੇ ਹਜਾਰਾ ਸਿੰਘ ਕਿਰਤੀ ਆਦਿ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ

ਇਸ ਦੇ ਖਿਲਾਫ਼ ਕਾਂਗਰਸ ਸ਼ੋਸਲਿਸਟ ਪਾਰਟੀ ਤੇ ਕਿਰਤੀਆਂ ਦੀ ਦੇਖ-ਰੇਖ ਹੇਠ ਲਾਹੌਰ ਦੇ ਮੋਰੀ ਦਰਵਾਜ਼ੇ ਦੇ ਬਾਹਰ ਬਾਗ਼ ਵਿਚ ਰੋਸ ਜਲਸਾ ਕਰਕੇ ਲਾਹੌਰ ਵਿੱਚ ਅਸੈਂਬਲੀ ਅੱਗੇ ਮੁਜ਼ਾਹਰਾ ਕਰਨ ਦੇ ਸੱਦੇ ਤੇ ਤਿਆਰੀ ਸ਼ੁਰੂ ਹੋ ਗਈ। ਇਕ ਦਿਨ ਪਹਿਲਾਂ ਹੀ ਪੰਜਾਬ ਦੇ ਕੋਨੇ-ਕੋਨੇ ਤੋਂ ਲੱਖ ਤੋਂ ਵੱਧ ਲੋਕ ਲਾਹੌਰ ਪੁੱਜ ਗਏ ਅਤੇ ਲਾਹੌਰ ਦੇ ਪਾਰਕ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਨਾਲ ਭਰ ਗਏ ਸਨ। ਬਾਬਾ ਸੰਤਾ ਸਿੰਘ ਗੰਡੀਵਿੰਡ ਤੇ ਭਗਵਾਨ ਸਿੰਘ ਸੇਖੂਪੁਰਾ ਫੁੱਲਾਂ ਦੇ ਹਾਰ ਪਾਈ ਜਲੂਸ ਦੀ ਅਗਵਾਈ ਕਰ ਰਹੇ ਸਨ। ਵਾ-ਜ਼ਾਬਤਾ ਇਕ ਲੱਖ ਦਾ ਜਲੂਸ ਅਨਾਰਕਲੀ ਬਜ਼ਾਰ ਵਿੱਚ ਪੁੱਜਣ ਤੋਂ ਪਹਿਲਾਂ ਮੁਸਲਮ ਮੁਹੱਲੇ ਦੇ ਖੁੱਲ੍ਹੇ ਮੈਦਾਨ ਵਿੱਚ ਕੰਡੇਦਾਰ ਤਾਰ ਲਾ ਕੇ ਰੋਕ ਦਿੱਤਾ ਗਿਆ ਸੀ ਅਤੇ ਗਲੀ ਦੇ ਸਾਹਮਣੇ ਮਸ਼ੀਨਗਨ ਬੀੜ ਕੇ ਅੰਗਰੇਜ਼ ਅਫਸਰ ਦੀ ਕਮਾਂਡ ਹੇਠ ਹਥਿਆਰਬੰਦ ਫੋਰਸ ਤਾਇਨਾਤ ਕੀਤੀ ਗਈ ਸੀ।

ਇਸ ਦ੍ਰਿਸ਼ ਨੂੰ ਆਜ਼ਾਦੀ ਘੁਲਾਟੀਏ ਰਾਮ ਨਾਥ ਸ਼ਰਮਾ ਨੇ ਇਉਂ ਪੇਸ਼ ਕੀਤਾ ਹੈ : ਬਾਬਾ ਸੋਹਣ ਸਿੰਘ ਭਕਨਾ, ਕਾਂਗਰਸ ਪ੍ਰਧਾਨ ਡਾ. ਸਤਪਾਲ, ਛੰਨੋ ਦੇਵੀ ਤੇ ਕਿਦਾਰ ਨਾਥ ਸਹਿਗਲ ਇਕ ਪਾਸੇ ਅਤੇ ਮੁਨਸ਼ੀ ਅਹਿਮਦ ਦੀਨ, ਬੂਝਾ ਸਿੰਘ, ਭਗਤ ਸਿੰਘ ਬਿਲਗਾ, ਮੁਬਾਰਕ ਸਾਗਰ ਤੇ ਮੋਹਨ ਲਾਲ ਦੂਜੇ ਪਾਸੇ ਜਲੂਸ ਦੇ ਵਲੰਟੀਅਰਾਂ ਦੇ ਸੱਜੇ-ਖੱਬੇ ਕੰਡੇਦਾਰ ਤਾਰ ਦੇ ਸਾਹਮਣੇ

ਖੜੇ ਸਨ। ਜਲੂਸ ਨਾਅਰੇ ਲਾ ਰਿਹਾ ਸੀ।

"ਸਿਆਸੀ ਕੈਦੀਆਂ ਨੂੰ ਰਿਹਾਅ ਕਰੋ, ਅੰਡੇਮਾਨ ਤੋਂ ਵਾਪਸ ਲਿਆਉ।"

ਲੋਕ ਹੜ੍ਹ ਤੇ ਰੋਹ ਨੂੰ ਦੇਖ ਕੇ ਮੁੱਖ ਮੰਤਰੀ ਸਿਕੰਦਰ ਹਯਾਤ ਨੇ ਸ਼ਾਮ 6 ਵਜੇ ਤੁਰੰਤ ਪੁਲਸ ਨੂੰ ਵਾਪਸ ਬੁਲਾ ਲਿਆ ਅਤੇ ਕੰਡੇਦਾਰ ਤਾਰ ਚੁੱਕਾ ਦਿੱਤੀ ਸੀ। ਜਲੂਸ ਅਨਾਰਕਲੀ ਬਜ਼ਾਰ ਵਿਚ ਦਾਖਲ ਹੋ ਕੇ ਸਿਵਲ ਲਾਈਨ ਹੁੰਦਾ ਹੋਇਆ ਅਸੈਂਬਲੀ ਹਾਲ ਅੱਗੇ ਜਾ ਪੁੱਜਾ ਅਤੇ ਪੂਰੀ ਕਾਮਯਾਬੀ ਨਾਲ ਖ਼ਤਮ ਹੋਇਆ ਸੀ। ਇਸ ਨਾਲ ਦੇਸ਼ ਭਗਤ ਕੈਦੀਆਂ ਨੂੰ ਜੇਲ੍ਹਾਂ 'ਚੋਂ ਰਿਹਾ ਕਰਾਉਣ ਲਈ ਜ਼ੋਰਦਾਰ ਮੁਹਿੰਮ ਸ਼ੁਰੂ ਹੋ ਗਈ ਜਿਸਦੀ ਵਾਂਗ ਡੋਰ "ਦੇਸ਼ ਭਗਤ ਕੈਦੀ ਛੁਡਾਉ ਕਮੇਟੀ" ਦੇ ਹੱਥ ਸੀ।

ਇਸ ਸਬੰਧ 'ਚ ਇਕ ਭਾਰੀ ਜਲਸਾ ਬਾਬਾ ਕਰਮ ਸਿੰਘ ਧੂਤ ਦੀ ਪ੍ਰਧਾਨਗੀ ਹੇਠ 19 ਜਨਵਰੀ 1938 ਨੂੰ ਦਿੱਲੀ ਦੇ ਅਜ਼ਾਦ ਪਾਰਕ ਵਿਚ 6.30 ਵਜੇ ਰੱਖਿਆ ਗਿਆ ਸੀ। ਇਸ ਦੀ ਤਿਆਰੀ ਲਈ ਛਪੇ ਇਸ਼ਤਿਹਾਰ ਵਿਚ ਲਿਖਿਆ ਸੀ :

*ਸਾਥੀਓ!*

*ਇਸ ਸਮੇਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਦੋ ਦਰਜਨ ਦੇਸ਼ ਭਗਤ ਕੈਦੀ ਭੁੱਖ ਹੜਤਾਲ 'ਤੇ ਹਨ। ਜਿਨ੍ਹਾਂ ਨੇ ਨਿਸ਼ਚਾ ਕੀਤਾ ਹੋਇਆ ਹੈ ਕਿ 'ਜਾਂ ਤਾਂ ਉਹ ਰਿਹਾਈ ਪ੍ਰਾਪਤ ਕਰਨਗੇ ਜਾਂ ਫਿਰ ਸ਼ਹੀਦ-ਏ-ਆਜ਼ਮ ਜਤਿੰਦਰ ਨਾਥ ਦਾਸ ਦੇ ਕਦਮਾਂ 'ਤੇ ਚੱਲਦਿਆਂ ਹੋਇਆਂ ਸ਼ਹੀਦੀ ਜਾਮ ਪੀਣਗੇ।' ਰੌਂਗਟੇ ਖੜ੍ਹੇ ਕਰ ਦੇਣ ਵਾਲਾ ਅਜਿਹਾ ਬਿਆਨ ਸੁਣ ਕੇ ਕੋਈ ਵੀ ਹੱਥ ਤੇ ਹੱਥ ਰੱਖ ਕੇ ਨਹੀਂ ਬੈਠ ਸਕਦਾ, ਕਿਉਂਕਿ ਇਸ ਮਸਤਾਨੇ ਨਾਅਰੇ ਨੂੰ ਬੁਲੰਦ ਕਰਨ ਵਾਲੇ ਆਜ਼ਾਦੀ ਸ਼ਮਾਂ ਦੇ ਉਹ ਪ੍ਰਵਾਨੇ ਹਨ ਜੋ ਦੇਸ਼ ਦੀ ਖ਼ਾਤਰ ਜੇਲ੍ਹਾਂ ਅੰਦਰ ਸੜ ਰਹੇ ਹਨ ਅਤੇ ਜਿਨ੍ਹਾਂ ਮੌਤ ਨੂੰ ਗਲੇ ਲਾਉਣ ਲਈ ਭੁੱਖ ਹੜਤਾਲ ਕੀਤੀ ਹੋਈ ਹੈ। ਇਨ੍ਹਾਂ ਵਿਚ ਕਾਮਰੇਡ ਗੁਰਮੁਖ ਸਿੰਘ ਲਲਤੋਂ, ਬੱਬਰ ਸੁਰੈਣ ਸਿੰਘ, ਕਾਮਰੇਡ ਧਨਵੰਤਰੀ, ਚੌਧਰੀ ਸ਼ੇਰ ਜੰਗ, ਪੰ. ਕਿਸ਼ੋਰੀ ਲਾਲ ,ਪ੍ਰੇਮ ਪ੍ਰਕਾਸ਼, ਹਜਾਰਾ ਸਿੰਘ, ਖੁਸ਼ੀ ਰਾਮ ਮਹਿਤਾ (ਊਟੀ ਬੰਬ ਕੇਸ, ਮਦਰਾਸ), ਬੱਬਰ ਅਕਾਲੀ ਊਧਮ ਸਿੰਘ, ਬਚਿੱਤ ਸਿੰਘ ਆਦਿ ਵੀ ਭੁੱਖ ਹੜਤਾਲ ਕਰੀ ਬੈਠੇ ਹਨ। ਦੇਸ਼ ਦੀ ਆਜਾਦੀ ਦਾ ਝੰਡਾ ਚੁੱਕੀ ਰੱਖਣ ਵਾਲੇ ਸੱਚੀਂ-ਮੁੱਚੀਂ ਦੇ ਇਹੀ ਸੂਰਬੀਰ ਦੇਸ਼ ਭਗਤ ਸਨ, ਜਿਨ੍ਹਾਂ ਦੀਆਂ ਕੁਰਬਾਨੀਆਂ ਕਰਕੇ ਦੇਸ਼ ਦੇ ਸੱਤ ਸੂਬਿਆਂ ਦੀਆਂ ਸਰਕਾਰਾਂ ਕਾਂਗਰਸ ਦੇ ਕਬਜ਼ਿਆਂ ਵਿਚ ਆ ਗਈਆਂ ਹਨ ਤਾਂ ਫਿਰ ਆਜ਼ਾਦੀ ਦੀ ਸ਼ਮਾਂ ਦੇ ਇਹ ਪ੍ਰਵਾਨੇ ਜੇਲ੍ਹਾਂ ਵਿਚ ਹਨ। ਇਸ ਲਈ ਦਿੱਲੀ ਵਾਸੀਆਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਇਨ੍ਹਾਂ ਬਹਾਦਰ ਨੌਜਵਾਨਾਂ ਦੀ ਰਿਹਾਈ ਲਈ ਜਦੋ ਜਹਿਦ ਕਰਨ ਅਤੇ ਇਸ ਜਲਸੇ ਵਿਚ ਸ਼ਾਮਲ ਹੋ ਕੇ ਇਕਮੁੱਠਤਾ ਪ੍ਰਗਟ ਕਰਨ।'*

ਇਸ ਹਾਲਤ 'ਚ ਪੰਜਾਬ ਦਾ ਚੀਫ਼ ਮਨਿਸਟਰ ਸਕੰਦਰ ਹਿਯਾਤ ਖਾਂ ਮਜ਼ਬੂਰ ਹੋ ਕੇ ਪਹਿਲਾਂ ਤਾਂ ਪੰਜਾਬ ਦੇ ਗਵਰਨਰ ਨੂੰ ਮਿਲਿਆ ਅਤੇ ਫਿਰ ਸਿੱਧਾ ਦਿੱਲੀ ਗਵਰਨਰ ਜਨਰਲ ਨੂੰ ਅਤੇ ਦੇਸ਼ ਭਗਤ ਕੈਦੀਆਂ ਦੀ ਰਿਹਾਈ ਕਰਨ ਦੀ ਮਨਜ਼ੂਰੀ ਹਾਸਲ ਕਰਕੇ ਲਾਹੌਰ ਪਰਤਿਆ ਸੀ। ਉਸ ਨੇ ਕਾਂਗਰਸ ਦੇ ਲੀਡਰ ਡਾਕਟਰ ਗੋਪੀ ਚੰਦ ਭਾਰਗੋ ਨੂੰ ਸੱਦਾ ਭੇਜਿਆ ਕਿ ਉਹ ਪੰਜਾਬ ਸਰਕਾਰ ਵੱਲੋਂ ਜਾਤੀ ਤੌਰ ਉੱਤੇ ਜੇਲ੍ਹਾਂ ਅੰਦਰ ਜਾ ਕੇ ਸਭ ਕ੍ਰਾਂਤੀਕਾਰੀਆਂ ਨੂੰ ਯਕੀਨ ਦੁਆ ਦੇਵੇ ਕਿ ਪੰਜਾਬ ਸਰਕਾਰ ਸਾਲ 1938 ਦੇ ਅੰਦਰ-ਅੰਦਰ ਉਹਨਾਂ ਨੂੰ ਰਿਹਾ ਕਰ ਦੇਵੇਗੀ। ਉਹ ਭੁੱਖ ਹੜਤਾਲ ਬੰਦ ਕਰ ਦੇਣ। ਇਸ ਤਰ੍ਹਾਂ ਬੱਬਰਾਂ ਦੀਆਂ ਰਿਹਾਈਆਂ ਸ਼ੁਰੂ ਹੋ ਗਈਆਂ। ਸਿਵਾਏ

ਬਾਬਾ ਗੁਰਮੁਖ ਸਿੰਘ ਦੇ ਬਾਕੀ ਸਾਰੇ ਗ਼ਦਰੀ 1938 ਵਿਚ ਰਿਹਾ ਕਰ ਦਿੱਤੇ ਗਏ ਸਨ। ਇਸ ਤੋਂ ਬਾਅਦ ਅਹਿਮਦਗੜ੍ਹ ਡਕੈਤੀ ਕੇਸ ਵਾਲੇ ਸ਼ੇਰ ਜੰਗ, ਹਰਨਾਮ ਸਿੰਘ ਚਮਕ, ਸਾਹਿਬ ਸਿੰਘ ਤੇ ਗਿਆਨੀ ਜਸਵੰਤ ਸਿੰਘ ਛੱਡ ਦਿੱਤੇ ਗਏ। ਅਖੀਰ ਵਿਚ ਪੰਡਿਤ ਕਿਸ਼ੋਰੀ ਲਾਲ, ਗੁਲਾਬ ਸਿੰਘ, ਧਨਵੰਤਰੀ ਅਤੇ ਉਨ੍ਹਾਂ ਦੇ ਬਾਕੀ ਸਾਥੀ 1938 ਦਾ ਸਾਲ ਖ਼ਤਮ ਤੋਂ ਪਹਿਲਾਂ ਰਿਹਾ ਕਰ ਦਿੱਤੇ ਗਏ ਪਰ ਦੂਜੇ ਸੰਸਾਰ ਯੁੱਧ ਦੇ ਕਾਰਨ ਪੰ. ਕਿਸ਼ੋਰੀ ਲਾਲ ਤੇ ਕਾ. ਧਨਵੰਤਰੀ ਦੁਬਾਰਾ ਗ੍ਰਿਫ਼ਤਾਰ ਕਰ ਲਏ ਗਏ ਸਨ

ਇਸ ਤਰ੍ਹਾਂ ਪੰ. ਕਿਸ਼ੋਰੀ ਲਾਲ ਲਾਹੌਰ, ਬੋਸਟਲ ਜੇਲ੍ਹ, ਮੁਲਤਾਨ, ਨਵਾਂ ਮੁਲਤਾਨ, ਮਿੰਟਗੁਮਰੀ ਆਦਿ ਜੇਲ੍ਹਾਂ ਵਿਚ 18 ਸਾਲ ਸਜ਼ਾ ਭੁਗਤ ਕੇ 1946 ਵਿਚ ਰਿਹਾ ਹੋ ਕੇ ਬਾਹਰ ਆਏ, ਤਾਂ ਹਾਲਾਤ ਬਹੁਤ ਬਦਲ ਚੁੱਕੇ ਸਨ। ਅੰਗਰੇਜ਼ ਸਾਮਰਾਜ ਨੂੰ ਪਤਾ ਲੱਗ ਚੁੱਕਾ ਸੀ ਕਿ ਹਿੰਦੁਸਤਾਨ ਵਿਚ ਉਨ੍ਹਾਂ ਦਾ ਹੋਰ ਰਹਿਣਾ ਹੁਣ ਮੁਮਕਿਨ ਨਹੀਂ। ਕਾਂਗਰਸ ਤੇ ਮੁਸਲਿਮ ਲੀਗ ਪਾਰਟੀਆਂ ਦੇ ਲੀਡਰ ਵਜ਼ਾਰਤ ਦੀਆਂ ਕੁਰਸੀਆਂ ਦੇ ਸੁਪਨੇ ਲੈ ਰਹੇ ਸਨ। ਕਿਸ਼ੋਰੀ ਲਾਲ ਨੇ ਜੇਲ੍ਹ ਵਿਚ ਮਾਰਕਸਿਜ਼ਮ-ਲੈਨਿਨਇਜ਼ਮ ਦਾ ਚਿੰਤਨ ਕੀਤਾ ਤੇ ਉਹ ਪੱਕੇ ਕਮਿਊਨਿਸਟ ਬਣ ਚੁੱਕੇ ਸਨ। ਇਸ ਪਿੱਛੇ ਕਾ. ਸ਼ੌਕਤ ਉਸਮਾਨੀ ਦਾ ਵੱਡਾ ਹੱਥ ਸੀ। ਇਹੀ ਵਜ੍ਹਾ ਕਰਕੇ ਜਦੋਂ ਉਹ ਰਿਹਾ ਹੋਏ, ਤਾਂ ਲਾਹੌਰ ਬ੍ਰੈਡਲਾ ਹਾਲ ਵਿਚ ਉਨ੍ਹਾਂ ਦੇ ਸਵਾਗਤੀ ਸਮਾਗਮ ਸਮੇਂ ਗੋਪੀ ਚੰਦ ਭਾਰਗੋ ਜਿਹੇ ਕਾਂਗਰਸੀ ਆਗੂਆਂ ਵਲੋਂ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਨੂੰ ਉਨ੍ਹਾਂ ਕਾਬੂਲ ਨਾ ਕੀਤਾ ਤੇ ਉਹ ਸਿੱਧੇ ਕਮਿਊਨਿਸਟ ਪਾਰਟੀ ਦੇ ਦਫ਼ਤਰ ਪੁੱਜੇ (ਜੋ 114 ਮੈਕਲੋਡ ਰੋਡ 'ਤੇ ਲੇਡੀ ਫਜ਼ਲ ਹੁਸੈਨ ਬਿਲਡਿੰਗ ਵਿਚ ਸੀ) ਅਤੇ ਆਪਣੇ ਨਿਰਣੇ ਬਾਰੇ ਦਸਿਆ ਕਿ ਕਮਿਊਨਿਸਟ ਪਾਰਟੀ ਦੀ ਸੇਵਾ ਤੋਂ ਬਿਨ੍ਹਾਂ ਉਨ੍ਹਾਂ ਦਾ ਹੋਰ ਕੋਈ ਪ੍ਰੋਗਰਾਮ ਨਹੀਂ। ਉਸ ਸਮੇਂ ਜ਼ਿਲ੍ਹਾ ਲਾਹੌਰ ਦੀ ਕਮਿਊਨਿਸਟ ਪਾਰਟੀ ਦੇ ਸਕੱਤਰ ਕਾਮਰੇਡ ਸਤਵੰਤ ਸਿੰਘ ਸਨ। ਪੰਡਤ ਕਿਸ਼ੋਰੀ ਲਾਲ ਤੇ ਸਤਵੰਤ ਸਿੰਘ ਦਾ ਆਪਸੀ ਮੇਲ ਜ਼ਿੰਦਗੀਆਂ ਦੀ ਸਾਂਝ ਵਿਚ ਵਟ ਗਿਆ ਤੇ ਨਿਭਿਆ। ਉਹ ਲਾਹੌਰ ਜ਼ਿਲ੍ਹਾ ਕਮੇਟੀ ਦੇ ਮੈਂਬਰ ਬਣਾਏ ਗਏ। ਅਗੋਂ ਜਾ ਕੇ ਉਹ ਸੂਬਾ ਕਮੇਟੀ ਦੇ ਪ੍ਰਮੁੱਖ ਆਗੂ ਅਤੇ ਮੋਢੀਆਂ ਵਿਚੋਂ ਇਕ ਸਨ।

ਅਜ਼ਾਦੀ ਸਮੇਂ ਫਿਰਕੂ ਫਸਾਦਾਂ ਦੀ ਹਨੇਰੀ ਸਮੇਂ ਉਨ੍ਹਾਂ ਫਿਰਕੂ ਸਦਭਾਵਨਾ ਕਾਇਮ ਰੱਖਣ ਲਈ ਲੱਕ ਬੰਨ੍ਹ ਲਿਆ। ਮਾਰ-ਧਾੜ ਦੇ ਇਸ ਭਿਆਨਕ ਦੌਰ ਵਿਚ ਕਮਿਊਨਿਸਟ ਪਾਰਟੀ ਨੇ ਪੰ. ਕਿਸ਼ੋਰੀ ਲਾਲ ਜੀ ਦੀ ਡਿਊਟੀ ਕਰਤਾਰਪੁਰ ਲਾ ਦਿੱਤੀ, ਜਿਥੇ ਉਹ ਸ਼ਰਨਾਰਥੀਆਂ ਨੂੰ ਫਸਾਦੀਆਂ ਦੇ ਹਮਲਿਆਂ ਤੋਂ ਬਚਾਉਂਦੇ ਅਤੇ ਰੱਖਿਆ ਕਰਦੇ ਤੇ ਅਗਲੇ ਕਾਫ਼ਲਿਆਂ ਨਾਲ ਮਿਲਾਉਂਦੇ ਸਨ। ਇਸ ਦੇ ਇਵਜ਼ ਵਿਚ ਉਨ੍ਹਾਂ ਨੂੰ ਧਮਕੀਆਂ ਵੀ ਮਿਲਦੀਆਂ ਸਨ ਪਰ ਉਹ ਗੱਜ-ਬੱਜ ਕੇ ਪਹਿਰਾ ਦਿੰਦੇ ਰਹੇ।

ਸੰਨ 1948 ਵਿਚ ਸਨਅਤੀ ਮਜ਼ਦੂਰਾਂ ਦੀ ਜਥੇਬੰਦੀ 'ਏਟਕ' ਦੇ ਉਹ ਸੂਬਾ ਪ੍ਰਧਾਨ ਬਣੇ। ਪਾਰਟੀ ਦੀ ਵੰਡ ਤੋਂ ਬਾਅਦ ਉਹ ਸੀਟੂ ਦੇ ਕਨਵੀਨਰ ਬਣਾਏ ਗਏ। ਅਗੋਂ ਜਾ ਕੇ ਉਹ ਪੰਜਾਬ ਸੀਟੂ ਦੇ ਬਾਨੀ ਪ੍ਰਧਾਨ ਬਣੇ। ਇਸ ਅਹੁਦੇ 'ਤੇ ਉਹ ਲਗਾਤਾਰ ਪੰਜ ਸਾਲ ਕੰਮ ਕਰਦੇ ਰਹੇ।

ਅਗਸਤ 1958 ਨੂੰ ਮੁਕੇਰੀਆਂ ਵਿੱਚ ਪੰ. ਕਿਸ਼ੋਰੀ ਲਾਲ ਦੀ ਪ੍ਰਧਾਨਗੀ ਹੇਠ ਹੋਈ ਕਾਨਫ੍ਰੰਸ ਸਮੇਂ ਉਨ੍ਹਾਂ ਨੂੰ ਦੇਸੀ ਹਾਕਮਾਂ ਦੀ ਸ਼ਹਿ 'ਤੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

ਗ੍ਰਿਫ਼ਤਾਰੀ ਦਾ ਕਾਰਨ ਇਹ ਸੀ ਕਿ ਕਾਨਫ੍ਰੰਸ ਲਈ ਸਪੀਕਰ ਵਜਾਉਣ ਦੀ ਮਨਜ਼ੂਰੀ ਦੇ ਵਕਤ ਤੋਂ ਵੱਧ ਸਮਾਂ ਲੱਗ ਗਿਆ ਸੀ। ਭਾਵੇਂ ਪੰਡਤ ਜੀ ਦੀ ਜ਼ਮਾਨਤ ਉਸੇ ਵਕਤ ਕਰਵਾ ਲਈ ਗਈ ਸੀ, ਇਹ ਵਿਵਹਾਰ ਸੀ ਆਜ਼ਾਦੀ ਦੇ ਯੋਧਿਆਂ ਪ੍ਰਤੀ ਨਵੇ ਹਾਕਮਾਂ ਦਾ ਅਤੇ ਉਸ ਅਧੂਰੀ ਅਜ਼ਾਦੀ ਦਾ ਵੀ ਪ੍ਰਮਾਣ ਸੀ, ਜਿਸ ਬਾਰੇ ਸ. ਭਗਤ ਸਿੰਘ ਨੇ ਲਿਖਿਆ ਸੀ ਕਿ, "ਇਨਕਲਾਬ ਦਾ ਅਰਥ ਮੌਜੂਦਾ ਢਾਂਚੇ ਵਿਚ ਪੂਰਨ ਤਬਦੀਲੀ ਅਤੇ ਸਮਾਜਵਾਦ ਦੀ ਸਥਾਪਨਾ ਹੈ। ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ। ਇਨਕਲਾਬ ਦਾ ਅਰਥ ਇਕੋ ਹੋ ਸਕਦਾ ਹੈ ਕਿ ਜਨਤਾ ਦੁਆਰਾ ਰਾਜਨੀਤਿਕ ਸ਼ਕਤੀ ਹਾਸਲ ਕਰਨਾ। ਬਾਕੀ ਸਾਰੀਆਂ ਬਗਾਵਤਾਂ ਤਾਂ ਮਾਲਕਾਂ ਦੀ ਤਬਦੀਲੀ ਰਾਹੀਂ ਪੂੰਜੀਵਾਦ ਦੀ ਸੜ੍ਹਾਂਦ ਨੂੰ ਹੀ ਅਗੇ ਵਧਾਉਂਦੀਆਂ ਹਨ। ਸਾਡੀ ਅਜ਼ਾਦੀ ਦਾ ਅਰਥ ਸਿਰਫ਼ ਅੰਗਰੇਜ਼ੀ ਚੁੰਗਲ 'ਚੋਂ ਛੁਟਕਾਰਾ ਪਾਉਣ ਦਾ ਨਾਂ ਨਹੀਂ ਸਗੋਂ ਪੂਰਨ ਅਜ਼ਾਦੀ ਦਾ ਨਾਂ ਹੈ, ਜਦ ਲੋਕ ਆਪਸ ਵਿਚ ਘੁਲਮਿਲ ਕੇ ਰਹਿਣਗੇ ਅਤੇ ਦਿਮਾਗ਼ੀ ਗੁਲਾਮੀ ਤੋਂ ਅਜ਼ਾਦ ਹੋ ਜਾਣਗੇ।" ਉਕਤ ਦੇ ਅਨੁਸਾਰ ਇਹ ਅਜ਼ਾਦੀ ਹਾਕਮਾਂ ਦਾ ਤਬਾਦਲਾ ਸੀ। ਜਦੋਂਕਿ ਅੰਗਰੇਜ਼ੀ ਪ੍ਰਸ਼ਾਸਨਿਕ ਢਾਂਚਾ ਜਿਉਂ ਦਾ ਤਿਉਂ ਕਾਇਮ ਸੀ। ਪੰ. ਕਿਸ਼ੋਰੀ ਲਾਲ ਜਾਣਦੇ ਸਨ ਕਿ ਜਿਸ ਅਜ਼ਾਦੀ ਲਈ ਉਨ੍ਹਾਂ ਕੁਰਬਾਨੀਆਂ ਕੀਤੀਆਂ ਅਤੇ ਸਾਥੀਆਂ ਨੇ ਸ਼ਹਾਦਤਾਂ ਦਿੱਤੀਆਂ ਹਨ, ਉਸ ਪੂਰਨ ਅਜ਼ਾਦੀ ਲਈ ਬਾਕੀ ਸੰਘਰਸ਼ ਕਰਨਾ ਪੈਣਾ ਹੈ।

ਹਿੰਦੁਸਤਾਨ ਦਾ ਹਿੱਸਾ 'ਗੋਆ' ਉਪਰ ਪੁਰਤਗਾਲੀ ਸਾਮਰਾਜੀਆ ਦਾ ਕਬਜ਼ਾ ਸੀ। ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਗੋਆ ਨੂੰ ਮੁਕਤ ਕਰਾਉਣ ਲਈ ਜਨ ਸੰਘ ਪਾਰਟੀ ਨੇ ਪਹਿਲਕਦਮੀ ਕਰਦਿਆਂ ਇਕ ਜੱਥਾ ਭੇਜਿਆ। ਭਾਵੇਂ ਪੱਛੜ ਕੇ ਹੀ ਸੀ ਹਿੰਦੁਸਤਾਨ ਕਮਿਊਨਿਸਟ ਪਾਰਟੀ ਨੇ ਵੀ ਇਸ ਮੌਕੇ ਨੂੰ ਸੰਭਾਲਦਿਆਂ ਥਾਂ-ਥਾਂ ਵਿਮੋਚਨ ਕਮੇਟੀਆਂ ਬਣਾਉਣੀਆਂ ਆਰੰਭ ਕੀਤੀਆਂ ਅਤੇ 7 ਅਗਸਤ 1957 ਨੂੰ ਪੰਡਤ ਕਿਸ਼ੋਰੀ ਲਾਲ ਦੀ ਅਗਵਾਈ ਹੇਠ ਸਤਿਆਗ੍ਰਹਿ ਜਥਾ ਭੇਜਿਆ, ਜਿਸ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਕਾਮਰੇਡ ਕਰਨੈਲ ਸਿੰਘ ਈਸੜੂ ਤੇ ਜਲੰਧਰ ਤੋਂ ਕਾਮਰੇਡ ਜਗਤਾਰ ਸਿੰਘ ਖਾਂਬਰਾ ਸ਼ਾਮਲ ਸਨ। ਇਸ ਜਦੋ ਜਹਿਦ ਵਿਚ ਕਾਮਰੇਡ ਕਰਨੈਲ ਸਿੰਘ ਈਸੜੂ ਦੁਸ਼ਮਣ ਦੀ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਸੀ। ਉਹ ਪੰਡਤ ਕਿਸ਼ੋਰੀ ਲਾਲ ਨੂੰ ਬਚਾਉਂਦਾ ਹੋਇਆ ਉਸ ਉਪਰ ਲੰਮਾ ਪੈ ਗਿਆ ਸੀ। ਪੰ. ਕਿਸ਼ੋਰੀ ਲਾਲ ਨੇ ਇਸ ਸਾਰੀ ਘਟਨਾ ਨੂੰ 'ਭਾਰਤ ਦੀ ਸ਼ਾਨ ਉਚੀ ਕਰਨ ਵਾਲਾ ਸੱਚਾ ਸਾਥੀ ਕਾ. ਕਰਨੈਲ ਸਿੰਘ ਈਸੜੂ' ਦੇ ਸਿਰਲੇਖ ਹੇਠ ਲੇਖ ਲਿਖਿਆ ਜੋ 16 ਅਗਸਤ 1958 ਦੇ ਨਵਾਂ ਜ਼ਮਾਨਾ ਵਿੱਚ ਛਪਿਆ ਸੀ। ਇਸ ਜਥੇ ਦੀ ਬਹਾਦਰੀ ਤੇ ਕਾਮਰੇਡ ਕਰਨੈਲ ਸਿੰਘ ਦੀ ਕੁਰਬਾਨੀ ਨੇ ਕਮਿਊਨਿਸਟ ਪਾਰਟੀ ਦੇ ਵਕਾਰ ਨੂੰ ਬੜਾ ਉੱਚਾ ਚੁਕਿਆ ਸੀ। ਪਾਰਟੀ ਵੱਲੋਂ ਪੰਜਾਬ ਅੰਦਰ ਕਾਮਰੇਡ ਕਰਨੈਲ ਸਿੰਘ ਦੀਆਂ ਅਸਥੀਆਂ ਤੇ ਸਤਿਆਗ੍ਰਹਿ ਜਥੇ ਦੇ ਜਲੂਸਾਂ ਦੇ ਪ੍ਰੋਗਰਾਮਾਂ ਹੇਠ ਥਾਂ-ਥਾਂ ਸੁਆਗਤੀ ਸਮਾਗਮ ਕੀਤੇ ਗਏ ਸਨ, ਜਿਨ੍ਹਾਂ ਵਿੱਚ ਸ਼ਹਿਰਾਂ ਤੇ ਕਸਬਿਆਂ ਵਿਚ ਸਾਰੀਆਂ ਰਾਜਸੀ ਪਾਰਟੀਆਂ ਦੇ ਸ਼ਾਮਲ ਹੋਣ ਨਾਲ ਜਨਤਕ ਜੋਸ਼-ਜਜ਼ਬੇ ਦੇ ਸ਼ਾਨਦਾਰ ਨਜ਼ਾਰੇ ਉਭਰ ਕੇ ਪੇਸ਼ ਹੋਏ ਸਨ। ਜਿਸ ਨਾਲ ਹਿੰਦੁਸਤਾਨ ਕਮਿਊਨਿਸਟ ਪਾਰਟੀ ਦੇ ਵਕਾਰ 'ਚ ਵਾਧਾ ਹੋਇਆ ਸੀ।

ਇਸੇ ਲੜੀ ਤਹਿਤ ਰਾਜਸੀ ਪਾਰਟੀਆਂ ਵੱਲੋਂ ਜਲੰਧਰ ਸ਼ਹਿਰ ਦੇ ਮਿਲਾਪ ਚੌਕ ਵਿੱਚ ਲਾਮਿਸਾਲ ਜਲਸਾ ਕੀਤਾ ਗਿਆ। ਬਾਕੀ ਆਗੂਆਂ ਤੋਂ ਬਿਨਾਂ ਅਜ਼ਾਦੀ ਘੁਲਾਟੀਏ ਤੇ ਕਾਂਗਰਸੀ

ਆਗੂ ਸ੍ਰੀ ਯਸ਼ ਨੇ ਆਪਣੇ ਭਾਸ਼ਨ ਵਿਚ ਕਿਹਾ ਸੀ, "ਸੰਨ 1928 ਵਿੱਚ ਪੰਡਤ ਕਿਸ਼ੋਰੀ ਲਾਲ ਜੀ ਛੋਟੀ ਉਮਰੇ ਆਜ਼ਾਦੀ ਸੰਗਰਾਮ ਵਿੱਚ ਕੁੱਦ ਪਏ ਅਤੇ ਹਮੇਸ਼ਾ ਮੌਤ ਨਾਲ ਅੱਖਾਂ 'ਚ ਅੱਖਾਂ ਪਾ ਕੇ ਉਹ ਜੂਝਦੇ ਰਹੇ। ਜੇਲ੍ਹ ਤੋਂ ਬਾਹਰ ਆ ਕੇ ਸ਼ਹੀਦ ਭਗਤ ਸਿੰਘ ਦੇ ਪੂਰਨਿਆਂ ਦੀ ਪੂਰਤੀ ਲਈ ਸੰਗਰਾਮ ਵਿੱਚ ਜੁਟ ਗਏ। ਆਜ਼ਾਦੀ ਤੋਂ ਬਾਅਦ ਵੀ ਇਨ੍ਹਾਂ ਨੇ ਲੋਕਾਂ ਲਈ ਆਪਣਾ ਜੀਵਨ ਨਿਛਾਵਰ ਕੀਤਾ ਹੋਇਆ ਹੈ। ਹੁਣ ਦੂਜੀ ਵਾਰ ਫੇਰ ਇਹ ਪੰਜਾਬ ਦਾ ਬਹਾਦਰ ਸਪੂਤ ਗੋਆ ਜਥਾ ਲੈ ਕੇ ਗਿਆ ਅਤੇ ਬੁਲੰਦ ਸਾਹਸ ਤੇ ਬਹਾਦਰੀ ਨਾਲ ਆਪਣੇ ਫਰਜਾਂ 'ਤੇ ਪਹਿਰਾ ਦੇ ਕੇ ਦੇਸ਼ ਦੀ ਆਨ ਤੇ ਸ਼ਾਨ ਨੂੰ ਸਲਾਮਤ ਕਰਕੇ ਇਹ ਦੂਜੀ ਵਾਰ ਮੌਤ ਦੇ ਮੂੰਹ ਵਿੱਚੋਂ ਬਚ ਆਇਆ ਹੈ।" ਇਸੇ ਸਬੰਧ 'ਚ ਕਾ. ਲੱਖਾ ਸਿੰਘ ਜੌਹਰ ਦੀ ਲਿਖੀ ਹੇਠਲੀ ਕਵਿਤਾ ਨੇ ਵੀ ਬੜਾ ਰੰਗ ਬੰਨ੍ਹਿਆ ਸੀ।

**ਗੋਆ ਦੀ ਆਜ਼ਾਦੀ**

ਗੋਆ ਦੇ ਬਹਾਦਰਾਂ ਆਜ਼ਾਦੀ ਦੀ ਲੜਾਈ ਛੇੜੀ
ਲਾਹੁਣੀ ਏ ਗੁਲਾਮੀ ਗਲੋਂ ਪੱਕੀਆਂ ਇਹ ਠਾਣੀਆਂ।
ਹਿੰਦ ਦੇ ਵੀ ਸੂਰਮੇ ਸ਼ਹੀਦ ਹੋਏ ਗੋਆ ਵਿਚ
ਸਾਲਾਜ਼ਾਰੀ ਜ਼ੁਲਮ ਅੱਗੇ ਛਾਤੀਆਂ ਜਾ ਤਾਣੀਆਂ।
ਪੁੱਛ ਕੀਤੀ ਸਾਰਿਆਂ ਨੇ ਹਿੰਦ ਸਰਕਾਰ ਕੋਲੋਂ
ਤੁਸਾਂ ਕਦੋਂ ਗੋਆ ਵਿਚ ਫੌਜਾਂ ਲੈ ਕੇ ਜਾਣੀਆਂ।
ਪਰ ਸਰਕਾਰ ਨੇ ਮਰੋੜੀ ਪਿੱਠ ਗੋਆ ਵੱਲ
ਲੋਕਾਂ ਨਾਲ ਜਾਣੇ ਇਹ ਗ਼ਦਾਰੀਆਂ ਕਮਾਣੀਆਂ।
ਦੇਵੇ ਸਾਮਰਾਜੀਆਂ ਦੇ ਪਹਿਰਾ ਸਗੋਂ ਹੱਦਾਂ ਉੱਤੇ
ਲੋਕਾਂ ਨੂੰ ਵੀ ਘੇਰੇ ਇਹਨੇ ਫੌਜਾਂ ਕੀ ਲਜਾਣੀਆਂ।
ਰੋਕੋ ਜਿਨ੍ਹਾਂ ਰੋਕਣਾ ਨਸੰਗ ਅਸਾਂ ਰੁਕਣਾ ਨਾ
ਗੋਆ ਦੇ ਭਰਾਵਾਂ ਦੀਆਂ ਮੁਸ਼ਕਲਾਂ ਵੰਡਾਣੀਆਂ।
ਗੋਆ ਦੀ ਆਜ਼ਾਦੀ ਦੀਆਂ ਹਿੰਦ ਦੇ ਬਹਾਦਰਾਂ ਦੇ
ਲਹੂ ਨਾਲ ਜਾਣਗੀਆਂ ਲਿਖੀਆਂ ਕਹਾਣੀਆਂ। **(ਗਾਉਂਦੀਆਂ ਪੀੜਾਂ, ਸਫਾ 89)**

ਸ. ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ 1959 ਵਿਚ ਮਹਿੰਗਾਈ ਛੜੱਪੇ ਮਾਰ ਵਧੀ ਤਾਂ ਲੋਕ-ਪੱਖੀ ਪਾਰਟੀਆਂ ਵੱਲੋਂ ਪੰਜਾਬ ਵਿਚ ਮਹਿਗਾਈ ਦੇ ਵਿਰੁੱਧ ਰੋਸ ਪ੍ਰਗਟਾਵੇ ਕੀਤੇ ਜਾ ਰਹੇ ਸਨ। ਜਲੰਧਰ ਦੇ ਕਮਿਸ਼ਨਰ ਦੀ ਕੋਠੀ ਸਾਹਮਣੇ 'ਪੰਜਾਬ ਜਨਤਾ ਫੂਡ ਕਮੇਟੀ' ਦੇ ਸੱਦੇ 'ਤੇ 24 ਘੰਟੇ ਦਾ ਧਰਨਾ ਦਿੱਤੇ ਜਾਣ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਚੌਂਕ ਵਿਚ ਇਕ ਵਿਸ਼ਾਲ ਜਲਸੇ ਨੂੰ ਕਾਮਰੇਡ ਸ਼ਤੀਸ਼ ਲੂੰਬਾ, ਲਾਹੌਰੀ ਰਾਮ ਬਾਲੀ ਤੇ ਪਿਆਰਾ ਲਾਲ ਧੈਨੋਂਵਾਲੀ (ਸੈਕੂਲਿਡ ਕਾਸਟ ਫੈਡਰੇਸ਼ਨ ਦੇ ਸਕੱਤਰ), ਹਰਭਜਨ ਸਿੰਘ ਅਕਾਲੀ ਆਗੂ ਅਤੇ ਕਮੇਟੀ ਦੇ ਕਨਵੀਨਰ ਸ੍ਰੀ ਗੁਰਬਖਸ਼ ਸਿੰਘ ਬੰਨੂਆਣਾ ਨੇ ਸੰਬੋਧਨ ਕੀਤਾ। ਆਪਣੇ ਲੈਕਚਰ 'ਚ ਪੰਡਿਤ ਕਿਸ਼ੋਰੀ ਲਾਲ ਨੇ ਸਰਕਾਰ ਦੀ ਨੀਤੀ ਤੇ ਕਟਾਕਸ਼ ਕਰਦਿਆਂ ਕਿਹਾ, "ਪੰਜਾਬ ਸਰਕਾਰ ਅੱਜ ਲੋਕਾਂ ਨੂੰ ਮੱਛੀ ਤੇ ਫਰੂਟ ਖਾਣ ਦੀ ਉਸੇ ਕਿਸਮ ਦੀ ਰਾਏ ਦੇ ਰਹੀ ਹੈ, ਜਿਹੋ ਜਿਹੀ ਫਰਾਂਸ ਵਿਚ 1789 ਦੇ ਇਨਕਲਾਬ ਤੋਂ ਪਹਿਲਾਂ ਇਕ ਮਲਕਾ ਨੇ ਮੁਜ਼ਾਹਰਾ ਕਰ ਰਹੇ ਭੁੱਖੇ ਲੋਕਾਂ ਨੂੰ ਕੇਕ ਖਾਣ ਦੀ

ਰਾਏ ਦਿੱਤੀ ਸੀ।" ਅਜ਼ਾਦੀ ਤੋਂ ਪਿਛੋਂ ਉਹ ਜਨਤਕ ਮਸਲਿਆਂ ਤੇ ਮਹਿੰਗਾਈ ਵਿਰੁੱਧ ਹੁੰਦੇ ਪ੍ਰਦਰਸ਼ਨਾਂ ਵਿਚ ਜੀਵਨ ਭਰ ਜੂਝਦੇ ਹੁੰਦੇ ਰਹੇ।

ਮਜ਼ਦੂਰ ਜਮਾਤ ਦੀਆਂ ਜ਼ੁੰਮੇਵਾਰੀਆਂ ਦੇ ਨਾਲ ਨਾਲ ਉਨ੍ਹਾਂ ਦੀ ਦਿਲਚਸਪੀ ਨੌਜਵਾਨਾਂ ਨਾਲ ਵੀ ਸਾਵੀ ਸੀ ਕਿਉਂਕਿ ਉਨ੍ਹਾਂ ਦੀ ਇਨਕਲਾਬੀ ਜ਼ਿੰਦਗੀ ਦੀ ਸ਼ੁਰੂਆਤ ਨੌਜਵਾਨ ਭਾਰਤ ਸਭਾ ਵਿਚ ਸ਼ਾਮਲ ਹੋਣ ਨਾਲ ਹੋਈ ਸੀ। ਹੱਸਮੁੱਖ ਚਿਹਰਾ, ਆਪਣੀਆਂ ਯਾਦਾਂ ਵਿਚ ਗੜੁੱਚ ਉਹ ਨੌਜਵਾਨਾਂ ਵਿਚ ਵਿਚਰਦੇ ਤਾਂ ਉਨ੍ਹਾਂ ਦਾ ਮਿਕਨਾਤੀਸੀ ਵਿਅਕਤੀਤਵ ਬਦੋ-ਬਦੀ ਨੌਜਵਾਨਾਂ ਲਈ ਖਿੱਚ ਦਾ ਕਾਰਨ ਬਣ ਜਾਂਦਾ। ਇਹੀ ਕਾਰਨ ਸੀ ਕਿ ਨੌਜਵਾਨਾਂ ਦੇ ਛੋਟੇ ਜਾਂ ਵੱਡੇ, ਕਿਸੇ ਵੀ ਪ੍ਰੋਗਰਾਮ ਵਿਚ ਉਨ੍ਹਾਂ ਦੀ ਮੰਗ 'ਤੇ ਸ਼ਾਮਲ ਹੋਣ ਦਾ ਗੁਣਾ ਪੰ. ਕਿਸ਼ੋਰੀ ਲਾਲ 'ਤੇ ਹੀ ਪੈਂਦਾ ਸੀ, ਜਿਸ ਨੂੰ ਉਹ ਚਾਈਂ ਚਾਈਂ ਨਿਭਾਉਂਦੇ।

ਮਾਰਕਸੀ ਕਮਿਊਨਿਸਟ ਪਾਰਟੀ ਦੀਆਂ ਜ਼ੁੰਮੇਵਾਰੀਆਂ ਤੋਂ ਬਿਨਾਂ ਉਹ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਵੀ ਟਰੱਸਟੀ ਸਨ। 20-7-69 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੀ ਹੋਈ ਮੀਟਿੰਗ ਵਿਚ ਉਹ ਸ਼ਾਮਲ ਸਨ, ਜਦੋਂ ਕਮੇਟੀ ਨੂੰ ਕਾਨੂੰਨੀ ਸ਼ਕਲ ਦੇਣ ਅਤੇ ਰਜਿਸਟਰ ਕਰਾਉਣ ਦਾ ਫੈਸਲਾ ਲਿਆ ਗਿਆ ਸੀ। ਕਮੇਟੀ ਨੂੰ ਭਾਰਤ ਸਰਕਾਰ ਵਲੋਂ ਆਈ ਇਕ ਚਿੱਠੀ ਨੂੰ ਵਿਚਾਰਨ ਲਈ ਜਿਸ ਵਿਚ ਸੁੰਤਤਰਤਾ ਸੰਗਰਾਮੀਆਂ ਨੂੰ ਪੈਨਸ਼ਨਾਂ ਦੇਣ ਲਈ ਕਿਹਾ ਗਿਆ ਸੀ ਬਾਰੇ ਜਦੋਂ ਵਿਚਾਰ ਹੋਈ ਤਾਂ ਪੰ. ਕਿਸ਼ੋਰੀ ਲਾਲ ਨੇ ਸੁਝਾਅ ਦਿੰਦਿਆਂ ਕਿਹਾ,"ਬਹੁਤ ਸਾਰੇ ਪੁਰਾਣੇ ਬਜ਼ੁਰਗ ਜਿਨ੍ਹਾਂ ਨੇ ਜੇਲ੍ਹਾਂ ਕੱਟੀਆਂ ਹਨ, ਅਜਿਹੇ ਹਨ, ਜੋ ਮਾਲੀ ਸਹਾਇਤਾ ਤੋਂ ਬਹੁਤ ਜ਼ਰੂਰਤਮੰਦ ਹਨ। ਬੁਢਾਪੇ 'ਚ ਉਨ੍ਹਾਂ ਦਾ ਕੋਈ ਹੋਰ ਆਸਰਾ ਨਹੀਂ ਹੈ। ਇਸ ਕਰਕੇ ਸਾਨੂੰ ਉਨ੍ਹਾਂ ਬਾਰੇ ਤਸਦੀਕ ਕਰ ਦੇਣੀ ਚਾਹੀਦੀ ਹੈ।" ਉਨ੍ਹਾਂ ਦੀ ਇਸ ਰਾਇ ਨਾਲ ਸਾਰੇ ਸਹਿਮਤ ਹੋ ਗਏ ਸਨ। ਪੰਡਤ ਜੀ ਖੁਦ ਭੂਮੀਹੀਣ ਕੁਲਵਕਤੀ ਆਗੂ ਸਨ। ਉਹ ਆਪਣੀ ਵੇਜ ਮੰਗਣ ਤੋਂ ਵੀ ਹਿਚਕਚਾਉਂਦੇ ਸਨ। ਆਪਣਾ ਦਰਦ ਉਹ ਦੂਜੇ ਆਪਣੇ ਵਰਗੇ ਸੁਤੰਤਰਤਾ ਸੰਗਰਾਮੀਆਂ ਜਾਂ ਭੂਮੀਹੀਣ ਸਮਾਜ ਵਿਚੋਂ ਆਏ ਕੁਲਵਕਤੀਆਂ ਵਿਚ ਵੀ ਦੇਖਦੇ ਸਨ। ਬਹੁਤ ਸਾਰੇ ਅਜਿਹੇ ਦੇਸ਼ ਭਗਤਾਂ ਨੂੰ ਉਹ ਤਰਸਯੋਗ ਹਾਲਤ ਵਿਚ ਦੇਖਦੇ ਸਨ। ਇਹੀ ਦਰਦ ਸੀ ਜਿਸ ਨੇ ਉਨ੍ਹਾਂ ਨੂੰ ਬਾਬਾ ਗੁਰਮੁਖ ਸਿੰਘ ਲਲਤੋਂ ਜਿਹੇ ਦੇਸ਼ ਭਗਤ ਦੀ ਰਾਏ ਦੇ ਵਿਪਰੀਤ ਪੈਂਤੜਾ ਲੈਣ ਲਈ ਮਜਬੂਰ ਕੀਤਾ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਉਹ ਮੈਂਬਰ ਫਿਰ ਖਜ਼ਾਨਚੀ ਅਤੇ 1971 ਵਿਚ ਪ੍ਰਧਾਨ ਬਣੇ। ਆਖਰੀ ਸੁਆਸ ਤੱਕ ਉਨ੍ਹਾਂ ਇਸ ਜ਼ੁੰਮੇਵਾਰੀ ਨੂੰ ਨਿਭਾਇਆ। ਉਹ ਆਖਦੇ ਸਨ, "ਦੇਸ਼ ਭਗਤ ਯਾਦਗਾਰ ਨੂੰ ਬਣਾਉਣ ਦਾ ਮਕਸਦ ਇਹੀ ਹੈ ਕਿ ਉਨ੍ਹਾਂ ਸੂਰਮਿਆਂ ਦੀਆਂ ਤਸਵੀਰਾਂ ਲਗਾ ਕੇ ਉਨ੍ਹਾਂ ਦੀ ਯਾਦ ਨੂੰ ਕਾਇਮ ਕੀਤਾ ਜਾਏ, ਜਿਨ੍ਹਾਂ ਆਪਣੀਆਂ ਜਾਨਾਂ ਅਜ਼ਾਦੀ ਲਈ ਨਿਛਾਵਰ ਕੀਤੀਆਂ। ਪੈਸੇ ਦੀ ਤੰਗੀ ਆ ਜਾਂਦੀ ਹੈ। ਉਪਰਲਾ ਹਿੱਸਾ ਬਹੁਤ ਸਮਾਂ ਅਧੂਰਾ ਮੀਨਾਰਾਂ ਵਜੋਂ ਹੀ ਖੜਾ ਰਿਹਾ ਤਾਂ ਸਾਰੇ ਠੇਕੇਦਾਰ ਮਖ਼ੌਲ ਕਰਨ ਲੱਗ ਜਾਂਦੇ ਹਨ ਕਿ ਜਦੋਂ ਪੈਸੇ ਹੁੰਦੇ ਹਨ, ਕੰਮ ਸ਼ੁਰੂ ਕਰ ਦਿੰਦੇ, ਨਹੀਂ ਤਾਂ ਬੰਦ ਹੀ ਰਖਦੇ ਹਨ। ਸ਼ਹਿਰੀ ਲੋਕ ਇਸ ਪਾਸੇ ਧਿਆਨ ਨਹੀਂ ਦਿੰਦੇ।" ਦੇਸ਼ ਭਗਤ ਯਾਦਗਾਰ ਹਾਲ ਦੀ ਮੌਜੂਦਾ ਦਿੱਖ ਤੋਂ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ਕਿ ਇਸ ਦੇ ਸ਼ੁਰੂਆਤ ਸਮੇਂ ਉਨ੍ਹਾਂ ਨੂੰ ਕਿੰਨੀਆਂ ਅਤੇ ਕਿਵੇਂ ਵਿੱਤੀ ਘਾਟਾਂ ਦਾ ਸਾਹਮਣਾ ਕਰਨਾ ਪਿਆ।

ਤਿਆਗ ਦੀ ਇਸ ਮੂਰਤ ਨੇ ਪਾਰਟੀ ਅੰਦਰ ਕੰਮ ਕਰਦਿਆਂ ਕਦੇ ਵੀ ਅਹੁਦਿਆਂ ਜਾਂ

ਸਨਮਾਨਾਂ ਦੀ ਖਾਹਸ਼ ਨਹੀਂ ਸੀ ਰੱਖੀ ਸਗੋਂ ਨੇਕ ਕੰਮ ਲਈ ਉਹ ਆਪਣੇ ਕੋਲੋਂ ਹਿੱਸਾ ਪਾਉਣਾ ਸ਼ੁੱਭ ਕਰਮ ਸਮਝਦੇ ਸਨ। ਉਨ੍ਹਾਂ ਦੀਆਂ ਅਜਿਹੀਆਂ ਅਨੇਕਾਂ ਉਦਾਹਰਨਾਂ ਹਨ। ਜਿਨ੍ਹਾਂ ਵਿਚੋਂ ਕੁਝ ਦਾ ਵਰਨਣ ਪੇਸ਼ ਹੈ: 1976 ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਚੋਣ ਸਮੇਂ ਸਰਬ ਸੰਮਤੀ ਨਾਲ ਉਨ੍ਹਾਂ ਦਾ ਨਾਂ ਪ੍ਰਧਾਨਗੀ ਪਦ ਲਈ ਸੁਝਾਇਆ ਗਿਆ। ਉਨ੍ਹਾਂ ਨੇ ਅਸਵੀਕਾਰ ਕਰਦਿਆਂ ਕਿਹਾ ਕਿ ਇਸ ਅਹੁਦੇ ਲਈ ਕਾਮਰੇਡ ਸੋਹਣ ਸਿੰਘ ਜੋਸ਼ ਹੀ ਹੱਕਦਾਰ ਹਨ ਕਿਉਂਕਿ ਉਹ ਮੇਰੇ ਨਾਲੋਂ ਵੱਡੇ ਵੀ ਹਨ ਤੇ ਸੇਵਾ ਲਈ ਸ੍ਰੇਸ਼ਟ ਭੀ। ਪੰਡਤ ਜੀ ਦੀ ਸਹਿਮਤੀ ਨਾਲ ਕਾਮਰੇਡ ਸੋਹਣ ਸਿੰਘ ਜੋਸ਼ 23 ਮਈ 1976 ਨੂੰ ਕਮੇਟੀ ਦੇ ਪ੍ਰਧਾਨ ਬਣਾਏ ਗਏ ਸਨ। ਦੂਜੇ ਨੂੰ ਵੱਡਪਣ ਦੇਣ ਵਾਲੇ ਪੰਡਤ ਕਿਸ਼ੋਰੀ ਲਾਲ ਦਾ ਇਹ ਆਪਣਾ ਵੱਡਪਣ ਸੀ।

ਜਲੰਧਰ ਵਿਚ ਸਨਅਤੀਕਰਨ ਦੇ ਸ਼ੁਰੂ ਹੋਣ ਨਾਲ ਮਜ਼ਦੂਰਾਂ ਲਈ ਇਕ ਦਫ਼ਤਰ ਇੰਡਸਟਰੀਅਲ ਏਰੀਏ ਵਿਚ ਬਣਾਉਣਾ ਸੀ। ਦਫ਼ਤਰ ਬਨਾਉਣ ਦੀ ਰਸਮ ਦੇ ਮੌਕੇ ਪੰਡਤ ਜੀ ਨੇ ਜੇਬ ਵਿਚੋਂ ਰੁਪਈਏ ਕੱਢ ਕੇ ਕਾ. ਨੌਨਿਹਾਲ ਸਿੰਘ ਨੂੰ ਫੜਾਉਂਦਿਆਂ ਆਖਿਆ,"ਕਾਮਰੇਡ! ਥੋੜ੍ਹੇ ਥੋੜ੍ਹੇ ਕਰਕੇ ਮੈਂ ਸਿਆਲਾਂ 'ਚ ਕੋਟ ਖ਼ਰੀਦਣ ਲਈ ਇਹ ਜਮ੍ਹਾਂ ਕੀਤੇ ਸਨ, ਦਫ਼ਤਰ ਬਣਾਉਣਾ ਪਹਿਲੀ ਜ਼ਰੂਰਤ ਹੈ, ਕੋਟ ਫੇਰ ਬਣ ਜਾਊਗਾ।"

ਪੰਡਤ ਜੀ ਦੋ ਵਾਰ ਹਾਦਸਿਆਂ ਦਾ ਸ਼ਿਕਾਰ ਹੋਏ। ਦੂਜੇ ਹਾਦਸੇ ਵਿਚ ਜ਼ਖ਼ਮੀ ਹੋਣ ਸਮੇਂ ਉਹ ਜਲੰਧਰ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਸਨ। ਉਨ੍ਹਾਂ ਦੇ ਸ਼ਰਧਾਲੂ ਉਨ੍ਹਾਂ ਦੀ ਸੁੱਖ-ਸਾਂਦ ਲਈ ਦੇਖਣ ਆ ਰਹੇ ਸਨ ਤੇ ਇਲਾਜ ਲਈ ਪੈਸੇ ਦੇਣ ਦੀ ਇੱਛਾ ਰੱਖਦੇ ਸਨ। ਉਨ੍ਹਾਂ ਵਲੋਂ ਪੁੱਛਣ 'ਤੇ ਪੰਡਤ ਜੀ ਦਾ ਵਾਰ ਵਾਰ ਕਹਿਣਾ ਸੀ,"ਮੇਰੀ ਚਿੰਤਾ ਨਾ ਕਰੋ, ਦੂਜੇ ਜ਼ਖ਼ਮੀ ਸਾਥੀਆਂ ਦੀ ਮਦਦ ਕਰੋ।" ਆਪਣੇ ਕਹੇ ਦੀ ਤਸੱਲੀ ਨਾ ਹੋਣ 'ਤੇ ਆਪਣੇ ਕੋਲੋਂ ਕੁਝ ਪੈਸੇ ਜ਼ਖਮੀ ਹੋਏ ਭਜਨ ਸਿੰਘ ਨੂੰ ਦੇ ਕੇ ਹੀ ਉਨ੍ਹਾਂ ਨੂੰ ਧੀਰਜ ਮਿਲਿਆ ਸੀ। ਤਿਆਗ ਤੇ ਸਾਦਗੀ ਦੀ ਪੰਡਤ ਜੀ ਸਾਕਾਰ ਮੂਰਤ ਸਨ, ਜਿਨ੍ਹਾਂ ਦੀ ਕਦੇ ਵੀ ਕੋਈ ਮੰਗ ਨਹੀਂ ਸੀ ਹੁੰਦੀ ਜੋ ਮਿਲ ਗਿਆ ਉਸੇ ਵਿਚ ਸੰਤੋਖ ਕਰਦੇ।

ਪੰਡਤ ਜੀ ਦੀ ਸ਼ਖ਼ਸੀਅਤ ਦਾ ਇਕ ਮਹੱਤਵਪੂਰਨ ਪੱਖ ਇਹ ਵੀ ਸੀ ਕਿ ਆਪ ਭਾਵੇਂ ਸਾਰੀ ਉਮਰ ਅਵਿਵਾਹਤ ਰਹੇ, ਪ੍ਰੰਤੂ ਉਹ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਜਿਥੇ ਕਿਤੇ ਮੌਕਾ ਮਿਲਦਾ ਉਹ ਬੱਚਿਆਂ ਨਾਲ ਮਿਲ ਕੇ ਬੱਚੇ ਬਣ ਜਾਂਦੇ। ਜੇਕਰ ਉਨ੍ਹਾਂ ਨੂੰ ਬੱਚੇ ਬਾਂਟੇ ਖੇਡਦੇ ਦਿਸਦੇ, ਤਾਂ ਉਹ ਵੀ ਉਨ੍ਹਾਂ ਨਾਲ ਬਾਂਟੇ ਖੇਡਣ ਲੱਗ ਪੈਂਦੇ। ਉਨ੍ਹਾਂ ਦਾ ਨਿਸ਼ਾਨਾ ਬਹੁਤ ਪੱਕਾ ਸੀ। ਗੁੱਲੀ-ਡੰਡਾ ਖੇਡਣ ਲੱਗਿਆਂ ਉਹ ਆਪਣਾ ਖੁੱਲ੍ਹਾ ਪਜਾਮਾ ਨੇਫੇ ਵਿਚ ਟੰਗ ਲੈਂਦੇ ਸਨ। ਇਸ ਤਰ੍ਹਾਂ ਉਹ ਆਪ ਤਾਂ ਆਨੰਦ ਮਾਣਦੇ ਪ੍ਰੰਤੂ ਬੱਚਿਆਂ ਦਾ ਮੌਜੂ ਬਣ ਜਾਂਦੇ। ਦੇਸ਼ ਭਗਤ ਯਾਦਗਾਰ ਹਾਲ ਵਿਚ ਆਂਢ-ਗੁਆਂਢ ਦੇ ਬੱਚੇ ਅੰਬਾਂ ਦੇ ਬੂਟਿਆਂ ਨਾਲੋਂ ਅੰਬੀਆਂ ਤੋੜਨ ਲਈ ਕੰਧ ਟੱਪ ਕੇ ਆ ਜਾਂਦੇ। ਇਨ੍ਹਾਂ ਨਾਲ ਕਾਮਰੇਡ ਰਘਬੀਰ ਸਿੰਘ ਛੀਨਾ ਦੇ ਬੱਚੇ ਵੀ ਮਿਲ ਜਾਂਦੇ ਸਨ। ਪੰਡਤ ਜੀ ਜਦੋਂ ਕਦੇ ਇਥੇ ਹੁੰਦੇ , ਤਾਂ ਪਹਿਲਾਂ ਉਹ ਉਨ੍ਹਾਂ ਨੂੰ ਦਬਕਾ ਮਾਰਦੇ, ਫਿਰ ਜਦੋਂ ਉਹ ਦੌੜਦੇ ਤਾਂ ਉਹ ਉਨ੍ਹਾਂ ਨੂੰ ਪਿੱਛਿਓਂ ਆਵਾਜ਼ਾਂ ਮਾਰਦੇ ਤੇ ਕਹਿੰਦੇ ਆਓ, ਤੋੜ ਲਓ ਅੰਬੀਆਂ!। ਤੁਹਾਡੀ ਉਮਰ ਵਿਚ ਅਸੀਂ ਵੀ ਇਹੋ ਕੁਝ ਕਰਦੇ ਹੁੰਦੇ ਸਾਂ।

12-13 ਜੂਨ 1971 ਨੂੰ ਜ਼ਿਲ੍ਹਾ ਜਲੰਧਰ ਤੇ ਕਪੂਰਥਲਾ ਦੇ ਨੌਜਵਾਨਾਂ ਦੀ ਪਹਿਲੀ ਕਾਨਫ੍ਰੰਸ ਜਲੰਧਰ ਦੇ ਕੋਲ ਪੈਂਦੇ ਪਿੰਡ ਕੰਗਣੀਵਾਲਾ ਵਿਚ ਹੋਣੀ ਤੈਅ ਹੋਈ। ਜਲੰਧਰ ਦੇ

ਆਲੇ ਦੁਆਲੇ ਦੇ ਪਿੰਡਾਂ ਵਿਚ ਨੌਜਵਾਨਾਂ ਦੇ ਸੰਗਠਨ ਕਾਫ਼ੀ ਬਣ ਚੁੱਕੇ ਸਨ। ਇਨ੍ਹਾਂ ਵਿੱਚ ਜ਼ਿਆਦਾ ਆਧਰਮੀ ਬਿਰਾਦਰੀ ਦੇ ਨੌਜਵਾਨ ਸ਼ਾਮਲ ਸਨ। ਪਿੰਡ ਅਤੇ ਇਲਾਕੇ ਦੇ ਲੋਕਾਂ ਵਿਚ ਜੋਸ਼ ਤੇ ਉਤਸ਼ਾਹ ਸੀ ਕਿ ਇਹ ਕਾਨਫ੍ਰੰਸ ਹਰ ਪੱਖੋਂ ਸਫਲ ਹੋਵੇ। ਪੰਡਤ ਜੀ ਨੂੰ ਇਸ ਕਾਨਫ੍ਰੰਸ ਦਾ ਬੜਾ ਚਾਅ ਸੀ ਤੇ ਉਹ ਚਾਈਂ ਚਾਈਂ ਇਕ ਦਿਨ ਪਹਿਲਾਂ ਹੀ ਕੰਗਣੀਵਾਲਾ ਪਹੁੰਚ ਗਏ ਅਤੇ ਸਮਾਪਤੀ ਦੇ ਇਕ ਦਿਨ ਪਿਛੋਂ ਗਏ।

ਮੈਂ ਪਹਿਲੀ ਵਾਰ ਪੰਡਤ ਜੀ ਨੂੰ ਉਸ ਵੇਲੇ ਵੇਖਿਆ ਸੀ ਜਦੋਂ ਉਹ ਸਾਡੇ ਪਿੰਡ ਵਿੱਚ ਇਕ ਜਲਸਾ ਕਰਨ ਆਏ ਸਨ। ਇਸ ਦਾ ਪ੍ਰਬੰਧ ਭਾਈ ਹਜ਼ਾਰਾ ਸਿੰਘ ਨੇ ਕੀਤਾ ਸੀ ਜੋ ਉਸ ਸਮੇਂ ਗੁੱਝੇ ਰੂਪ ਵਿਚ ਕਮਿਊਨਿਸਟ ਸਰਗਰਮੀਆਂ ਚਲਾ ਰਹੇ ਆਪਣੇ ਪੁੱਤਰ ਸੂਬੇਦਾਰ ਪ੍ਰੇਮ ਸਿੰਘ ਦੇ ਪ੍ਰਭਾਵ ਹੇਠ ਅਕਾਲੀ ਤੋਂ ਕਮਿਊਨਿਸਟ ਬਣਿਆ ਸੀ ਅਤੇ ਬਾਅਦ ਵਿਚ ਖੁਸ਼ਹੈਸੀਅਤੀ ਮੋਰਚੇ ਦੌਰਾਨ ਸਰਕਾਰੀ ਜ਼ਬਰ ਦੇ ਵਿਰੋਧ ਵਿੱਚ ਅਜਿਹਾ ਕਾਲਾ ਬਾਣਾ ਧਾਰਨ ਕੀਤਾ ਜੋ ਉਸ ਦੀ ਮੌਤ ਦੇ ਨਾਲ ਹੀ ਛੁੱਟਾ। ਭਾਈ ਹਜ਼ਾਰਾ ਸਿੰਘ ਨੇ ਪੀਪਾ ਖੜਕਾ ਕੇ ਪਿੰਡ ਵਿਚ ਜਲਸਾ ਹੋਣ ਦੀ ਮੁਨਿਆਦੀ ਕੀਤੀ। ਮੂੰਹ ਹਨੇਰੇ ਦੇ ਨਾਲ ਹੀ ਪਿੰਡ ਦੇ ਸਰਕਾਰੀ ਪ੍ਰਾ. ਸਕੂਲ ਵਿਚ ਇਕ ਮੇਜ਼ ਲਾ ਕੇ ਦੋ ਕੁਰਸੀਆਂ ਡਾਹ ਦਿੱਤੀਆਂ ਅਤੇ ਮੇਜ਼ ਉਪਰ ਲਾਲਟੈਣ ਬਾਲ ਕੇ ਰੱਖ ਦਿੱਤੀ। ਮੇਜ਼ ਦੇ ਸਾਹਮਣੇ ਭੁੰਜੇ ਹੀ ਬੈਠੀ ਪਿੰਡ ਦੀ ਮੁਡੀਰ ਵਿੱਚ ਮੈਂ ਵੀ ਚੌਂਕੜੀ ਮਾਰ ਕੇ ਬੈਠ ਗਿਆ ਸੀ। ਇਕ ਕੁਰਸੀ 'ਤੇ ਰੋਡਾ, ਮੱਧਰਾ ਅਤੇ ਗੋਰੇ ਰੰਗ ਦਾ ਵਿਅਕਤੀ ਪੰਡਤ ਕਿਸ਼ੋਰੀ ਲਾਲ ਬੈਠਾ ਸੀ ਅਤੇ ਦੂਸਰੀ 'ਤੇ ਚਿੱਟੀ ਪੱਗ ਬੰਨੀ ਕਾਮਰੇਡ ਭਗਤ ਸਿੰਘ ਹਰੀਪੁਰ ਨੇ ਆਪਣਾ ਆਸਣ ਲਾ ਰਖਿਆ ਸੀ ਪਰ ਜਿਉਂ ਹੀ ਭਾਈ ਹਜ਼ਾਰਾ ਸਿੰਘ ਨੇ ਬੋਲਣਾ ਸ਼ੁਰੂ ਕੀਤਾ ਤਾਂ ਪਿੰਡ ਦੇ ਘੱੜਮ ਚੌਧਰੀਆਂ ਨੇ ਆ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਹ ਇਹ ਜਲਸਾ ਨਾ ਹੋਣ ਦੇਣ ਲਈ ਬਜ਼ਿੱਦ ਸਨ। ਕਾਫੀ ਬੋਲ ਬੁਰਾਲੇ ਤੋਂ ਬਾਅਦ ਪੰਡਤ ਜੀ ਦੇ ਕੁਝ ਕਹਿਣ 'ਤੇ ਭਾਈ ਹਜ਼ਾਰਾ ਸਿੰਘ ਆਏ ਮਹਿਮਾਨਾਂ ਨੂੰ ਆਪਣੇ ਘਰ ਲੈ ਗਿਆ, ਜੋ ਕੋਲ ਹੀ ਸੀ। ਜਗੀਰੂ ਰੁਚੀਆਂ ਵਾਲਾ ਟੋਲਾ ਜਲਸਾ ਰੁਕਵਾਉਣ ਵਿਚ ਸਫ਼ਲ ਹੋ ਗਿਆ ਸੀ।

ਮੈਂ ਉਸ ਸਮੇਂ ਸਕੂਲ ਵਿਚ ਪੈਰ ਧਰਨ ਦੀ ਉਮਰ ਵਿੱਚ ਹੀ ਸੀ ਅਤੇ ਇਹ ਘਟਨਾ ਮੇਰੇ ਚੇਤੇ ਵਿਚੋਂ ਕਿਰ ਗਈ ਸੀ। ਇਹ ਉਸ ਵੇਲੇ ਫਿਰ ਮੇਰੇ ਚੇਤੇ ਦਾ ਹਿੱਸਾ ਬਣੀ ਜਦੋਂ ਅਸੀਂ ਜਲੰਧਰ ਜ਼ਿਲ੍ਹੇ ਦੀ ਨੌਜਵਾਨ ਸਭਾ ਦੀ ਪਹਿਲੀ ਕਾਨਫਰੰਸ ਆਪਣੇ ਪਿੰਡ ਵਿਖੇ ਵੱਡੀ ਸਫ਼ਲਤਾ ਨਾਲ ਕਰਵਾਈ। ਜਲਸਾ ਰੁਕਵਾਉਣ ਦੀ ਘਟਨਾ ਤੋਂ ਡੇਢ ਦਹਾਕੇ ਬਾਅਦ ਹੋਈ ਇਸ ਸਫ਼ਲ ਕਾਨਫਰੰਸ ਤੋਂ ਬਾਅਦ ਸਕੂਲ ਦੀ ਬੱਖੀ ਅਤੇ ਭਾਈ ਦੇ ਘਰ ਦੇ ਸਾਹਮਣੇ ਪਿੱਪਲ, ਨਿੰਮ ਅਤੇ ਬੋਹੜ ਦੀ ਤਰਵੇਣੀ ਦੀ ਸੰਘਣੀ ਛਾਂ ਹੇਠ ਮੰਜੇ ਉੱਪਰ ਬੈਠੇ ਪੰਡਤ ਜੀ ਨੇ ਭਾਵੁਕ ਹੁੰਦੇ ਹੋਏ ਮੈਨੂੰ ਕਿਹਾ,"ਕਾਮਰੇਡ, ਡੇਢ ਦਹਾਕਾ ਪਹਿਲਾਂ ਤੇਰੇ ਇਸ ਪਿੰਡ ਦੇ ਘੜਮ ਚੌਧਰੀਆਂ ਨੇ ਸਾਡਾ ਜਲਸਾ ਰੋਕਿਆ ਸੀ। ਕੀ ਇਤਫਾਕ ਹੈ! ਉਸ ਸਥਾਨ 'ਤੇ ਜੁਆਨੀ ਉਮੜ ਪਈ। ਜਿਸ ਨੇ ਅਜਿਹੇ ਸਮਾਜਿਕ ਅਨਿਆਂ ਨੂੰ ਹੁਣ ਹੂੰਝ ਸੁੱਟਣਾ ਹੈ।"

ਪੰਡਤ ਜੀ ਦੀ ਇਸ ਟਿੱਪਣੀ ਨਾਲ ਮੈਂ ਪੰਦਰਾਂ ਸਾਲ ਪਿਛੇ ਚਲਾ ਗਿਆ ਸੀ। ਸਾਰੀ ਘਟਨਾ ਮੇਰੇ ਦਿਮਾਗ ਵਿਚ ਘੁੰਮਣ ਲੱਗ ਪਈ। ਸ਼ਾਇਦ ਇਸ ਘਟਨਾ ਨੇ ਹੀ ਮੈਨੂੰ ਖੱਬੇ ਪੱਖ ਵੱਲ ਪ੍ਰੇਰਿਆ ਸੀ ਅਤੇ ਹੋਸ਼ ਸੰਭਾਲਣ ਤੋਂ ਬਾਅਦ ਅਸੀਂ ਪਿੰਡ ਵਿਚ ਜਨਤਿਕ ਸੰਘਰਸ਼ਾਂ ਨਾਲ ਘੱੜਮ ਚੌਧਰੀਆਂ ਦੀ ਸੋਚ ਨੂੰ ਭਾਵੇਂ ਪੂਰੀ ਤਰ੍ਹਾਂ ਹੂੰਝ ਨਹੀ ਸਕੇ ਸੀ, ਪਰ ਫਿਰ ਵੀ ਅਸੀਂ ਇਸ

ਨੂੰ ਕਾਫ਼ੀ ਹੱਦ ਤੱਕ ਢਾਹ ਲਾ ਕੇ ਪਿੰਡ ਵਿਚ ਨਵਾਂ ਭਾਈਚਾਰਾ ਸਿਰਜਣ ਵਲ ਵੱਧ ਗਏ ਸੀ ਅਤੇ ਜਲੰਧਰ ਜ਼ਿਲ੍ਹੇ ਦੀ ਇਹ ਪਹਿਲੀ ਕਾਨਫਰੰਸ ਸਾਡੀ ਇਸੇ ਜਦੋਜਹਿਦ ਦਾ ਹੀ ਨਤੀਜਾ ਸੀ, ਜਿਸ ਦੌਰਾਨ ਅਸੀਂ ਪੰਡਤ ਕਿਸ਼ੋਰੀ ਲਾਲ ਅਤੇ ਕਾਮਰੇਡ ਭਗਤ ਸਿੰਘ ਹਰੀਪੁਰ ਨੂੰ ਇਕੱਠਿਆ ਉਸੇ ਥਾਂ ਬੈਠਾ ਕੇ ਇਤਿਹਾਸ ਨੂੰ ਆਪਣੇ ਪੱਖ ਵਿਚ ਦੁਹਰਾਇਆ ਸੀ। ਪੰਡਤ ਜੀ ਦੀ ਖੁਸ਼ੀ ਦੇਖ ਕੇ ਮੈਂ ਵੀ ਗਦ-ਗਦ ਹੋ ਗਿਆ ਸੀ ਅਤੇ ਪੰਡਤ ਜੀ ਦੀ ਇਸ ਸ਼ਾਬਾਸ ਨੇ ਮੈਨੂੰ ਉਮਰ ਭਰ ਲਈ ਆਪਣਾ ਬਣਾ ਲਿਆ ਸੀ।

81 ਸਾਲ ਦੇ ਜੀਵਨ ਵਿਚੋਂ ਸੱਠ ਸਾਲ ਅਜ਼ਾਦੀ ਸੰਗਰਾਮ ਅਤੇ ਪਿਛੋਂ ਲੋਕਾਂ ਦੇ ਕਲਿਆਣ ਵਾਸਤੇ ਸੰਘਰਸ਼ ਕਰਨ ਵਾਲੇ ਪੰ.ਕਿਸ਼ੋਰੀ ਲਾਲ 11 ਜੁਲਾਈ 1990 ਨੂੰ ਸਦਾ ਲਈ ਵਿਛੜ ਗਏ। ਛੇ ਦਹਾਕਿਆਂ ਦੇ ਰਾਜਸੀ ਜੀਵਨ ਵਿਚੋਂ 24 ਸਾਲ ਤੋਂ ਵੱਧ ਉਨ੍ਹਾਂ ਜੇਲ੍ਹਾਂ ਵਿੱਚ ਗੁਜ਼ਾਰੇ ਅਤੇ ਤਿੰਨ ਸਾਲ ਤੋਂ ਵਧੇਰੇ ਸਮਾਂ ਗੁਪਤ ਵਾਸ ਵਿੱਚ। ਨੌਜਵਾਨਾਂ ਵੱਲੋਂ ਆਮ ਹੀ ਪੁੱਛੇ ਜਾਂਦੇ ਸਵਾਲ ਦਾ ਜਵਾਬ ਦਿੰਦੇ ਉਹ ਹਮੇਸ਼ਾ ਆਖਦੇ,"ਫਾਂਸੀ ਦੇ ਰੱਸੇ 'ਤੇ ਮੈਂ ਵੀ ਲਮਕਿਆ ਹੁੰਦਾ, ਅਜਿਹਾ ਹੋਣ ਲਈ ਉਮਰ ਨੇ ਮੇਰਾ ਸਾਥ ਨਹੀਂ ਦਿੱਤਾ।"

*ਦੇਸ਼ ਭਗਤ ਯਾਦਗਾਰ ਹਾਲ, ਜਲੰਧਰ*

# ਪੰਡਿਤ ਕਿਸ਼ੋਰੀ ਲਾਲ

**–ਅਜੇ ਘੋਸ਼**

ਮੈਂ ਕਿਸ਼ੋਰੀ ਲਾਲ ਨੂੰ ਪਹਿਲੀ ਵਾਰ ਲਾਹੌਰ ਸਾਜ਼ਿਸ਼ ਕੇਸ ਵਿਚ ਆਪਣੀ ਗ੍ਰਿਫਤਾਰੀ ਤੋਂ ਬਾਅਦ ਮਿਲਿਆ। ਇਹ 10 ਜੁਲਾਈ 1929 ਦੀ ਗੱਲ ਹੈ। ਮੁਕੱਦਮੇ ਅਧੀਨ ਕੈਦੀਆਂ ਨੂੰ ਅਦਾਲਤ ਵਿਚ ਲੈ ਜਾਣ ਲਈ ਜੇਲ੍ਹ ਦੇ ਗੇਟ 'ਤੇ ਲਿਆਂਦਾ ਜਾਂਦਾ ਸੀ। ਸਾਡੇ ਦਿਲ ਭਾਰੀ ਸਨ, ਇਸ ਕਾਰਨ ਨਹੀਂ ਕਿ ਸਾਨੂੰ ਭਾਰੀ ਸਜ਼ਾ ਮਿਲਣ ਦੀ ਸੰਭਾਵਨਾ ਸੀ, ਸਗੋਂ ਸਾਡੀ ਪਾਰਟੀ ਦੇ ਖਿੰਡ-ਪੁੰਡ ਜਾਣ ਕਰਕੇ। ਗੇਟ 'ਤੇ ਅਸੀਂ ਕਿਸ਼ੋਰੀ ਨੂੰ ਦੇਖਿਆ-ਛੋਟਾ ਕੱਦ, ਗੁੰਦਵਾਂ ਸਰੀਰ ਅਤੇ ਚਿਹਰੇ ਉੱਤੇ ਸ਼ਰਾਰਤੀ ਝਲਕ ਅਤੇ ਮੁੱਛਾਂ, ਜਿਨ੍ਹਾਂ ਨੂੰ ਉਹ ਵਾਰ-ਵਾਰ ਵੱਟ ਦਿੰਦਾ ਸੀ ਤਾਂ ਜੋ ਪ੍ਰਭਾਵਕਾਰੀ ਦਿੱਖ ਬਣ ਸਕੇ, ਜਿਵੇਂ ਕਿ ਉਸਨੇ ਮੁਸਕਰਾਉਂਦੇ ਹੋਏ ਦੱਸਿਆ। ਉਸ ਉਦਾਸੀ ਭਰੇ ਮਾਹੌਲ ਵਿਚ ਇਹ ਮੁਸਕਰਾਹਟ ਬੇ-ਮੌਕਾ ਲੱਗਦੀ ਸੀ ਪਰੰਤੂ ਆਉਣ ਵਾਲੇ ਡੇਢ ਸਾਲ ਦੇ ਸਮੇਂ ਦੇ ਦੌਰਾਨ ਇਹ ਉਸਦੇ ਚਿਹਰੇ ਤੋਂ ਗਾਇਬ ਨਹੀਂ ਹੋਈ।

ਭਾਵੇਂ ਕੁੱਝ ਵੀ ਵਾਪਰ ਜਾਵੇ, ਬੁਰੀ ਤੋਂ ਬੁਰੀ ਅਵਸਥਾ ਵੀ ਹੋਵੇ, ਕਿਸ਼ੋਰੀ ਉਸਦਾ ਕੋਈ ਨਾ ਕੋਈ ਮਜ਼ਾਕੀਆ ਪੱਖ ਲੱਭ ਲੈਂਦਾ ਸੀ ਅਤੇ ਉਹ ਆਪਣੀ ਸੋਚ ਨੂੰ ਕੇਵਲ ਆਪਣੇ ਤੱਕ ਹੀ ਸੀਮਿਤ ਨਹੀਂ ਸੀ ਰੱਖਦਾ। ਭੁੱਖ ਹੜਤਾਲਾਂ ਅਤੇ ਕਾਲੇ ਦਿਨਾਂ ਦੌਰਾਨ ਵੀ ਉਹ ਸਾਨੂੰ ਆਪਣਿਆਂ ਚੁਟਕਲਿਆਂ ਨਾਲ ਹਸਾਉਂਦਾ ਰਹਿੰਦਾ ਸੀ।

ਅਦਾਲਤ ਵਿਚ ਬੈਠੇ ਹੋਏ ਉਹ ਕਿਸੇ ਵਕੀਲ, ਜੱਜ ਜਾਂ ਪੁਲਸ ਅਧਿਕਾਰੀ ਬਾਰੇ ਕੋਈ ਨਾ ਕੋਈ ਮਜ਼ਾਕੀਆ ਗੱਲ ਲੱਭ ਲੈਂਦਾ ਸੀ ਅਤੇ ਆਪਣੀ ਟਿੱਪਣੀ ਸਾਡੇ ਸਾਰਿਆਂ ਤੱਕ ਪੁਚਾ ਦਿੰਦਾ ਸੀ। ਸਾਡੇ ਹਾਸੇ ਦੀ ਗੂੰਜ ਅਦਾਲਤ ਦੀ ਕਾਰਵਾਈ ਵਿਚ ਵਿਘਨ ਪਾ ਦਿੰਦੀ ਸੀ ਅਤੇ ਸਾਡੇ ਵਕੀਲ ਸਾਡੇ ਅਢੁਕਵੇਂ ਵਰਤਾਓ ਬਾਰੇ ਦੁਖੀ ਹੋ ਜਾਂਦੇ ਸਨ। ਅਸੀਂ ਵੀ ਕਿਸ਼ੋਰੀ ਨੂੰ ਝਿੜਕਦੇ ਸਾਂ ਅਤੇ ਉਹ ਆਪਣਾ ਮੂੰਹ ਲਟਕਾ ਕੇ ਐਨਾ ਉਦਾਸ ਕਰ ਲੈਂਦਾ ਸੀ ਜੋ ਸਾਡੇ ਲਈ ਇਕ ਹੋਰ ਹਾਸੇ ਦਾ ਕਾਰਨ ਬਣ ਜਾਂਦਾ ਸੀ।

ਉਹ ਸਾਨੂੰ ਵੀ ਨਹੀਂ ਬਖ਼ਸ਼ਦਾ ਸੀ। ਕੀ ਵੱਡੇ, ਕੀ ਛੋਟੇ, ਸਾਰੇ ਉਸਦੇ ਮਜ਼ਾਕ ਦਾ ਸ਼ਿਕਾਰ ਬਣ ਜਾਂਦੇ ਸਨ। ਪਰੰਤੂ ਉਨ੍ਹਾਂ ਵਿਚ ਡੰਗ ਨਹੀਂ ਸੀ ਹੁੰਦਾ। ਜੋ ਉਸ ਦੇ ਮਜ਼ਾਕ ਦਾ ਪਾਤਰ ਹੁੰਦਾ ਸੀ ਉਹ ਸਭ ਤੋਂ ਵੱਧ ਹੱਸਦਾ ਸੀ।

ਮੁਸਕਰਾਹਟ ਦੀ ਇਸ ਬਾਹਰਲੀ ਪਰਤ ਦੇ ਪਿੱਛੇ ਇਕ ਫ਼ੌਲਾਦੀ ਇਰਾਦਾ ਸੀ ਅਤੇ ਇਕ ਨਰਮ-ਦਿਲ ਸੀ। ਜਦੋਂ ਉਹ ਲਾਹੌਰ ਦੇ ਭਿਆਨਕ ਕਿਲ੍ਹੇ ਵਿਚ ਸੀ ਤਾਂ ਉਸ ਉੱਤੇ ਅਜਿਹਾ ਤਸ਼ੱਦਦ ਢਾਹਿਆ ਗਿਆ ਤਾਂ ਜੋ ਉਸ ਕੋਲੋਂ ਸਾਰੇ ਭੇਦ ਕਢਵਾਏ ਜਾ ਸਕਣ। ਪਰੰਤੂ ਪੰਜਾਬ ਪੁਲਸ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੋ ਗਿਆ ਕਿ ਉਨ੍ਹਾਂ ਦਾ ਵਾਹ ਇਕ ਐਸੇ ਵਿਅਕਤੀ ਨਾਲ ਪੈ ਗਿਆ ਸੀ ਕਿ ਭਾਵੇਂ ਕਿੰਨਾ ਵੀ ਤਸ਼ੱਦਦ ਹੋਵੇ, ਉਹ ਮੁਸਕਰਾਉਂਦਾ ਹੀ ਰਹੇਗਾ।

ਜੂਨ 1930 ਵਿਚ ਇਕ ਘਟਨਾ ਵਾਪਰੀ ਜੋ ਵਰਨਣਯੋਗ ਹੈ। ਸ਼ਹਿਰੀ ਨਾ-ਫ਼ੁਰਮਾਨੀ ਅੰਦੋਲਨ ਚਲ ਰਿਹਾ ਸੀ। ਸਾਡੀ ਜੇਲ੍ਹ ਕਾਂਗਰਸੀ ਕੈਦੀਆਂ ਨਾਲ ਭਰੀ ਪਈ ਸੀ ਜਿਨ੍ਹਾਂ ਵਿਚ

ਬਹੁਤੇ ਨੌਜਵਾਨ ਸਨ। ਸਾਨੂੰ ਬਿਲਕੁੱਲ ਇਕ ਪਾਸੇ ਇਕ ਅਲੱਗ ਥਾਂ 'ਤੇ ਰੱਖਿਆ ਗਿਆ ਸੀ। ਜੇਲ੍ਹ ਅਧਿਕਾਰੀ ਚਾਹੁੰਦੇ ਸਨ ਕਿ ਸਾਡਾ ਅਤੇ ਕਾਂਗਰਸੀ ਵਰਕਰਾਂ ਦਾ ਆਪਸੀ ਮੇਲ ਨਾ ਹੋਵੇ। ਅਸੀਂ ਜਾਣਦੇ ਸਾਂ ਕਿ ਉਨ੍ਹਾਂ ਨਾਲ ਬੁਰਾ ਵਰਤਾਓ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਮਾਰ-ਕੁਟਾਈ ਵੀ ਹੋ ਰਹੀ ਹੈ। ਅਸੀਂ ਆਪਸ ਵਿਚ ਵਿਚਾਰਾਂ ਕਰਦੇ ਸਾਂ ਕਿ ਅਸੀਂ ਉਨ੍ਹਾਂ ਦੀ ਕਿਵੇਂ ਸਹਾਇਤਾ ਕਰ ਸਕਦੇ ਸਾਂ। ਪਰੰਤੂ ਅਸੀਂ ਬੇਬੱਸ ਸਾਂ। ਸਾਡੇ ਵਾਰਡਰਾਂ ਅਤੇ ਪਹਿਰੇਦਾਰਾਂ ਦੀ ਚੋਣ ਇਸ ਤਰ੍ਹਾਂ ਕੀਤੀ ਗਈ ਕਿ ਇਨਾਂ ਘਟਨਾਵਾਂ ਦੀ ਖ਼ਬਰ ਇਨ੍ਹਾਂ ਦੇ ਵਾਪਰਨ ਤੋਂ ਬਹੁਤ ਚਿਰ ਬਾਅਦ ਮਿਲਦੀ ਸੀ। ਕੋਈ ਕਾਰਵਾਈ ਕਰਨ ਤੋਂ ਪਹਿਲਾਂ ਸਾਨੂੰ ਤਾਜ਼ਾ ਅਤੇ ਪੂਰੀ ਜਾਣਕਾਰੀ ਦੀ ਲੋੜ ਹੁੰਦੀ ਸੀ।

ਕਿਸ਼ੋਰੀ ਕਦੇ ਹਾਰ ਨਹੀਂ ਸੀ ਮੰਨਦਾ। ਉਹ ਦੋਸਤ ਬਣਾਉਣ ਵਿਚ ਮਾਹਰ ਸੀ। ਉਸਨੇ ਇਹ ਜਾਣਕਾਰੀ ਪ੍ਰਾਪਤ ਕੀਤੀ ਕਿ ਇਕ ਕਾਂਗਰਸੀ ਨੂੰ ਉਸੇ ਦਿਨ ਕੁੱਟਿਆ ਗਿਆ ਹੈ ਅਤੇ ਬੇੜੀਆਂ ਵਿਚ ਜਕੜਿਆ ਗਿਆ ਹੈ। ਅਸੀਂ ਇਕ ਮੀਟਿੰਗ ਕੀਤੀ। ਪਰੰਤੂ ਕੀ ਕਰੀਏ ?

ਕਿਸ਼ੋਰੀ ਨੇ ਯੋਜਨਾ ਦੱਸੀ : ਅਸੀਂ ਕੰਧਾਂ ਟੱਪ ਕੇ ਦੂਜੇ ਪਾਸੇ ਚਲੇ ਜਾਈਏ, ਜੋ ਵੀ ਰਸਤੇ ਵਿਚ ਆਏ ਉਸਨੂੰ ਇਕ ਪਾਸੇ ਕਰਕੇ ਉਸ ਕੈਦੀ ਦੀ ਕੋਠੜੀ ਤੱਕ ਪਹੁੰਚ ਜਾਈਏ ਅਤੇ ਉਥੇ ਉਦੋਂ ਤੱਕ ਨਾਅਰੇਬਾਜ਼ੀ ਕੀਤੀ ਜਾਵੇ ਜਦੋਂ ਤੱਕ ਜੇਲ੍ਹ ਸੁਪਰਡੈਂਟ ਨਹੀਂ ਆਉਂਦਾ। ਅਸੀਂ ਉਸ ਨੂੰ ਇਹ ਤੱਥ ਦੱਸੀਏ ਕਿ ਕੈਦੀਆਂ ਨੂੰ ਗ਼ੈਰ ਕਾਨੂੰਨੀ ਤੌਰ 'ਤੇ ਮਾਰਿਆ-ਕੁੱਟਿਆ ਜਾ ਰਿਹਾ ਹੈ ਜੋ ਬੰਦ ਹੋਣਾ ਚਾਹੀਦਾ ਹੈ। ਇਹ ਇਕ ਹੌਂਸਲੇ ਵਾਲੀ ਅਤੇ ਖ਼ਤਰਨਾਕ ਯੋਜਨਾ ਸੀ। ਪਰੰਤੂ ਇਹ ਜਾਪਦਾ ਸੀ ਕਿ ਇਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਘਟਨਾਵਾਂ ਉਸੇ ਤਰ੍ਹਾਂ ਵਾਪਰੀਆਂ ਜਿਵੇਂ ਕਿ ਆਸ ਸੀ। ਵਾਰਡਰ ਹੱਕੇ-ਬੱਕੇ ਰਹਿ ਗਏ ਅਤੇ ਉਹ ਸਾਨੂੰ ਰੋਕ ਨਾ ਸਕੇ। ਕੁੱਝ ਹੀ ਮਿੰਟਾਂ ਵਿਚ ਉਸ ਕੈਦੀ ਦੀ ਕੋਠੀ ਤੱਕ ਪਹੁੰਚ ਗਏ ਅਤੇ ਉਨ੍ਹਾਂ ਸਾਰੇ ਤੱਥਾਂ ਦੀ ਜਾਣਕਾਰੀ ਲੈ ਲਈ ਜੋ ਸਾਨੂੰ ਲੋੜੀਂਦੇ ਸਨ।

ਹੁਣ ਤੱਕ ਖ਼ਤਰੇ ਦੀਆਂ ਘੰਟੀਆਂ ਜ਼ੋਰ-ਜ਼ੋਰ ਨਾਲ ਵੱਜਣੀਆਂ ਸ਼ੁਰੂ ਹੋ ਗਈਆਂ ਸਨ। ਸਾਰੇ ਪਾਸੇ ਧੁਮਾ ਦਿੱਤਾ ਗਿਆ ਕਿ ਬੰਬ ਧਮਾਕੇ ਦੇ ਕੈਦੀਆਂ ਨੇ ਬਗ਼ਾਵਤ ਕਰ ਦਿੱਤੀ ਹੈ। ਜੇਲ੍ਹਰ ਵੱਡੀ ਗਿਣਤੀ ਵਿਚ ਵਾਰਡਰਾਂ ਨੂੰ ਨਾਲ ਲੈ ਕੇ ਮੌਕੇ ਉੱਤੇ ਪਹੁੰਚ ਗਿਆ ਅਤੇ ਉਨ੍ਹਾਂ ਨੇ ਸਾਨੂੰ ਬੈਂਤਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਅਸੀਂ ਮੁਕਾਬਲਾ ਕੀਤਾ ਪਰੰਤੂ ਉਹ ਗਿਣਤੀ ਵਿਚ ਜ਼ਿਆਦਾ ਅਤੇ ਹਥਿਆਰਬੰਦ ਸਨ। ਲੜਾਈ ਵਿਚ ਸਾਡਾ ਬੁਰਾ ਹਾਲ ਹੋਇਆ। ਦੂਸਰਿਆਂ ਦੇ ਨਾਲ ਕਿਸ਼ੋਰੀ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਵੇਲੇ ਜੇਲ੍ਹਰ ਨੇ ਇਹ ਸੋਚਦੇ ਹੋਏ ਕਿ ਜੇਲ੍ਹ ਦੇ ਸਾਰੇ ਰਾਜਸੀ ਕੈਦੀ ਇਸ ਬਗ਼ਾਵਤ ਵਿਚ ਸ਼ਾਮਲ ਨਾ ਹੋ ਜਾਣ, ਲੜਾਈ ਰੁਕਵਾ ਦਿੱਤੀ।

ਇਕ ਘੰਟੇ ਬਾਅਦ ਸੁਪਰਡੈਂਟ ਸਾਡੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਸਾਨੂੰ ਕਾਨੂੰਨ ਆਪਣੇ ਹੱਥ ਵਿਚ ਨਹੀਂ ਲੈਣਾ ਚਾਹੀਦਾ ਅਤੇ ਵਾਅਦਾ ਕੀਤਾ ਕਿ ਜੇਲ੍ਹ ਅੰਦਰ ਕੁੱਟਮਾਰ ਬੰਦ ਕਰਨ ਬਾਰੇ ਉਹ ਹੁਕਮ ਜਾਰੀ ਕਰੇਗਾ। ਇਸ ਵਾਅਦੇ ਉੱਤੇ ਕਾਫ਼ੀ ਦੇਰ ਅਮਲ ਨਾ ਹੋਇਆ ਪਰ ਹਾਲਾਤ ਵਿਚ ਸੁਧਾਰ ਜ਼ਰੂਰ ਹੋਇਆ। ਕਿਸ਼ੋਰੀ ਇਸ ਘਟਨਾ ਦਾ ਹੀਰੋ ਸੀ।

ਕਿਸ਼ੋਰੀ ਨੂੰ ਉਮਰ ਕੈਦ ਦੀ ਸਜ਼ਾ ਹੋਈ। ਅੱਜ ਤੱਕ ਉਹ ਪੂਰਨ ਰੂਪ ਵਿਚ ਆਸ਼ਾਵਾਦੀ ਹੈ ਅਤੇ ਉਸ ਦੇ ਚਿਹਰੇ ਉੱਤੇ ਖੇੜਾ ਕਾਇਮ ਹੈ ਜਿਸ ਕਾਰਨ ਉਹ ਉਨ੍ਹਾਂ ਸਾਰਿਆਂ ਵਿਚ ਮਕਬੂਲ ਹੋਇਆ ਜਿਨ੍ਹਾਂ ਨੂੰ ਵੀ ਉਹ ਮਿਲਿਆ। ਜੇਲ੍ਹ ਵਿਚ ਕੀਤੇ ਗਏ ਅਧਿਐਨ ਨੇ ਉਸਨੂੰ

ਕਮਿਊਨਿਜ਼ਮ ਵੱਲ ਪ੍ਰੇਰਤ ਕੀਤਾ ਅਤੇ ਇਹੀ ਇਕ ਕਾਰਨ ਸੀ ਕਿ ਪੰਜਾਬ ਸਰਕਾਰ ਉਸਨੂੰ ਸਭ ਤੋਂ ਵੱਧ ਨਫ਼ਰਤ ਕਰਦੀ ਸੀ। ਅਫ਼ਸਰਸ਼ਾਹੀ ਅਤੇ ਜਾਗੀਰਦਾਰਾਂ ਦੇ ਬੂਟ ਚੱਟ ਜਿਨ੍ਹਾਂ ਦੇ ਸਿਰ 'ਤੇ ਪੰਜਾਬ ਦਾ ਫ਼ੌਜੀ ਮੁਖੀ ਖੜ੍ਹਾ ਸੀ, ਇਹ ਜਾਣਦੇ ਸਨ ਕਿ ਕਮਿਊਨਿਜ਼ਮ ਹੀ ਉਨ੍ਹਾਂ ਦਾ ਜਾਨੀ ਦੁਸ਼ਮਣ ਹੈ ਕਿਉਂਕਿ ਇਸਦੇ ਝੰਡੇ ਹੇਠ ਹੀ ਪੰਜਾਬ ਦੀ ਕਿਸਾਨੀ ਵੱਡੀ ਗਿਣਤੀ ਵਿਚ ਲਾਮਬੰਦ ਹੋ ਰਹੀ ਸੀ। ਉਹ ਉਦੋਂ ਤੱਕ ਕਿਸ਼ੋਰੀ ਨੂੰ ਰਿਹਾਅ ਨਹੀਂ ਕਰਨਗੇ, ਜਿੰਨੀ ਦੇਰ ਤੱਕ ਅਜਿਹਾ ਕਰਨ ਲਈ ਉਹ ਮਜਬੂਰ ਨਾ ਹੋ ਜਾਣ।

***

# ਪੰਡਿਤ ਕਿਸ਼ੋਰੀ ਲਾਲ – ਸਾਡਾ ਪ੍ਰਧਾਨ

–ਭਗਤ ਸਿੰਘ ਬਿਲਗਾ

ਉਨ੍ਹਾਂ ਦੀ ਮੌਤ ਤੇ ਉਹਨਾਂ ਨੂੰ ਲੋਕਾਂ ਨੇ ਬੜੇ ਉਪ-ਨਾਵਾਂ ਨਾਲ ਯਾਦ ਕੀਤਾ। ਉਹ ਇਕ ਤਪੱਸਵੀ ਸੀ, ਉਹ ਇਕ ਦੇਵਤਾ ਸੀ, ਉਹ ਬਾਲ ਬ੍ਰਹਮਚਾਰੀ ਸੀ ਹਾਂ ਉਹ ਇਕ ਦੇਸ਼ ਭਗਤ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਪ੍ਰਧਾਨ ਸੀ। ਕਮਿਊਨਿਸਟ ਸੀ, ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਮਹਾਨ ਲੀਡਰ ਸੀ।

ਉਮਰ ਕੈਦ ਕਟੱਦਿਆਂ ਪੰਜ ਸਾਲ ਤਨਹਾਈ ਕੋਠੀ ਵਿਚ ਬੰਦ ਰਹਿਣ ਕਾਰਨ ਉਸ ਵਿਚ ਤਵੱਸਵੀਆਂ ਵਾਲੇ ਗੁਣ ਪੈਦਾ ਹੋ ਗਏ ਸਨ। ਫਾਲਤੂ ਸਿਆਸੀ ਝਗੜਿਆਂ ਵਿਚ ਕਦੇ ਨਾ ਪੈਂਦਾ। ਹਮੇਸ਼ਾ ਉਸਾਰੂ ਦਲੀਲਾਂ ਪੇਸ਼ ਕਰਦਾ ਨੇਕ ਸਲਾਹ ਦੇਂਦਾ। ਉਹ ਇਕ ਦੇਵਤਾ ਹੀ ਸੀ। ਸ਼ਾਦੀ ਤਾਂ ਕਰਾਈ ਹੀ ਨਹੀਂ ਸੀ।

ਦੇਸ਼ ਭਗਤ ਹਾਲ ਦੀ ਉਸਾਰੀ ਵੇਲੇ ਜਦ ਕਮੇਟੀ ਨੇ ਸੋਹਣ ਸਿੰਘ ਜੋਸ਼, ਮੈਨੂੰ ਤੇ ਉਹਨਾਂ ਨੂੰ ਚੁਣ ਦਿੱਤਾ ਤੇ ਕਹਿ ਦਿੱਤਾ ਕਿ ਬਾਕੀ ਵੰਡ ਆਪ ਕਰ ਲਓ। ਉਸ ਵੇਲੇ ਆਪ ਨੂੰ ਪ੍ਰਧਾਨ ਬਣਾਉਣ ਦਾ ਖਿਆਲ ਸੀ। ਪਰ ਉਹਨਾਂ ਨੇ ਇਸ ਪੁਜੀਸ਼ਨ ਲਈ ਜੋਸ਼ ਜੀ ਨੂੰ ਹੀ ਮਾਨਤਾ ਦਿੱਤੀ ਤੇ ਕਿਹਾ ਕਿ ਇਹ ਸੀਨੀਅਰ ਹਨ। ਹੁਣ ਪ੍ਰਧਾਨ ਹੁੰਦਿਆਂ ਉਨ੍ਹਾਂ ਨੇ ਜਿਸ ਟੀਮ ਸਪਿਰਟ ਨਾਲ ਕੰਮ ਕੀਤਾ ਦੇਸ਼ ਭਗਤ ਹਾਲ ਦੀ ਉਪਰਲੀ ਮੰਜ਼ਿਲ ਉਸਦਾ ਸਬੂਤ ਹੈ। ਉਹ ਬੜੀ ਸੋਚ ਸਮਝ ਤੋਂ ਬਾਅਦ ਹੀ ਆਪਣੀ ਰਾਇ ਪੇਸ਼ ਕਰਦੇ ਤੇ ਉਹ ਤਕਰੀਬਨ ਠੀਕ ਹੀ ਹੁੰਦੀ। ਦੂਸਰੇ ਦੀ ਸੁਣ ਕੇ ਠੀਕ ਹੋਵੇ ਤਾਂ ਮੰਨ ਲੈਣਾ ਉਨ੍ਹਾਂ ਦੀ ਜ਼ਿੰਦਗੀ ਦਾ ਗੁਣ ਸੀ।

ਦਸ ਸਾਲ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਨਿਸ਼ਕਾਮ ਸੇਵਾ ਕਰਨ ਵਾਲਾ ਨੇਤਾ ਅੱਜ ਸਾਥੋਂ ਜੁਦਾ ਹੋ ਗਿਆ। ਇਕ ਖਲਾਅ ਜਿਹਾ ਮਹਿਸੂਸ ਹੋ ਰਿਹਾ ਹੈ। ਇਹ ਤਾਂ ਕੁਦਰਤੀ ਹੀ ਹੈ। ਇਕ ਆਸ਼ਾ ਲੈ ਕੇ ਸਭ ਜੁਦਾ ਹੋ ਰਹੇ ਹਨ ਦੇਸ਼ ਭਗਤ ਬੱਚਿਓ! ਇਹ ਵਿਰਸਾ ਹੁਣ ਤੁਹਾਡੇ ਹਵਾਲੇ! ਇਸ ਨੂੰ ਸੰਭਾਲ ਕੇ ਰਖਿਓ।

***

# ਪੰਡਿਤ ਕਿਸ਼ੋਰੀ ਲਾਲ–ਵੱਡਮੁੱਲਾ ਕਰਾਂਤੀਕਾਰੀ

–ਹਰਕਿਸ਼ਨ ਸਿੰਘ ਸੁਰਜੀਤ

ਪੰਜਾਬ ਦੀ ਧਰਤੀ ਨੇ ਅਨੇਕਾਂ ਕਰਾਂਤੀਕਾਰੀ ਪੈਦਾ ਕੀਤੇ। ਜਿਨ੍ਹਾਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਹੱਸ-ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮੇ, ਆਪਣੀਆਂ ਚੜ੍ਹਦੀਆਂ ਜਵਾਨੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬਿਤਾ ਦਿੱਤੀਆਂ। ਅੰਡੇਮਾਨ ਕਾਲੇ ਪਾਣੀਆਂ ਦੀ ਜੇਲ੍ਹ ਵੀ ਆਜ਼ਾਦੀ ਲਈ ਉਨ੍ਹਾਂ ਦੇ ਦ੍ਰਿੜ ਇਰਾਦੇ ਤੋੜ ਨਾ ਸਕੀ। ਲਾਹੌਰ ਦੇ ਸ਼ਾਹੀ ਕਿਲ੍ਹੇ ਦੀਆਂ ਮਾਰਾਂ ਤੇ ਤਸੀਹੇ, ਅੰਗਰੇਜ਼ੀ ਸਾਮਰਾਜ ਥੱਲੇ ਕੰਮ ਕਰ ਰਹੀ ਪੁਲਿਸ ਦੇ ਅੱਤਿਆਚਾਰ ਇਹਨਾਂ ਇਨਕਲਾਬੀਆਂ ਨੂੰ ਆਪਣੇ ਰਾਹੋਂ ਨਾ ਮੋੜ ਸਕੇ। ਸਗੋਂ ਆਜ਼ਾਦੀ ਤੋਂ ਪਿੱਛੋਂ ਜਦੋਂ ਆਜ਼ਾਦੀ ਨੂੰ ਮਾਨਣ ਦਾ ਸਮਾਂ ਆਇਆ ਤਾਂ ਇਹਨਾਂ ਮਹਾਨ ਇਨਕਲਾਬੀਆਂ ਨੇ ਆਪਣੇ ਜੀਵਨ ਸਮਾਜੀ ਇਨਕਲਾਬ ਵਾਸਤੇ ਅਰਪਣ ਕਰ ਦਿੱਤੇ ਅਤੇ ਮਜ਼ਦੂਰਾਂ ਕਿਸਾਨਾਂ ਵਿਦਿਆਰਥੀਆਂ ਆਦਿ ਨੂੰ ਸੰਗਠਤ ਕਰਨ ਵਿਚ ਜੁੱਟ ਗਏ। ਇਸ ਘੋਲ ਦੇ ਤਜ਼ਰਬੇ ਦੇ ਦੌਰਾਨ ਇਹਨਾਂ ਇਨਕਲਾਬੀਆਂ ਨੂੰ ਅਕਤੂਬਰ ਇਨਕਲਾਬ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਇਹਨਾਂ ਦੇਸ਼ ਦੇ ਭਵਿੱਖ ਨੂੰ ਸ਼ੋਸ਼ਲਿਸਟ ਕਰਾਂਤੀ ਨਾਲ ਜੋੜਨ ਵਿਚ ਆਪਣਾ ਭਵਿੱਖ ਅਰਪਣ ਕਰ ਦਿੱਤਾ। ਇਹਨਾਂ ਵਿਚ ਗ਼ਦਰੀ ਸੂਰਬੀਰ ਵੀ ਸਨ, ਬਬਰ ਅਕਾਲੀ ਵੀ, ਉਹ ਮੁਹਾਜਰ ਜਿਹੜੇ ਖਿਲਾਫਿਤ ਸਮੇਂ ਹਿਜਰਤ ਕਰਕੇ ਗਏ, ਪਰ ਉਨ੍ਹਾਂ ਨੂੰ ਸ਼ੋਸ਼ਲਿਸਟ ਅਕਤੂਬਰ ਇਨਕਲਾਬ ਨੂੰ ਦੇਖਣ ਦਾ ਮੌਕਾ ਮਿਲਿਆ ਅਤੇ ਦੇਸ਼ ਵਿਚ ਉਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪਰਤ ਆਏ। ਇਨ੍ਹਾਂ ਵਿਚ ਕੌਮੀ ਲਹਿਰਾਂ ਦੇ ਆਗੂ ਵੀ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਨੂੰ ਸਮਾਜਿਕ ਕਰਾਂਤੀ ਨਾਲ ਜੋੜਨ ਵਿਚ ਦੇਸ਼ ਦਾ ਚੰਗਾ ਭਵਿੱਖ ਦੇਖਿਆ। ਇਹਨਾਂ ਵਿਚ ਨੌਜੁਆਨ ਭਾਰਤ ਸਭਾ ਦੇ ਉਹ ਬਹਾਦਰ ਯੋਧੇ ਸਨ, ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਨਾਲ ਮਿਲ ਕੇ ਆਪਣੇ ਜੀਵਨ ਦੇਸ਼ ਦੀ ਆਜ਼ਾਦੀ ਲਈ ਅਰਪਣ ਕਰਨ ਦੀ ਸਹੁੰ ਚੁੱਕੀ ਤੇ ਅਮਲ ਵਿਚ ਦਸ ਦਿੱਤਾ ਕਿ ਉਹ ਆਜ਼ਾਦੀ ਲਈ ਕਿਸੇ ਪ੍ਰਕਾਰ ਦੀ ਕੁਰਬਾਨੀ ਕਰਨ ਵਿਚ ਹਿਚਕਚਾਹਟ ਨਹੀਂ ਰੱਖਦੇ। ਆਪਣੇ ਤਜ਼ਰਬੇ ਤੋਂ ਉਨ੍ਹਾਂ ਇਹ ਵੀ ਭਾਂਪ ਲਿਆ ਕਿ ਆਜ਼ਾਦੀ ਦਾ ਰਾਹ ਜਰਕਾਊਪੁਣੇ ਨਾਲ ਨਹੀਂ, ਸਗੋਂ ਜਮਾਤੀ ਘੋਲਾਂ ਨੂੰ ਤਿੱਖਾ ਕਰਨ ਨਾਲ ਹੀ ਮਿਲ ਸਕਦਾ ਹੈ ਅਤੇ ਮਾਰਕਸਵਾਦ ਦਾ ਫਲਸਫਾ ਗ੍ਰਹਿਣ ਕੀਤਾ। ਅੱਜ ਇਕ ਇਕ ਦੀ ਜੀਵਨੀ ਉੱਤੇ ਝਾਤ ਮਾਰੀਏ ਤਦ ਪਤਾ ਲੱਗਦਾ ਹੈ ਕਿ ਨਾ ਅੰਗਰੇਜ਼ ਦਾ ਜਬਰ ਜ਼ੁਲਮ, ਤਸੀਹੇ ਇਨ੍ਹਾਂ ਨੂੰ ਇਨ੍ਹਾਂ ਦੇ ਇਰਾਦੇ ਤੋਂ ਭੁਚਲਾ ਸਕੇ ਤੇ ਨਾ ਹੀ ਆਜ਼ਾਦੀ ਤੋਂ ਪਿੱਛੋਂ ਦੀਆਂ ਸਰਕਾਰਾਂ ਕਿਸੇ ਲੋਭ ਲਾਲਚ ਨਾਲ ਇਨ੍ਹਾਂ ਨੂੰ ਸਮਾਜੀ ਇਨਕਲਾਬ ਦੇ ਉਦੇਸ਼ ਤੋਂ ਲਾਂਭੇ ਕਰ ਸਕੀਆਂ। ਪੰਡਿਤ ਕਿਸ਼ੋਰੀ ਅਜਿਹੇ ਮਹਾਨ ਇਨਕਲਾਬੀਆਂ ਵਿਚੋਂ ਇਕ ਉੱਘੇ ਇਨਕਲਾਬੀ ਸਨ।

ਇਕ ਸਧਾਰਨ ਟੀਚਰ ਦੇ ਘਰ ਪੈਦਾ ਹੋ ਕੇ ਜਿਸ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਦਾ ਬੜਾ ਸ਼ੌਕ ਸੀ, ਦੱਸਵੀਂ ਪਾਸ ਕਰਨ ਤੋਂ ਪਿੱਛੋਂ ਪੰਡਿਤ ਜੀ ਨੂੰ ਡੀ.ਏ.ਵੀ. ਕਾਲਜ ਲਾਹੌਰ ਪੜ੍ਹਨ ਵਾਸਤੇ ਭੇਜ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਨੌਜੁਆਨ ਭਾਰਤ ਸਭਾ ਕਾਇਮ ਹੋ ਚੁੱਕੀ ਸੀ ਤੇ ਪੰਜਾਬ ਦੇ ਨੌਜੁਆਨ ਜਿਹੜੇ ਦੇਸ਼ ਦੀ ਆਜ਼ਾਦੀ ਲਈ ਤਾਂਘਦੇ ਸਨ, ਬੜੇ ਖੁਸ਼ੀ ਖੁਸ਼ੀ ਇਸ ਨੌਜੁਆਨ ਸਭਾ ਦਾ ਪੱਲਾ ਫੜ ਰਹੇ ਸਨ। ਇਸ ਨੌਜੁਆਨ ਸਭਾ ਦੇ ਅੰਦਰ ਇਕ ਹੋਰ

ਕਰਾਂਤੀਕਾਰੀ ਸੰਗਠਨ ਸੀ, ਜਿਸ ਦਾ ਉਦੇਸ਼ 'ਕਰਾਂਤੀਕਾਰੀ' ਢੰਗਾਂ ਨਾਲ ਦੇਸ਼ ਨੂੰ ਆਜ਼ਾਦ ਕਰਨਾ ਸੀ। ਪੰਜਾਬ ਵਿਚੋਂ ਸ਼ਹੀਦ ਭਗਤ ਸਿੰਘ, ਉਸ ਦੇ ਮੁਖੀ ਆਗੂ ਸਨ। ਪੰਡਿਤ ਜੀ ਨੇ ਅਜੇ ਕਾਲਜ ਵਿਚ ਮਸਾਂ ਇਕ ਵਰਾ ਵੀ ਪੜ੍ਹਾਈ ਨਹੀਂ ਕੀਤੀ ਜਦੋਂ ਇਸ ਸੰਗਠਨ ਤੋਂ ਪ੍ਰਭਾਵਿਤ ਹੋ ਕੇ ਸ਼ਹੀਦ ਭਗਤ ਸਿੰਘ ਦੀ ਫੌਜ ਵਿਚ ਸ਼ਾਮਿਲ ਹੋ ਗਏ ਅਤੇ ਆਪਣੇ ਜੀਵਨ ਨੂੰ ਸਭ ਕੁਝ ਤਿਆਗ ਕੇ ਕੌਮੀ ਮੁਕਤੀ ਲਈ ਅਰਪਣ ਕਰਨ ਦੀ ਸਹੁੰ ਚੁੱਕ ਲਈ, ਜਿਹੜੀ ਸਹੁੰ ਕਈ ਇਨਕਲਾਬੀਆਂ ਨੇ ਫਾਂਸੀਆਂ ਦੇ ਰੱਸੇ ਚੁੰਮ ਕੇ ਪੁਗਾ ਦਿੱਤੀ, ਕਈਆਂ ਨੇ ਜੇਲ੍ਹਾਂ ਵਿਚ ਜੀਵਨ ਬਿਤਾ ਕੇ ਅਤੇ ਕਈ ਆਜ਼ਾਦੀ ਤੋਂ ਪਿੱਛੋਂ ਵੀ ਘੋਲਾਂ ਦੀ ਅਗਵਾਈ ਕਰਕੇ ਲੋਕ ਸੇਵਾ ਦੇ ਮੈਦਾਨ ਵਿਚ ਨਿੱਤਰੇ। ਪੰਡਿਤ ਕਿਸ਼ੋਰੀ ਲਾਲ ਨੂੰ ਇਸ ਗੱਲ ਦਾ ਮਾਣ ਹਾਸਿਲ ਰਿਹਾ ਕਿ 61 ਵਰ੍ਹੇ ਦੇ ਇਨਕਲਾਬੀ ਜੀਵਨ ਵਿਚ ਇਕ ਦਿਨ ਵੀ ਐਸਾ ਨਾ ਹੋਵੇ, ਜਿਹੜਾ ਆਜ਼ਾਦੀ ਦੀ ਤਾਂਘ ਤੋਂ ਬਿਨਾਂ ਜਾਂ ਜਨਤਾ ਦੀ ਸੇਵਾ ਦੇ ਘੋਲਾਂ ਵਿਚ ਸਰਗਰਮ ਰਹਿਣ ਤੋਂ ਬਿਨਾ ਬਿਤਾਇਆ ਹੋਵੇ। ਉਹ 1929 ਵਿਚ ਸ਼ਹੀਦ ਭਗਤ ਸਿੰਘ ਨਾਲ ਲਾਹੌਰ ਸਾਜਿਸ਼ ਕੇਸ ਵਿਚ ਸ਼ਾਮਿਲ ਸਨ। ਜੇਕਰ ਪੰਡਿਤ ਕਿਸ਼ੋਰੀ ਲਾਲ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਗਈ ਤਾਂ ਉਸ ਦਾ ਮੁੱਖ ਕਾਰਨ ਇਹ ਸੀ ਕਿ ਉਸ ਦੀ ਆਯੂ ਹਾਲੇ ਛੋਟੀ ਸੀ। ਇਸ ਲਈ ਇਨ੍ਹਾਂ ਨੂੰ ਉਮਰ ਕੈਦ ਦੀ ਸਜਾ ਦਿੱਤੀ ਗਈ।

ਪੰਡਿਤ ਕਿਸ਼ੋਰੀ ਲਾਲ ਨੇ ਅਦਾਲਤ ਦੇ ਫੈਸਲੇ ਤੋਂ ਪਿੱਛੋਂ ਵਧੇਰੇ ਧਿਆਨ ਮਾਰਕਸਵਾਦ-ਲੈਨਿਨਵਾਦ ਦਾ ਅਧਿਅਨ ਕਰਨ ਵਿਚ ਲਾ ਦਿੱਤਾ ਸੀ, ਉਸ ਸਮੇਂ ਮਾਰਕਸਵਾਦ ਦਾ ਸਾਹਿਤ ਇੰਨੀ ਭਾਰੀ ਗਿਣਤੀ ਵਿਚ ਮੌਜੂਦ ਨਹੀਂ ਸੀ। ਤਦ ਵੀ ਜਿਸ ਪਾਸਿਉਂ ਵੀ ਕੋਈ ਮਾਰਕਸਵਾਦ ਦਾ ਸਾਹਿਤ ਮਿਲ ਸਕਿਆ, ਉਨ੍ਹਾਂ ਨੇ ਉਸਦਾ ਅਧਿਅਨ ਕਰਨ ਦੀ ਕਸਰ ਨਹੀਂ ਛੱਡੀ। ਉਨ੍ਹਾਂ ਨੇ ਪਹਿਲੀ ਕੈਦ ਦਾ ਵਧੇਰੇ ਜੀਵਨ ਲਾਹੌਰ ਸੈਂਟਰਲ ਜੇਲ੍ਹ ਵਿਚ ਬਤੀਤ ਕੀਤਾ।

ਮੈਨੂੰ ਉਹਨਾਂ ਨਾਲ ਪਹਿਲੀ ਵਾਰੀ ਜਾਤੀ ਸਬੰਧ ਪੈਦਾ ਕਰਨ ਦਾ ਸਮਾਂ ਉਸ ਵੇਲੇ ਮਿਲਿਆ ਜਦੋਂ 1942 ਵਿਚ ਬਿਮਾਰੀ ਦੀ ਹਾਲਤ ਵਿਚ ਗੁਜਰਾਤ ਜੇਲ੍ਹ ਤੋਂ ਮੈਨੂੰ ਇਲਾਜ ਵਾਸਤੇ ਲਾਹੌਰ ਲਿਆਂਦਾ ਗਿਆ। ਉਸ ਸਮੇਂ ਪੰਡਿਤ ਕਿਸ਼ੋਰੀ ਲਾਲ ਦੇ ਨਾਲ ਉਹਨਾਂ ਦੇ ਦੂਜੇ ਕ੍ਰਾਂਤੀਕਾਰੀ ਸਾਥੀ ਹੰਸ ਰਾਜ ਜੀ ਰਹਿੰਦੇ ਸਨ, ਇਹਨਾਂ ਨੇ ਆਪਣੇ ਵਿਚਾਰਾਂ ਨਾਲ ਅਨੇਕਾਂ ਕਾਰਕੁੰਨਾਂ ਨੂੰ ਜਿਹਨਾਂ ਵਿਚ ਬੱਬਰ ਅਕਾਲੀ ਵੀ ਸ਼ਾਮਿਲ ਸਨ, ਜੇਲ੍ਹ ਵਿੱਚ ਪ੍ਰਭਾਵਿਤ ਕੀਤਾ। ਸ਼ਾਇਦ ਕਿੰਨੇ ਇਨਕਲਾਬੀ ਹੋਣਗੇ, ਜਿਹਨਾਂ ਨੂੰ ਪੰਡਿਤ ਕਿਸ਼ੋਰੀ ਲਾਲ ਨੇ ਜੇਲ੍ਹ ਵਿੱਚ ਹੀ ਇਸ ਪਾਸੇ ਲਿਆਂਦਾ ਕਿ ਅਜ਼ਾਦੀ ਦਾ ਅਸਲੀ ਮਨੋਰਥ ਤਾਂ ਹਾਸਲ ਹੋ ਸਕਦਾ ਹੈ ਜੇਕਰ ਮਾਰਕਸਵਾਦ ਲੈਨਿਨਵਾਦ ਦੇ ਅਧਾਰ ਤੇ ਕਮਿਊਨਿਸਟ ਅੰਦੋਲਨ ਨੂੰ ਮਜ਼ਬੂਤ ਕੀਤਾ ਜਾਵੇ। ਜਦੋਂ ਮੈਂ ਉਹਨਾ ਨੂੰ ਮਿਲਿਆ, ਬਹੁਤ ਕਠਿਨ ਸਮਾਂ ਸੀ। ਦੁਨੀਆਂ ਵਿੱਚ ਫਾਸ਼ੀਵਾਦ ਦੇ ਖਿਲਾਫ਼ ਸੋਵੀਅਤ ਯੂਨੀਅਨ ਦੀ ਅਗਵਾਈ ਵਿਚ ਜਨਤਕ ਜੰਗ ਲੜੀ ਜਾ ਰਹੀ ਸੀ। ਭਾਰਤ ਦੀ ਜਨਤਾ ਆਪਣੀ ਅਜ਼ਾਦੀ ਲਈ ਤਾਂਘ ਰਹੀ ਸੀ ਤੇ ਕਮਿਊਨਿਸਟ ਪਾਰਟੀ ਨੇ ਜਿਹਨੂੰ ਕਾਫੀ ਸਮੇਂ ਤੋਂ ਪਿਛੋਂ ਕਾਨੂੰਨੀ ਬਣਾ ਦਿੱਤਾ ਗਿਆ ਸੀ, ਇਹ ਦ੍ਰਿਸ਼ਟੀਕੋਨ ਪੇਸ਼ ਕਰ ਰਹੀ ਸੀ ਕਿ ਸਾਡੇ ਦੇਸ਼ ਦੀ ਆਜ਼ਾਦੀ ਫਾਸ਼ਿਸਮ ਉਤੇ ਫਤਿਹ ਨਾਲ ਜੁੜੀ ਹੋਈ ਹੈ। ਪੰਡਿਤ ਜੀ ਉਸ ਸਮੇਂ ਤੱਕ ਪਾਰਟੀ ਦੀ ਨੀਤੀ ਤੇ ਪੂਰਾ ਭਰੋਸਾ ਲਿਆ ਚੁੱਕੇ ਸਨ। ਪਰ ਆਪਣੇ ਜੀਵਨ ਨੂੰ ਪਾਰਟੀ ਦੇ ਅਰਪਣ ਕਰਨ ਦਾ ਨਿਰਣਾ ਲੈ ਲਿਆ ਅਤੇ ਪਾਰਟੀ ਦੇ ਮੈਂਬਰ ਬਣ ਗਏ। ਜੇਕਰ ਜੇਲ੍ਹ ਤੋਂ ਬਾਹਰ ਹੁੰਦੇ ਤਦ

1930 ਵਿਚ ਹੀ ਕਮਿਊਨਿਸਟ ਪਾਰਟੀ ਵਿਚ ਹੁੰਦੇ। ਦਰਅਸਲ ਉਹਨਾਂ ਨੂੰ ਉਸ ਸਮੇਂ ਤੋਂ ਲੈ ਕੇ ਹੀ ਪਾਰਟੀ ਦਾ ਅੰਗ ਸਮਝਣਾ ਚਾਹੀਦਾ ਅਤੇ ਮੰਨਣਾ ਚਾਹੀਦਾ ਹੈ ਕਿ ਉਹ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ।

ਲੰਬੀ ਜੇਲ੍ਹ ਮਨੁੱਖ ਵਿੱਚ ਕਈ ਕਿਸਮ ਦੇ ਰੁਝਾਨ ਪੈਦਾ ਕਰਦੀ ਹੈ। ਪਰ ਮਾਰਕਸਵਾਦੀ ਸੇਧ ਕਾਰਨ ਜੇਲ੍ਹ ਵਿਚ ਵੀ ਪੰਡਿਤ ਕਿਸ਼ੋਰੀ ਲਾਲ ਦੀਆਂ ਇਨਕਲਾਬੀ ਭਾਵਨਾਵਾਂ ਹੀ ਵਿਕਸਤ ਹੋਈਆਂ। ਆਪਣੇ ਸ਼ੀਲ ਸੁਭਾਅ ਕਰਕੇ ਦੂਜੇ ਰਾਜਨੀਤਕ ਕੈਦੀਆਂ ਨਾਲ ਨਿੱਘੇ ਵਰਤਾ ਕਰ ਕੇ ਉਹ ਉਹਨਾਂ ਲੋਕਾਂ ਨੂੰ ਵੀ ਮੋਹ ਲੈਂਦੇ ਸਨ ਜਿਹੜੇ ਮਾਰਕਸੀ ਵਿਚਾਰ ਨਹੀਂ ਰੱਖਦੇ ਸਨ। ਜੇ ਕਿਸੇ ਨੂੰ ਉਹਨਾਂ ਦਿਨਾਂ ਵਿੱਚ ਲਹੌਰ ਸੈਂਟਰਲ ਜੇਲ੍ਹ ਵਿੱਚ ਜਾਣ ਦਾ ਮੌਕਾ ਮਿਲਿਆ ਹੋਵੇ, ਇਸ ਗੱਲ ਦੀ ਗਵਾਹੀ ਦੇ ਸਕਦਾ ਹੈ ਕਿ ਪੰਡਿਤ ਜੀ ਆਮ ਕੈਦੀਆਂ ਵਿੱਚ ਕਿੰਨੇ ਹਰਮਨ ਪਿਆਰੇ ਸਾਥੀ ਸਨ। ਕੈਦ ਵਿੱਚ ਉਹਨਾਂ ਨੂੰ ਨਾ ਕਦੀ ਘਰ ਦਾ ਖਿਆਲ ਆਇਆ ਨਾ ਹੀ ਅਪਾਣੇ ਨਿੱਜੀ ਭਵਿੱਖ ਦੀ ਸੋਚ ਨੇ ਉਹਨਾਂ ਦੇ ਮਨ ਨੂੰ ਘੇਰਿਆ। ਇਥੋਂ ਤੱਕ ਕਿ ਇਨਕਲਾਬੀ ਲਹਿਰ ਦੀਆਂ ਕਠਿਨਾਈਆਂ ਦੇ ਤਜਰਬੇ ਦੇ ਅਧਾਰ 'ਤੇ ਉਹਨਾਂ ਨੇ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਜੇਲ੍ਹ ਤੋਂ ਬਾਹਰ ਜਾ ਕੇ ਪਾਰਟੀ ਤੋਂ ਅਲੱਗ ਰਹਿ ਕੇ ਅੱਡ ਕੋਈ ਜੀਵਨ ਬਤੀਤ ਕਰਨਗੇ। ਵਿਆਹ ਦੇ ਵਿਚਾਰ ਕਦੀ ਉਹਨਾਂ ਦੇ ਮਨ ਦੇ ਲਾਗੇ ਨਹੀਂ ਸਨ ਆਏ।

ਅਜ਼ਾਦੀ ਦੀ ਲਹਿਰ ਦੇ ਉਭਾਰ ਨਾਲ ਅਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਅਗਰੇਜ਼ ਨੇ ਉਹਨਾਂ ਨੂੰ ਰਿਹਾਅ ਕੀਤਾ। ਇਸ ਸਮੇਂ ਉਹ ਆਪਣੀ ਕੈਦ ਪੂਰੀ ਕਰ ਚੁੱਕੇ ਸਨ। ਉਹ ਸਿੱਧਾ ਜੇਲ੍ਹ ਤੋਂ ਪਾਰਟੀ ਦੇ ਦਫ਼ਤਰ ਆਏ ਜਿਹੜਾ ਉਸ ਸਮੇਂ ਲੇਡੀ ਫਜ਼ਲ ਹੁਸੈਨ ਬਿਲਡਿੰਗ ਵਿਚ 114 ਮਕਲੋਡ ਰੋਡ (ਲਾਹੌਰ) ਉੱਤੇ ਕੰਮ ਕਰ ਰਿਹਾ ਸੀ। ਜਦੋਂ ਉਹਨਾਂ ਨੂੰ ਉਨ੍ਹਾਂ ਦੇ ਪ੍ਰੋਗਰਾਮ ਬਾਰੇ ਪੁਛਿਆ ਗਿਆ ਤਦ ਇਕ ਹੀ ਜਵਾਬ ਸੀ ਕਿ ਪਾਰਟੀ ਦੀ ਸੇਵਾ ਤੋਂ ਬਿਨਾਂ ਮੇਰਾ ਹੋਰ ਕੋਈ ਪ੍ਰੋਗਰਾਮ ਨਹੀਂ ਹੈ। ਕਈ ਲੋਕ ਜਿਹੜੇ ਜਾਣਦੇ ਸਨ ਉਨ੍ਹਾਂ ਨੂੰ ਕੁਝ ਸਮੇਂ ਲਈ ਕਿਸੇ ਚੰਗੀ ਥਾਂ ਜਾ ਕੇ ਅਰਾਮ ਕਰਨ ਦੀ ਸਲਾਹ ਦਿੱਤੀ। ਤਦ ਉਨ੍ਹਾਂ ਦਾ ਜਵਾਬ ਸੀ ਕਿ ਜੇਲ੍ਹ ਵਿਚ ਅਰਾਮ ਹੀ ਕੀਤਾ ਹੈ। ਹੁਣ ਪਾਰਟੀ ਨੂੰ ਸਰਗਰਮ ਰਾਜਨੀਤੀ ਦੀ ਲੋੜ ਹੈ। ਮੈਂ ਉਸ ਵਿਚ ਆਪਣਾ ਹਿੱਸਾ ਪਾਉਣਾ ਚਾਹੁੰਦਾ ਹਾਂ। ਸਾਥੀ ਸਤਵੰਤ ਸਿੰਘ ਉਦੋਂ ਲਾਹੌਰ ਜ਼ਿਲ੍ਹਾ ਕਮੇਟੀ ਦੇ ਸੈਕਟਰੀ ਸਨ। ਪੰਡਿਤ ਜੀ ਦਾ ਉਹਨਾਂ ਨਾਲ ਸੰਪਰਕ ਕਰਾ ਦਿੱਤਾ ਗਿਆ ਤੇ ਫਿਰ ਉਹਨਾਂ ਦੀ ਸੰਗਤ ਵਿਚ ਉਹ ਸਕੇ ਭਰਾਵਾਂ ਦੀ ਤਰ੍ਹਾਂ ਰਹਿਣ ਲੱਗ ਪਏ। ਕੁਝ ਸਮੇਂ ਬਾਦ ਪੰਡਿਤ ਜੀ ਲਾਹੌਰ ਜ਼ਿਲ੍ਹਾ ਕਮੇਟੀ ਦੇ ਮੈਂਬਰ ਬਣ ਗਏ।

ਇਸ ਸਮੇਂ ਅੰਗਰੇਜ਼ੀ ਸਾਮਰਾਜ ਹਿੰਦੁਸਤਾਨ ਨੂੰ ਫਸਾਦਾਂ ਦੀ ਭੱਠੀ ਵਿਚ ਝੋਕਣ ਦਾ ਯਤਨ ਕਰ ਰਿਹਾ ਸੀ ਅਤੇ ਇਹ ਹਵਾ ਪੱਛਮੀ ਪੰਜਾਬ ਵਿਚ ਪਹੁੰਚਣ ਲੱਗ ਪਈ ਸੀ। ਪੰਡਿਤ ਜੀ ਨੂੰ ਇਸ ਗੱਲ ਦਾ ਬੜਾ ਦੁੱਖ ਆਉਂਦਾ ਸੀ ਤੇ ਉਨ੍ਹਾਂ ਅੱਗੇ ਹੋ ਕੇ ਲੋਕਾਂ ਵਿੱਚ ਫਿਰਕੂ ਸਦਭਾਵਨਾ ਪੈਦਾ ਕਰਨ ਲਈ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਪਰ ਇਸ ਇਲਾਕੇ ਵਿੱਚ ਸਾਡਾ ਅੰਦੋਲਨ ਕਮਜ਼ੋਰ ਸੀ, ਤੇ ਪੂਰਬੀ ਪੰਜਾਬ ਵਿੱਚ ਵੀ ਕਾਲੀਆਂ ਤਾਕਤਾਂ ਬੇ-ਗੁਨਾਹਾਂ ਦੇ ਖੂਨ ਦੀ ਹੋਲੀ ਖੇਡਣ ਵਿਚ ਜੁਟੀਆਂ ਹੋਈਆਂ ਸਨ। ਅਜ਼ਾਦੀ ਦੇ ਨਾਲ ਹੀ ਐਸੇ ਦ੍ਰਿਸ਼ ਦਾ ਸਾਹਮਣਾ ਕਰਨਾ ਪਿਆ ਜਿਸਦਾ ਕਦੇ ਚਿਤ ਚੇਤਾ ਹੀ ਨਹੀਂ ਸੀ। ਪੱਛਮੀ ਪੰਜਾਬ ਵਿੱਚ ਹਿੰਦੂ ਸਿੱਖਾਂ ਦਾ ਰਹਿਣਾ ਅਸੰਭਵ ਬਣਾ ਦਿੱਤਾ ਗਿਆ ਤੇ ਪੂਰਬੀ ਪੰਜਾਬ ਵਿੱਚ ਮੁਸਲਮਾਨਾਂ ਦਾ। ਸਾਡੀਆਂ

ਅੱਖਾਂ ਦੇ ਸਾਹਮਣੇ ਲੱਖਾਂ ਲੋਕਾਂ ਦੇ ਖ਼ੂਨ ਨਾਲ ਹੋਲੀਆਂ ਖੇਡੀਆਂ ਗਈਆਂ। ਪੰਡਿਤ ਜੀ ਨੇ ਪੂਰਬੀ ਪੰਜਾਬ ਦੇ ਪਾਸੇ ਆ ਕੇ ਬਾਕੀ ਸਾਥੀਆਂ ਨਾਲ ਰਲ ਕੇ ਸ਼ਰਨਾਰਥੀਆਂ ਦੇ ਵਸੇਬੇ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਕਮਿਊਨਿਸਟਾਂ ਨੂੰ ਇਸ ਗਲ ਦਾ ਮਾਣ ਹਾਸਲ ਹੈ ਕਿ ਸਰਹੱਦ ਦੇ ਦੋਹੀਂ ਪਾਸੀਂ ਉਨ੍ਹਾਂ ਨੇ ਘੱਟ ਗਿਣਤੀ ਲੋਕਾਂ ਦੀ ਰਾਖੀ ਕਰਨ ਵਿੱਚ ਆਪਣੀਆਂ ਜਾਨਾਂ ਵਾਰ ਦਿੱਤੀਆਂ ਤੇ ਮਗਰੋਂ ਮੁੜ ਵਸੇਬੇ ਵਾਸਤੇ ਜਾਣ ਤੋੜ ਕੇ ਕੰਮ ਕੀਤਾ।

ਅਜ਼ਾਦੀ ਤੋਂ ਪਿੱਛੋਂ ਪੰਡਿਤ ਜੀ ਸੂਬਾ ਕਮੇਟੀ ਦੇ ਮੈਂਬਰ ਬਣੇ। ਪੰਡਿਤ ਕਿਸ਼ੋਰੀ ਲਾਲ ਜੀ ਪੰਜਾਬ ਸੀ.ਪੀ.ਆਈ. (ਐਮ) ਦੇ ਸੂਬਾ ਸਕੱਤਰੇਤ ਦੇ ਵੀ ਮੈਂਬਰ ਰਹੇ। ਉਹ ਆਪਣੇ ਜੀਵਨ ਦੇ ਆਖਰੀ ਦਿਨਾਂ ਸਮੇਂ ਸੂਬਾ ਕਮੇਟੀ ਮੈਂਬਰ ਸਨ। ਸੂਬਾ ਕਮੇਟੀ ਵਿੱਚ ਰਹਿੰਦਿਆਂ ਉਹ ਪੰਜਾਬ ਸੀ.ਪੀ.ਆਈ. (ਐਮ) ਦੀ ਜਥੇਬੰਦਕ ਉਸਾਰੀ ਵਿੱਚ ਵਧ ਤੋਂ ਵੱਧ ਹਿੱਸਾ ਪਾਉਂਦੇ ਰਹੇ। ਸਮੇਂ ਸਮੇਂ ਹੋਏ ਸਾਰੇ ਪਾਰਟੀ ਘੋਲਾਂ ਦੀ ਉਸਾਰੀ ਵਿਚ ਆਪਣਾ ਕੀਮਤੀ ਯੋਗਦਾਨ ਪਾਉਂਦੇ ਰਹੇ। ਉਹ ਆਪ ਇਹਨਾਂ ਘੋਲਾਂ ਵਿਚ ਪੂਰੀ ਸਰਗਰਮੀ ਨਾਲ ਅੱਗੇ ਹੋ ਕੇ ਹਿੱਸਾ ਲੈਂਦਿਆਂ ਨੌਜਵਾਨਾਂ ਲਈ ਉਤਸ਼ਾਹ ਦਾ ਸੋਮਾ ਬਣੇ ਰਹੇ। ਇਹੀ ਕਾਰਣ ਸੀ ਕਿ ਉਹਨਾਂ ਨੂੰ ਅਜ਼ਾਦ ਭਾਰਤ ਦੇ ਅਸਮਾਨਾਂ ਹੇਠ ਵੀ ਕਈ ਵਾਰ ਜੇਲ੍ਹਾਂ ਦੀਆਂ ਕੋਠੜੀਆਂ ਵਿਚ ਫਿਰ ਬੰਦ ਕਰ ਦਿੱਤਾ ਜਾਂਦਾ ਰਿਹਾ। ਕੁਲ 24 ਸਾਲ ਜੇਲ੍ਹ ਕੱਟਣ ਤੋਂ ਬਿਨਾਂ ਢਾਈ ਸਾਲ ਅੰਡਰ ਗਰਾਊਂਡ ਰਹਿ ਕੇ ਪਾਰਟੀ ਜਥੇਬੰਦੀ ਦੀ ਉਸਾਰੀ ਵਿੱਚ ਆਪਣਾ ਆਗੂ ਰੋਲ ਅਦਾ ਕਰਨਾ ਜਾਰੀ ਰੱਖਦੇ ਰਹੇ।

ਭਾਰਤ ਵਿਚ ਸੀਟੂ ਦੀ ਉਸਾਰੀ ਮਜ਼ਦੂਰ ਲਹਿਰ ਦੇ ਇਤਿਹਾਸ ਦੀ ਇਕ ਅਹਿਮ ਤੇ ਇਤਿਹਾਸਕ ਘਟਨਾ ਹੈ। ਪੰਡਿਤ ਜੀ ਉਸ ਸਮੇਂ ਬੁਢਾਪੇ ਦੇ ਬਾਵਜੂਦ ਵੀ ਸੀਟੂ ਦੇ ਮੁੱਢ ਬੰਨ੍ਹਣ ਦੀਆਂ ਸਰਗਰਮੀਆਂ ਵਿਚ ਆਪਣੇ ਕੌਮੀ ਪੱਧਰ ਦੇ ਮਜ਼ਦੂਰ ਆਗੂਆਂ ਦੇ ਅੰਗ ਸੰਗ ਖਲੋਤੇ। ਉਹ ਸੀਟੂ ਦੇ ਮੁੱਢ ਬੰਨ੍ਹਣ ਵਾਲੇ ਇਤਿਹਾਸਕ ਕਲਕੱਤਾ ਇਕੱਠ ਵਿੱਚ ਸ਼ਾਮਲ ਸਨ।

ਬਾਅਦ ਵਿੱਚ ਉਥੋਂ ਆ ਕੇ ਉਹਨਾਂ ਪੰਜਾਬ ਸੀਟੂ ਦੀ ਉਸਾਰੀ ਵਿਚ ਆਪਣੀ ਆਗੂ ਭੂਮਿਕਾ ਨਿਭਾਈ ਤੇ ਕਾਫੀ ਚਿਰ ਉਹ ਪੰਜਾਬ ਸੀ.ਆਈ.ਟੀ.ਯੂ. ਦੇ ਪ੍ਰਧਾਨ ਪੱਦ ਤੇ ਰਹਿ ਕੇ ਮਜ਼ਦੂਰ ਲਹਿਰ ਦੀ ਅਗਵਾਈ ਕਰਦੇ ਰਹੇ। ਉਹ ਪੰਜਾਬ ਸੀ.ਪੀ.ਆਈ. (ਐਮ) ਦੇ ਕੰਟਰੋਲ ਕਮਿਸ਼ਨ ਦੇ ਵੀ ਮੈਂਬਰ ਰਹੇ ਤੇ ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਉਹਨਾਂ ਪਾਰਟੀ ਉਸਾਰੀ ਦੇ ਇਸ ਅਹਿਮ ਕੰਮ ਵਿਚ ਨਰੋਈਆਂ ਲੀਹਾਂ ਪਾਈਆਂ।

ਪੰਜਾਬ ਸੀ.ਪੀ.ਆਈ. ਐਮ. ਦੇ ਪਰਿਵਾਰ ਵਿੱਚੋਂ ਪੰਡਿਤ ਕਿਸ਼ੋਰੀ ਲਾਲ ਜੀ ਇਕ ਅਜਿਹੀ ਸਖਸ਼ੀਅਤ ਦੇ ਮਾਲਕ ਸਨ ਜਿਹਨਾਂ ਦਾ ਸਤਿਕਾਰ ਸਿਆਸੀ ਪਾਰਟੀਆਂ ਦੀਆਂ ਸਫਾਂ ਤੱਕ ਵਿਆਪਕ ਸੀ। ਸਾਰੀਆਂ ਹੀ ਰਾਜਸੀ ਪਾਰਟੀਆਂ ਉਹਨਾਂ ਪ੍ਰਤੀ ਸਤਿਕਾਰ ਤੇ ਆਦਰ ਦੀ ਭਾਵਨਾ ਰੱਖਦੀਆਂ ਸਨ। ਉਹ ਦੇਸ਼ ਦੀਆਂ ਕੌਮੀ ਤੇ ਦੇਸ਼ ਭਗਤ ਰਵਾਇਤਾਂ ਦੇ ਚਿੰਨ੍ਹ ਬਣੇ ਹੋਏ ਸਨ।

ਜਿਸ ਢੰਗ ਨਾਲ ਉਹਨਾਂ ਆਪਣੇ ਸਮੁੱਚੇ ਜੀਵਨ ਵਿੱਚ ਮੁਸ਼ਕਲਾਂ ਸਹੀਆਂ। ਜੇਲ੍ਹਾਂ, ਪੁਲਸ ਅਤਿਆਚਾਰ ਤੇ ਅੰਡਰ ਗਰਾਊਂਡ ਜੀਵਨ ਦੇ ਅਕਹਿ ਤਸੀਹੇ ਝੱਲੇ ਉਹ ਸਾਰੇ ਇਸ ਗੱਲ ਦੀ ਉਦਾਹਰਣ ਹਨ ਕਿ ਕੇਵਲ ਮਾਰਕਸਵਾਦ ਲੈਨਿਨਵਾਦ ਦਾ ਗਹਿਰਾ ਚਿੰਤਨ ਤੇ ਉਸਦੇ ਮੁਤਾਬਕ ਢਾਲਿਆ ਗਿਆ ਜੀਵਨ ਹੀ ਇਹਨਾਂ ਮੁਸ਼ਕਲਾਂ ਦਾ ਸਾਹਮਣਾ ਅਜਿਹੀ ਬਹਾਦਰੀ ਤੇ ਸਿਰੜ ਨਾਲ ਕਰ ਸਕਦਾ ਹੈ। ਉਹ ਆਪ ਵੀ ਇਹ ਗੱਲ ਆਪਣੇ ਸੰਪਰਕ ਵਿਚ

ਆਉਣ ਵਾਲਿਆਂ ਨੂੰ ਦੱਸਦੇ ਹਨ: "ਅਮਲ ਦਾ ਆਧਾਰ ਮਾਰਕਸੀ ਫਲਸਫੇ ਦਾ ਡੂੰਘਾ ਅਧਿਅਨ ਤੇ ਫਿਰ ਅਮਲ ਤੇ ਫਿਰ ਅਧਿਅਨ... ਇਸ ਤਰ੍ਹਾਂ ਇਕ ਲਗਾਤਾਰ ਸਿਲਸਿਲਾ ਹੈ।"

ਉਹਨਾਂ ਦੇ ਸੁਪਨਿਆਂ ਦੇ ਭਾਰਤ ਦੀ ਉਸਾਰੀ ਦਾ ਕੰਮ ਹੁਣ ਸਾਡੇ ਸਭ ਦੇ ਸਿਰ ਹੈ। ਇਸ ਨੂੰ ਤਕੜੇ ਹੋ ਕੇ ਆਓ ਨਿਭਾਈਏ। ਉਨ੍ਹਾਂ ਦਾ ਜੀਵਨ ਹਜ਼ਾਰਾਂ ਹੀ ਕਮਿਊਨਿਸਟਾਂ ਲਈ ਪ੍ਰੇਰਣਾ ਦਾ ਸੋਮਾ ਬਣਿਆ ਤੇ ਅੱਗੋਂ ਬਣਿਆ ਰਹੇਗਾ।

***

# ਪੰਡਿਤ ਕਿਸ਼ੋਰੀ ਲਾਲ ਜੀ ਦਾ ਜੀਵਨ ਇਕ ਚਾਨਣ ਮੁਨਾਰਾ

–ਕਾ. ਚਰਨ ਸਿੰਘ ਵਿਰਦੀ

ਮੇਰੀ ਪੰਡਿਤ ਜੀ ਨਾਲ ਪਹਿਲੀ ਮੁਲਾਕਾਤ ਨਵੰਬਰ 1968 ਵਿਚ ਉਸ ਸਮੇਂ ਹੋਈ ਸੀ ਜਦੋਂ ਉਹ ਦੋਰਾਹਾ ਮੰਡੀ ਵਿਖੇ ਨੌਜਵਾਨਾਂ ਦੀ ਇਕ ਮੀਟਿੰਗ ਵਿਚ ਆਏ ਹੋਏ ਸਨ। ਨੌਜਵਾਨਾਂ ਦੀ ਇਸ ਜਨਤਕ ਮੀਟਿੰਗ ਵਿੱਚ ਨੌਜਵਾਨ ਆਗੂ ਆਪਣੇ ਆਪਣੇ ਵਿਚਾਰ ਰੱਖ ਰਹੇ ਸਨ, ਮੁੱਖ ਮੁਦਾ ਬੇਰੁਜ਼ਗਾਰੀ ਦਾ ਵਿਚਾਰਿਆ ਜਾ ਰਿਹਾ ਸੀ। ਇਕ ਨੌਜਵਾਨ ਆਗੂ ਜੋ ਵਕੀਲ ਸੀ ਆਪਣੇ ਭਾਸ਼ਣ ਦੌਰਾਨ ਨੁਕਤਾ ਇਹ ਬਨਾਉਣ ਲੱਗਿਆ ਕਿ ਨੌਜਵਾਨ ਆਪ ਹੀ ਮਿਹਨਤੀ ਤੇ ਹਿੰਮਤੀ ਨਹੀਂ ਇਸ ਕਰਕੇ ਹੀ ਬੇਰੁਜ਼ਗਾਰ ਹਨ। ਉਸਨੇ ਇਸ ਸਬੰਧੀ ਦਰਿਸ਼ਟਾਂਤ ਵਜੋਂ ਆਪਣੀ ਮਿਸਾਲ ਦਿੱਤੀ ਕਿ "ਜੀ ਮੈਂ ਬੀ.ਐਸ.ਸੀ. ਚੰਗੇ ਨੰਬਰਾਂ ਨਾਲ ਕਰਕੇ, ਚੰਗੇ ਨੰਬਰਾਂ ਵਿਚ ਹੀ ਵਕਾਲਤ ਕਰਨ ਲਗਿਆ ਹਾਂ" ਆਦਿ। ਇਸ ਨੌਜਵਾਨ ਦੀ ਗੱਲ ਮੈਨੂੰ ਸਰਾਸਰ ਗਲਤ ਲਗੀ ਅਤੇ ਮੈਂ ਸਟੇਜ ਚਲਾ ਰਹੇ ਆਗੂਆਂ ਤੋਂ ਬੋਲਣ ਦਾ ਸਮਾਂ ਮੰਗਿਆ, ਉਨ੍ਹਾਂ ਝਿਜਕ ਦਿਖਾਈ ਕਿਉਂਕਿ ਉਹ ਮੈਨੂੰ ਜਾਣਦੇ ਨਹੀਂ ਸਨ। ਪਰੰਤੂ ਪੰਡਤ ਜੀ ਜੋ ਸਟੇਜ ਉੱਪਰ ਹੀ ਬੈਠੇ ਸਨ ਝੱਟ ਦਖਲ ਦੇ ਕੇ ਕਹਿਣ ਲੱਗੇ ਕਿ ਸਾਥੀ ਨੂੰ ਜ਼ਰੂਰ ਸਮਾਂ ਦਿਓ। ਤਾਂ ਮੈਂ ਇਹ ਪੱਖ ਪੇਸ਼ ਕੀਤਾ ਕਿ ਬੇਰੁਜ਼ਗਾਰ ਨੌਜਵਾਨਾਂ ਦਾ ਕੋਈ ਕਸੂਰ ਨਹੀਂ ਇਹ ਮੌਜੂਦਾ ਸਰਮਾਏਦਾਰ ਜਗੀਰਦਾਰ ਸਮਾਜਕ ਢਾਂਚਾ ਹੀ ਗਲਿਆ ਸੜਿਆ ਹੋਇਆ ਹੈ ਜਿਹੜਾ ਕਰੋੜਾਂ ਬੇਰੁਜ਼ਗਾਰ ਨੌਜਵਾਨਾਂ ਦੀ ਕਿਰਤ ਸ਼ਕਤੀ ਨੂੰ ਉਪਯੋਗ ਵਿਚ ਨਹੀਂ ਲਿਆ ਰਿਹਾ, ਇਸ ਗਲੇ ਸੜੇ ਸਮਾਜ ਨੂੰ ਹੀ ਬਦਲਣ ਦੀ ਲੋੜ ਹੈ ਆਦਿ ਆਦਿ। ਪੰਡਤ ਜੀ ਨੇ ਜਦੋਂ ਆਪਣੀ ਤਕਰੀਰ ਕੀਤੀ ਤਾਂ ਮੇਰੇ ਵਲੋਂ ਕਹੇ ਗਏ ਸ਼ਬਦਾਂ ਦਾ ਉਚੇਚਾ ਜ਼ਿਕਰ ਕੀਤਾ ਅਤੇ ਇਹਨਾਂ ਨੂੰ ਦਰੁਸਤ ਠਹਿਰਾਇਆ।

***

# 45 ਸਾਲ ਦੇ ਸਾਂਝੇ ਸਫ਼ਰ ਦਾ ਅੰਤ

–ਕਾ. ਦਲੀਪ ਸਿੰਘ ਜੌਹਲ

'ਲੈ ਨੀ ਗੂੰਜ ਗ਼ਦਰੀ, ਬਣ ਕੇ ਕੂੰਜ ਉਡ ਜਾ
ਹੋਕਾ ਗ਼ਦਰ ਦਾ ਫੇਰ ਜਹਾਨ ਅੰਦਰ'

ਸ਼ਹੀਦ ਭਗਤ ਸਿੰਘ ਹੋਰਾਂ ਵੱਲੋਂ ਲਾਏ 'ਇਨਕਲਾਬ ਦੇ ਨਾਹਰੇ' ਦੀਆਂ ਗੂੰਜਾਂ ਨੇ ਚਲ ਰਹੀ ਕੌਮੀ ਅਜ਼ਾਦੀ ਦੀ ਲਹਿਰ ਵਿਚ ਨਵੀਂ ਰੂਹ ਫੂਕੀ, ਉਤਸ਼ਾਹ ਭਰਿਆ ਜੋਸ਼, ਤੇ ਬਲ ਦਿੱਤਾ ਅਤੇ ਕੌਮੀ ਲਹਿਰ ਦੀ ਨਵੀਂ ਦਿਖ ਵਲ ਮੁਹਾਣ ਮੋੜਿਆ।

ਸੰਸਾਰ ਮੰਡੀਆਂ ਦੀ ਵੰਡ ਲਈ ਸਾਮਰਾਜੀ ਸ਼ਕਤੀਆਂ ਵਲੋਂ ਛੇੜੀ ਪਹਿਲੀ ਸੰਸਾਰ ਜੰਗ ਦੇ ਨਾਲ ਹੀ ਗੁਲਾਮ ਦੇਸ਼ਾਂ ਵੱਲੋਂ ਆਪਣੀ ਗੁਲਾਮੀ ਦੇ ਸੰਗਲ ਕੱਟਣ ਤੇ ਤੋੜਨ ਲਈ ਆਜ਼ਾਦੀ ਦੀਆਂ ਲਹਿਰਾਂ, ਦੇਸ਼ਾਂ ਦੀ ਅਵਸਥਾ ਅਤੇ ਸਿਧਾਂਤਾਂ ਦੀ ਸੇਧ ਵਿਚ ਤੇਜ ਚਾਲ ਚਲ ਪਈਆਂ ਸਨ। ਭਾਰਤਵਾਸੀ ਵੀ ਆਪਣੀ ਅਜ਼ਾਦੀ ਦੇ ਘੋਲ ਨੂੰ ਤਿੱਖਾ ਰੂਪ ਦੇਣ ਲਈ ਅੱਗੇ ਵਧੇ।

'ਪਰਦੇਸ ਪੈਣ ਧੱਕੇ, ਦੇਸ ਮਿਲੇ ਢੋਈ ਨਾ,
ਅਸਾਂ ਪਰਦੇਸੀਆਂ ਦਾ ਦੇਸ ਕੋਈ ਨਾ'

ਪਰਦੇਸਾਂ ਵਿਚ ਰੁਲ ਰਹੇ ਤੇ ਬੇਇਜ਼ਤ ਹੋ ਰਹੇ ਭਾਰਤੀ ਦੇਸ਼ ਭਗਤਾਂ ਨੇ ਆਪਣੇ ਦੇਸ਼ ਭਾਰਤ ਦਾ ਝੰਡਾ ਬਣਾਇਆ। ਹਿੰਦੂ, ਸਿੱਖ, ਮੁਸਲਮਾਨ, ਇਸਾਈਆਂ ਆਦਿ ਮਜ਼ਹਬਾਂ ਵਿੱਚ ਵੰਡੇ ਭਾਰਤੀਆਂ ਨੂੰ ਇਕ ਕੌਮ ਦੇ ਰੂਪ ਵਿੱਚ ਅਥਵਾ ਹਿੰਦੁਸਤਾਨੀ ਕੌਮ ਨੂੰ ਉਭਾਰਿਆ ਤੇ ਸਤ ਸਮੁੰਦਰ ਤੋਂ ਪਾਰ ਆ ਕੇ ਭਾਰਤ ਉਤੇ ਰਾਜ ਕਰ ਰਹੀ ਜ਼ਾਲਮ ਅੰਗਰੇਜ਼ੀ ਸਰਕਾਰ ਨੂੰ ਦੇਸ਼ੋਂ ਕੱਢਣ ਦਾ ਹੋਕਾ ਦਿੱਤਾ। ਇਸ ਨਿਸ਼ਾਨੇ ਦੀ ਪਰਾਪਤੀ ਲਈ ਗ਼ਦਰੀ ਦੇਸ਼ ਭਗਤਾਂ ਨੇ ਲੱਖਾਂ ਦੀਆਂ ਜਾਇਦਾਦਾਂ ਲਹਿਰ ਲਈ ਦਿੱਤੀਆਂ, ਕਾਰੋਬਾਰ ਛੱਡ ਕੇ ਹੱਸ–ਹੱਸ ਫਾਂਸੀਆਂ ਦੇ ਰੱਸੇ ਚੁੰਮੇ, ਅੰਡੇਮਾਨ 'ਚ ਜੇਲ੍ਹਾਂ ਦੇ ਤਸੀਹੇ ਝੱਲੇ, ਜਾਇਦਾਦਾਂ ਜ਼ਬਤ ਕਰਵਾਈਆਂ। ਬੇਬਾਹ ਕੁਰਬਾਨੀਆਂ ਦੇ ਕੇ ਦੇਸ਼ ਅਜ਼ਾਦ ਕਰਾਇਆ। ਕੌਮੀ ਝੰਡਾ ਤੇ ਕੌਮ ਦਾ ਰੂਪ ਦੇਣ ਵਾਲੀ ਅਜ਼ਾਦੀ ਦੇ ਇਹਨਾਂ ਵੱਡੇ ਘੇਰੇ ਵਾਲੇ ਕੌਮੀ ਪਰਵਾਨਿਆਂ ਨੂੰ ਕੇਵਲ ਸਿੱਖਾਂ ਦੇ ਘੇਰੇ ਵਿਚ ਵਲਣਾ ਅਤੇ ਧਰਮ ਨਿਰਪੱਖ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਪਾਣੀ ਫੇਰਨ ਤੁਲ ਹੋਏਗਾ।

ਭਾਰਤ ਵਿੱਚ, ਗ਼ਦਰ ਪਾਰਟੀ ਤੇ ਇਨਕਲਾਬੀਆਂ ਵੱਲੋਂ ਛੇੜੀ ਅਜ਼ਾਦੀ ਦੀ ਲੜਾਈ ਨੂੰ ਜ਼ਲ੍ਹਿਆਂਵਾਲਾ ਬਾਗ਼ ਦੇ ਸਾਂਝੇ ਸ਼ਹੀਦਾਂ ਨੇ ਆਪਣਾ ਖ਼ੂਨ ਦੇ ਸਿੰਜਿਆ, ਤਕੜਿਆਂ ਕੀਤਾ ਤੇ ਲਹਿਰ ਦਾ ਘੇਰਾ ਵਿਸ਼ਾਲ ਕੀਤਾ। ਕਾਂਗਰਸ ਦੀ ਅਗਵਾਈ 'ਚ ਹੋਈ ਸਿਵਲ ਨਾ ਫੁਰਮਾਨੀ, ਖ਼ਿਲਾਫ਼ਤ ਲਹਿਰ, ਅਕਾਲੀ ਲਹਿਰ ਆਦਿ ਲਹਿਰਾਂ ਆਜ਼ਾਦੀ ਦੀ ਲਹਿਰ ਨੂੰ ਸਿਖਰਾਂ ਵਲ ਲੈ ਤੁਰੀਆਂ। ਕਮਿਊਨਿਸਟਾਂ ਦੀ ਅਗਵਾਈ 'ਚ ਸੂਬਿਆਂ 'ਚ ਕਾਇਮ ਹੋਈਆਂ ਕਿਰਤੀ ਕਿਸਾਨ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੇ ਨਾਲ ਹੀ ਨੌਜਵਾਨ ਭਾਰਤ ਸਭਾ ਬਣੀ। ਸਾਮਰਾਜ ਵਿਰੋਧੀ ਸਰਗਰਮੀਆਂ ਨੇ ਤੇਜ਼ ਚਾਲ ਚੱਲਣਾ ਆਰੰਭ ਕੀਤਾ। ਦਿੱਲੀ ਵਿਚ ਅਸੰਬਲੀ 'ਚ ਸੁੱਟੇ ਬੰਬ, ਸਾਂਡਰਸ ਦੇ ਕਤਲ ਪਿਛੋਂ ਚਲੇ ਸਾਜਸ਼ ਕੇਸਾਂ ਦੇ ਗੱਭਰੂਆਂ ਨੂੰ ਫਾਂਸੀ ਦੇ ਫੈਸਲੇ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਉਹਨਾਂ ਦੇ ਸਾਥੀਆਂ ਜਿਨ੍ਹਾਂ ਵਿਚ ਪੰਡਿਤ ਕਿਸ਼ੋਰੀ ਲਾਲ ਵੀ ਸਨ, ਮਹਾਨ ਕੌਮੀ ਹੀਰੋ ਵਜੋਂ ਭਾਰਤ ਦੇ ਮੰਚ ਤੇ ਉਭਾਰਿਆ। ਇਹਨਾਂ ਦੇ ਦਲੇਰੀ ਭਰੇ ਦਿੱਤੇ

ਬਿਆਨਾਂ, ਜੇਲ੍ਹ ਸੁਧਾਰ ਲਈ ਕੀਤੇ ਸੰਘਰਸ਼ਾਂ ਅਤੇ ਭੁੱਖ ਹੜਤਾਲ ਸਮੇਂ ਹੋਈ ਸ਼ਹੀਦ ਜਤਿੰਦਰ ਨਾਥ ਦਾਸ ਦੀ ਬੇਮਿਸਾਲ ਕੁਰਬਾਨੀ ਨੇ ਗੁਲਾਮੀ ਗ੍ਰਸਤ ਮੁਰਦਾ ਰੂਹਾਂ ਵਿਚ ਨਵੀਂ ਜਾਨ ਪਾਈ। ਇਸ ਤੋਂ ਸੈਂਕੜੇ ਹਜ਼ਾਰਾਂ ਨੌਜਵਾਨ ਪ੍ਰੇਰਣਾ ਲੈ ਕੇ ਆਜ਼ਾਦੀ ਦੇ ਸੰਗਰਾਮ ਵਿਚ ਨਿਤਰੇ।

ਸਰ ਸੰਕਦਰ ਹਿਯਾਤ ਦੀ ਯੂਨੀਨਿਸਟ ਸਰਕਾਰ ਲਾਹੌਰ ਜਿਲੇ ਦਾ ਨਵਾਂ ਬੰਦੋਬਸਤ ਕਰਕੇ ਕਿਸਾਨਾ 'ਤੇ ਬਹੁਤ ਭਾਰੀ ਟੈਕਸ ਵਧਾ ਰਹੀ ਸੀ। ਭਗਤ ਸਿੰਘ ਹੋਰਾਂ ਦੇ ਸ਼ਹੀਦੀ ਦਿਵਸ ਤੇ 23 ਮਾਰਚ 1939 ਨੂੰ ਹੋ ਰਹੇ ਬੰਦੋਬਸਤ ਨੂੰ ਰੋਕਣ ਦੇ ਘੋਲ ਦਾ ਅਰੰਭ ਕੀਤਾ ਗਿਆ। ਜੋ ਕਿ 3 ਸੰਤਬਰ 1939, ਜਿਸ ਦਿਨ ਦੂਜੀ ਸੰਸਾਰ ਜੰਗ ਸ਼ੁਰੂ ਹੋਣ ਤਕ ਚਲਦਾ ਰਿਹਾ। ਰੋਜ਼ਾਨਾ ਇਕ ਜਥਾ ਜਾਂਦਾ ਸੀ ਹਰ ਜਥੇ ਨੂੰ ਇਕ ਹਫਤੇ ਦੀ ਸਖਤ ਸਜ਼ਾ ਦੇ ਕੇ ਲਾਹੌਰ ਭੇਜਿਆ ਜਾਂਦਾ। ਕੁਝ ਦਿਨਾਂ ਪਿਛੋਂ ਉਹ ਜਥਾ ਜਿਸ ਵਿਚ ਮੈ ਸ਼ਾਮਲ ਸੀ ਨੂੰ ਤਿੰਨ ਮਹੀਨੇ ਦੀ ਸਖ਼ਤ ਸਜਾ ਹੋਈ। ਅਗਲੇ ਦਿਨ ਆਏ ਜਥੇ ਨੂੰ ਚਾਰ ਮਹੀਨੇ ਦੀ ਪ੍ਰਤੀ ਦਿਨ ਦਾ ਵਾਧਾ ਨੌਂ ਮਹੀਨੇ ਤਕ ਜਾਰੀ ਰਿਹਾ। ਉਪਰੰਤ ਆਏ ਹਰ ਜਥੇ ਨੂੰ ਏਹੋ ਸਜਾ ਸੁਣਾਈ ਜਾਂਦੀ ਰਹੀ।

ਸੈਂਟਰਲ ਜਿਹਲ ਵਿਚ ਸਤਿਆਗਰਹੀਆਂ ਲਈ ਕੈਂਪ ਕੰਡੇਦਾਰ ਤਾਰ ਵਲਕੇ ਬਣਾਇਆ ਹੋਇਆ ਸੀ। ਇਸ ਤੋਂ ਮਾਮੂਲੀ ਥੋੜੇ ਜਹੇ ਫਰਕ ਨਾਲ ਟੈਰੋਰੈਸਟ ਨਾਂ ਨਾਲ ਪੁਕਾਰਿਆ ਜਾਂਦਾ ਇਕ ਵਾਰਡ ਸੀ ਇਹ ਦੇਸ਼ ਭਗਤ ਨਾ ਸਾਨੂੰ ਆ ਕੇ ਮਿਲ ਸਕਦੇ ਸੀ ਅਤੇ ਨਾ ਹੀ ਅਸੀਂ ਉਥੋਂ ਤਕ ਜਾ ਸਕਦੇ ਸਾਂ। ਲੰਮੀਆਂ ਕੈਦਾਂ ਕਟ ਰਹੇ ਸਾਥੀਆਂ 'ਚੋਂ ਸਾਥੀ ਧੰਨਵਤਰੀ,ਪੰਡਤ ਕਿਸ਼ੋਰੀ ਲਾਲ ਆਦਿ ਕਾਲੇ ਦਰਵਾਜੇ ਦੀ ਮੋਰੀ ਥਾਣੀ ਸਾਨੂੰ ਹੌਸਲੇ ਨਾਲ ਜਿਹਲ ਵਿਚ ਰਹਿਣ ਅਤੇ ਮੁਸ਼ੱਕਤ ਕਰਨ ਬਾਰੇ ਹਦਾਇਤਾ ਦਿਆ ਕਰਦੇ ਸਨ। ਜਿਵੇਂ ਮੁਸ਼ਕਤ ਤੋਂ ਉਕਾ ਇਨਕਾਰ ਨਾ ਕਰਿਉ ਅਤੇ ਨਾ ਪੂਰੀ ਮੁਸ਼ੱਕਤ ਕਰਿਉ। ਸਾਡੇ 'ਚੋਂ ਕੁਝ ਜਥਿਆਂ ਦਾ ਚਲਾਨ ਲਾਹੌਰ ਤੋਂ ਮੁਲਤਾਨ ਪੁਰਾਣੀ ਸੈਂਟਰਲ ਜ੍ਹੇਲ ਭੇਜ ਦਿੱਤਾ ਗਿਆ। ਉਸ ਵਿਚ ਮੈਂ ਵੀ ਸ਼ਾਮਲ ਸਾਂ। ਲਾਹੌਰ ਵਾਂਗ ਏਥੇ ਵੀ ਸਾਡੇ ਬੀਮਾਰ ਸਤਿਆਗਰਿਹੀਆਂ ਨੂੰ ਹਸਪਤਾਲ ਨਾ ਲਿਜਾਇਆ ਜਾਂਦਾ ਤਦ ਤਕ ਬਾਬਾ ਗੁਰਮੁਖ ਸਿੰਘ ਨੂੰ ਨਵੀ ਸੈਂਟਰਲ ਜਿਹਲ ਵਿਚ ਬਦਲ ਦਿਤਾ ਗਿਆ।

ਪੰਡਿਤ ਜੀ ਰਿਹਾਈ ਪਿਛੋਂ ਲਾਹੌਰ ਪਾਰਟੀ ਦਫਤਰ ਵਿਚ ਆ ਗਏ। ਏਥੇ ਹੀ ਮੈਂ ਪੰਜਾਬ ਕਿਸਾਨ ਸਭਾ ਦੇ ਦਫਤਰ ਵਿਚ ਸੱਕਤਰ ਦੇ ਫਰਜ਼ ਅਦਾ ਕਰਦਾ ਸਾਂ। ਸਾਡਾ ਮੇਲ ਜੋਲ ਵਧਣ ਲੱਗਾ। 15 ਅਗਸਤ 1947 ਨੂੰ ਜਿਸ ਦਿਨ ਪਾਕਿਸਤਾਨ ਬਣਨ ਦੇ ਜਸ਼ਨ ਮਨਾਏ ਜਾ ਰਹੇ ਸਨ। ਅਸੀਂ ਲਹੌਰ ਸ਼ਹਿਰ ਵਿਚ ਜੀਵਨ ਤੇ ਮੌਤ ਦੇ ਸਾਏ ਥੱਲੇ ਰਹਿ ਰਹੇ ਸਾਂ। ਹੁਣ ਦਫਤਰ ਤੋਂ ਬਾਹਰ ਜਾਣਾ ਆਪਣੀ ਜਿੰਦਗੀ ਤੋਂ ਹੱਥ ਧੋਣ ਬਰਾਬਰ ਸੀ । ਸ਼ਹਿਰੀ ਕਮੇਟੀ ਦੇ ਬਹੁਤੇ ਸਾਥੀ ਵੀ ਸੂਬਾ ਹੈਡਕੁਆਟਰ 'ਚ ਆ ਗਏ ਸਨ। ਦਿਨੇ ਅਸੀਂ ਕੋਠੇ ਤੋਂ ਲੋਕਾਂ ਦੀ ਕਿਰਤ ਦੀਆਂ ਲਹੂ ਪਸੀਨਾ ਇਕ ਕਰਕੇ ਉਸਾਰੀਆਂ ਨੂੰ ਅੱਗ ਦੀ ਭੇਂਟ ਤੇ ਭਸਮ ਹੁੰਦੀਆਂ ਵੇਖਿਆ ਕਰਦੇ ਸਾਂ। ਲਾਟਾਂ ਆਸਮਾਨ ਛੋਂਹਦੀਆਂ ਸਨ।

ਸਾਥੀ ਅਜੈ ਘੋਸ਼ ਨੇ ਪਾਰਟੀ ਸਾਥੀਆਂ ਦੀ ਹੈਡਕੁਆਟਰ 'ਚ ਮੀਟਿੰਗ ਲਾ ਕੇ ਸ਼ਰਨਾਰਥੀ ਕੈਂਪ ਵਿੱਚ ਡਿਊਟੀ ਦੇਣ ਦਾ ਮਸ਼ਵਰਾ ਦਿਤਾ। ਉਸ ਸਮੇਂ ਹੀ ਮਲਹੋਤਰਾ ਪੂਰਬੀ ਪੰਜਾਬ 'ਚੋਂ ਫਿਰਕੇ ਲਾਹੌਰ ਦਫਤਰ ਆਏ ਸਨ। ਉਹਨਾਂ ਰੀਪੋਰਟ ਕੀਤੀ ਕਿ ਅੰਮ੍ਰਿਤਸਰ ਸ਼ਹਿਰ ਵਿਚ ਸਿੱਖ ਹਿੰਦੂ ਦੰਗਾਕਾਰੀ ਮੁਸਲਮਾਨਾਂ ਨੂੰ ਪਨਾਹ ਦੇਣ ਵਾਲੇ ਹਿੰਦੂ ਘਰਾਂ ਦੀ ਤਲਾਸ਼ੀ ਲੈ ਕੇ ਪਨਾਹਗੀਰ ਮੁਸਲਮਾਨ ਕਤਲ ਕਰ ਰਹੇ ਹਨ। ਇਹ ਅਮਲ ਲਹੌਰ ਵਿਚ ਵੀ ਸ਼ੁਰੂ ਹੋ ਸਕਦਾ ਹੈ। ਇਸ ਲਈ

ਹਿੰਦੂ ਸਿੱਖ ਸਾਥੀਆਂ ਨੂੰ ਕੁਝ ਸਮੇਂ ਲਈ ਅੰਮ੍ਰਿਤਸਰ ਚਲੇ ਜਾਣਾ ਚਾਹੀਦਾ ਹੈ ਇਹ ਫੈਸਲਾ ਹੋਣ ਤੇ ਦੋ ਟਾਂਗੇ ਮੰਗਵਾਏ ਗਏ। ਪਹਿਲੇ ਬੈਚ ਦੇ ਇਕ ਟਾਂਗੇ ਵਿਚ ਪੰਡਤ ਕਿਸ਼ੋਰੀ ਲਾਲ,ਸਵਾਮੀ ਹੰਸਰਾਜ,ਅਰਜਨ ਸਿੰਘ ਗੜਗਜ ਤੇ ਮੈ (ਦਲੀਪ ਸਿੰਘ ਜੌਹਲ) ਸਵਾਰ ਹੋਏ। ਦੂਸਰੇ ਟਾਂਗੇ 'ਚ ਸਾਥੀ ਜਗਜੀਤ ਸ਼ਿੰਘ ਅਨੰਦ ਤੇ ਦੂਸਰੇ ਸਾਥੀ ਸਨ। ਸਾਡੀ ਸੁਰਖਿਆ ਲਈ ਮੁਸਲਮਾਨ ਪਾਰਟੀ ਸਾਥੀ ਸਾਡੇ ਅਗੇ ਪਿੱਛੇ ਤੇ ਸੱਜੇ ਖੱਬੇ ਚਲ ਰਹੇ ਸਨ। ਡੀ.ਏ.ਵੀ. ਕਾਲਜ ਵਿਚ ਅਜੇ ਪੈਰ ਧਰਿਆ ਹੀ ਸੀ ਕਿ ਪੰਡਿਤ ਕਿਸ਼ੋਰੀ ਲਾਲ ਨੂੰ ਪ੍ਰਿੰਸੀਪਲ ਛਬੀਲ ਦਾਸ ਦੀਆਂ ਸਪੁਤਰੀਆਂ ਨੇ ਪੁਛਿਆ –"ਤੁਸੀਂ ਜਾਣਾ ਹੈ ਤਾ ਸਾਡੇ ਵਾਲੀ ਬਸ ਵਿਚ ਬੈਠ ਜਾਉ, ਦੋਹਾਂ ਪਾਸਿਆਂ ਦੀਆਂ ਸਵਾਰੀਆਂ ਇਸ ਬਸ ਵਿਚ ਉਹਨਾਂ ਨਾਲ ਬੈਠ ਗਈਆਂ। ਥੋੜੀ ਦੇਰ ਪਿਛੋਂ ਫੌਜੀ ਪਹਿਰੇ ਹੇਠ ਇਹ ਕਾਫਲਾ ਅੰਮ੍ਰਿਤਸਰ ਨੂੰ ਚਲ ਪਿਆ। ਅੰਮ੍ਰਿਤਸਰ ਪੁੱਜੇ ਤਾਂ ਅੰਮ੍ਰਿਤਸਰ ਆ ਰਹੇ ਸ਼ਰਨਾਰਥੀਆਂ ਵਾਲੇ ਟੱਰਕ ਖਾਲਸਾ ਕਾਲਜ ਰੁਕ ਗਏ। ਸਾਡੀ ਬਸ ਵਾਲੇ ਕਾਫਲੇ ਨੇ ਸਿਧਾ ਧਰਮਸ਼ਾਲਾ ਕਾਂਗੜੇ ਜਾਣਾ ਸੀ। ਉਹ ਰੁਕਣ ਦਾ ਨਾਂ ਹੀ ਨਾ ਲਵੇ । ਬੜਾ ਸ਼ੋਰ ਪਾਉਣ ਤੇ ਉਸ ਨੇ ਸਾਨੂੰ ਵੇਰਕਾ ਚੁੰਗੀ ਤੇ ਜਾ ਕੇ ਮੁਸ਼ਕਲ ਨਾਲ ਉਤਾਰਿਆ। ਮੈਂ ਜਿਲ੍ਹਾ ਪਾਰਟੀ ਦੇ ਦਫ਼ਤਰ ਜਾਣਾ ਸੀ ਅਤੇ ਬਾਕੀ ਸਾਰੇ ਸਾਥੀਆਂ ਨੇ ਸ਼ਹਿਰੀ ਪਾਰਟੀ ਦੇ ਦਫਤਰ। ਪਾਕਿਸਤਾਨ ਪਾਰਟੀ ਦੇ ਬਣਨ ਕਰਕੇ ਸਾਡੇ ਆਪਸ ਵਿਚ ਮਤਭੇਦ ਤਿਖੇ ਹੋ ਗਏ ਸਨ। ਅੰਮ੍ਰਿਤਸਰ ਦੀ ਮਾਲ ਰੋਡ ਤੇ ਜਾਂਦਿਆਂ ਨੂੰ ਸਾਨੂੰ ਇਕ ਹਿੰਦੂ ਠਾਣੇਦਾਰ ਮਿਲਿਆ। ਉਸ ਨੇ ਸਾਡਾ ਹਾਲ ਚਾਲ ਪੁਛਿਆ। ਤੁਰਦਿਆਂ ਤੁਰਦਿਆਂ ਹੋਏ ਕੁਝ ਵਿਚਾਰ ਵਟਾਂਦਰੇ ਪਿਛੋਂ ਉਸ ਨੇ ਬੜੇ ਰੋਹ ਵਿਚ ਆਕੇ ਆਖਿਆ–'ਉਧਰੋ ਕੋਈ ਹਿੰਦੂ ਸਿਖ ਆਵੇ ਜਾਂ ਨਾ, ਏਧਰੋਂ ਇਕ ਵੀ ਮੁਸਲਮਾਨ ਜਿੰਦਾ ਨਹੀ ਜਾਣ ਦੇਣਾ' ਇਸ ਸੋਚ ਦਾ ਸਦਕਾ ਜੋ ਭਿਆਨਕ ਸਿਟੇ ਨਿਕਲੇ ਉਸ ਦਾ ਫਲ ਭੁਗਤ ਰਹੇ ਹਾਂ।

ਲਾਹੌਰ ਛਡਣ ਤੋਂ ਕੁਝ ਦਿਨ ਪਹਿਲਾਂ ਸ਼ਾਥੀ ਦੇਸ ਰਾਜ ਚੱਢਾ ਨੇ ਮੈਨੂੰ ਕਿਹਾ ਕਿ ਮਤਭੇਦ ਤਾਂ ਆਪਣੀ ਥਾਂ ਰਹਿਣਗੇ, ਸਾਥੀ ਤੇਜਾ ਸਿੰਘ ਸੁਤੰਤਰ ਤੇ ਡਾਕਟਰ ਭਾਗ ਸਿੰਘ ਦਾ ਤਾਂ ਪਤਾ ਕਰੀਏ ਕਿ ਉਹ ਕਿਸ ਹਾਲਤ ਵਿਚ ਹਨ। ਪੰਡਿਤ ਕਿਸ਼ੋਰੀ ਲਾਲ ਨੇ ਇਸ ਵਿਚਾਰ ਦੀ ਪਰੋੜਤਾ ਕੀਤੀ। ਪਤਾ ਲਗਾ ਕਿ ਉਹ ਸਹੀ ਸਲਾਮਤ, ਸਣੇ ਪਰਵਾਰ ਅੰਮ੍ਰਿਤਸਰ ਚਲੇ ਗਏ ਸਨ। ਵੱਖ ਵੱਖ ਥਾਵਾਂ ਤੇ ਡਿਊਟੀਆਂ ਦੇਣ ਕਰਕੇ ਕਾਫੀ ਸਮਾ ਪੰਡਿਤ ਜੀ ਨਾਲ ਮੇਲ ਨਾ ਹੋ ਸਕਿਆ। ਮੈ ਜੋਲ ਕੈਂਪ ਜਿਹਲ ਵਿਚ ਨਜਰਬੰਦ ਸਾਂ ਤੇ ਪੰਡਿਤ ਕਿਸ਼ੋਰੀ ਲਾਲ ਵੀ ਕਾਫੀ ਸਮਾਂ ਗੁਪਤ ਕੰਮ ਕਰਦੇ ਹੋਏ ਏਥੇ ਆ ਗਏ। ਕਰੀਬਨ ਸਾਰੀਆਂ ਜਿਹਲਾਂ ਵਿਚ ਹੀ ਸੀ.ਪੀ .ਆਈ. ਤੇ ਲਾਲ ਕਮਿਊਨਿਸਟ ਪਾਰਟੀ ਦੇ ਸਾਥੀ ਮਿਲ ਕੇ ਏਥੇ ਆਉਣ ਨਾਲ ਮਿਤਰਤਾ ਹੋਰ ਡੂੰਘੀ ਹੋਈ। ਪੰਜਾਬੀ ਸੂਬਾ ਐਜੀਟੇਸ਼ਨ ਸਮੇਂ ਦੂਸਰੇ ਸਾਥੀਆਂ ਨਾਲ ਪੰਡਿਤ ਜੀ , ਮੈਨੂੰ ਤੇ ਰਾਮ ਸਿੰਘ ਹਰੀਨੌ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਗ੍ਰਿਫਤਾਰ ਕਰਕੇ ਨਾਭਾ ਜਿਹਲ ਭੇਜ ਦਿਤਾ ਗਿਆ। ਸਾਥੀ ਸੁਰਜੀਤ,ਡਾ ਭਾਗ ਸਿੰਘ , ਜਥੇਦਾਰ ਹਰਦਿਤ ਸਿੰਘ ਭੱਠਲ ਅਤੇ ਜੰਗੀਰ ਸਿੰਘ ਕੌਲਸੇੜੀ ਆਦਿ ਵੀ ਆ ਗਏ ਸਨ। ਪੰਡਿਤ ਕਿਸ਼ੋਰੀ ਲਾਲ ਨਵੇਂ ਆਜ਼ਾਦ ਹੋਏ ਭਾਰਤ ਦੇਸ਼ ਦੀ ਏਕਤਾ ਆਜ਼ਾਦੀ, ਧਰਮ ਨਿਰਲੇਪਤਾ ਦੀ ਰਾਖੀ ਲਈ ਪਹਿਰਾ ਦੇ ਰਹੇ ਸਨ। ਉਤਸ਼ਾਹ ਤੇ ਲਗਨ ਨਾਲ ਪਰਾਪਤ ਕੀਤੀ ਅਜ਼ਾਦੀ ਪਿਛੋਂ ਦੇ ਸੁਖੀ, ਖੁਸ਼ੀਆਂ ਭਰਿਆਂ ਤੇ ਤੱਰਕੀ ਕਰਦੇ ਜੀਵਨ ਲਈ ਤਾਂਘਦੇ ਪੰਡਿਤ ਜੀ 11 ਜੁਲਾਈ 1990 ਨੂੰ ਛੇ ਵਜ ਕੇ ਪੰਜ ਮਿੰਟ 'ਤੇ ਸ਼ਾਮ ਨੂੰ ਸਦੀਵੀ ਵਿਛੋੜਾ ਦੇ ਗਏ।

***

# ਪੰਡਿਤ ਕਿਸ਼ੋਰੀ ਲਾਲ ਜੀ ਇਕ ਆਦਰਸ਼ਕ ਕਮਿਊਨਿਸਟ ਕਿਰਦਾਰ

-ਕਾ. ਮੰਗਤ ਰਾਮ ਪਾਸਲਾ

ਹਾਲੇ ਮੈਂ ਵਿਦਿਆਰਥੀ ਲਹਿਰ ਅਤੇ ਕਮਿਊਨਿਸਟ ਵਿਚਾਰਧਾਰਾ ਨਾਲ ਮੁੱਢਲੇ ਰੂਪ ਵਿਚ ਜੁੜਿਆਂ ਹੀ ਸਾਂ ਕਿ ਇਕ ਵਿਦਿਆਰਥੀ ਹੜਤਾਲ ਸਬੰਧੀ ਇਸ਼ਤਿਹਾਰ ਲਗਾਉਂਦੇ ਹੋਏ ਪੁਲਸ ਨੇ ਮੈਨੂੰ ਤੇ ਮੇਰੇ ਇਕ ਹੋਰ ਸਾਥੀ ਗੁਰਦਰਸ਼ਨ ਬੀਕਾ ਨੂੰ ਗ੍ਰਿਫਤਾਰ ਕਰ ਲਿਆ। ਜਦੋਂ ਫਿਲੌਰ ਥਾਣੇ ਵਿਚ ਪੁਲਸ ਇੰਸਪੈਕਟਰ ਹਲਕੀ ਹਲਕੀ ਸੇਵਾ ਕਰਦਿਆਂ ਹੋਇਆਂ ਮੈਥੋਂ ਮੇਰੇ ਜਾਣਕਾਰ ਤੇ ਮੈਨੂੰ ਪ੍ਰਭਾਵਤ ਕਰਨ ਵਾਲੇ ਕਮਿਊਨਿਸਟ ਆਗੂਆਂ ਦੇ ਨਾਂਅ ਪੁੱਛ ਰਿਹਾ ਸੀ ਤਦ ਮੇਰੇ ਮੂੰਹੋਂ ਆਪ ਮੁਹਾਰੇ ਹੀ ਪੰਡਿਤ ਕਿਸ਼ੋਰੀ ਲਾਲ ਜੀ ਦਾ ਨਾਂਅ ਨਿਕਲਿਆ। ਉਦੋਂ ਮੈਂ ਪੰਡਿਤ ਜੀ ਦੀ ਉਮਰ, ਪਿੰਡ ਤੇ ਉਨ੍ਹਾਂ ਦੇ ਜੀਵਨ ਬਾਰੇ ਜ਼ਿਆਦਾ ਕੁੱਝ ਨਹੀਂ ਜਾਣਦਾ ਸਾਂ। ਸਿਰਫ ਉਨ੍ਹਾਂ ਦੀ ਆਜ਼ਾਦੀ ਸੰਗਰਾਮ ਦੌਰਾਨ ਕੱਟੀ 18 ਸਾਲ ਦੀ ਕੈਦ ਤੇ ਸ਼ਹੀਦ-ਇ-ਆਜ਼ਮ ਸ. ਭਗਤ ਸਿੰਘ ਦੇ ਸਾਥੀ ਹੋਣ ਬਾਰੇ ਹੀ ਮੈਨੂੰ ਪਤਾ ਸੀ। ਕਿਸੇ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਤ ਕਰਨ ਵਾਸਤੇ ਏਨਾ ਵੀ ਕਾਫੀ ਹੁੰਦਾ ਹੈ। ਇਹ ਗੱਲ 1972-73 ਦੀ ਹੋਵੇਗੀ। ਉਦੋਂ ਮੈਂ ਚੰਦ ਕੁ ਮਹੀਨੇ ਜਲੰਧਰ ਦੇ ਸੂਬਾਈ ਪਾਰਟੀ ਦਫਤਰ ਅੰਦਰ ਪੰਡਿਤ ਜੀ ਦੇ ਨੇੜੇ ਰਹਿਣ ਦਾ ਮਾਣ ਹਾਸਲ ਕਰ ਲਿਆ ਸੀ। ਬਸ ਇਸ ਤੋਂ ਬਾਅਦ ਅੱਜ ਤੱਕ ਉਨ੍ਹਾਂ ਦੇ ਵਿਚਾਰਾਂ, ਵਿਅਕਤੀਤਵ ਅਤੇ ਆਦਰਸ਼ਕ ਕਮਿਊਨਿਸਟ ਜੀਵਨ ਦਾ ਉਚਾ ਸੁੱਚਾ ਮੁਕਾਮ ਮੇਰੀਆਂ ਅੱਖਾਂ ਸਾਹਮਣੇ ਹਰ ਸਮੇਂ ਹੀ ਖੜਾ ਰਹਿੰਦਾ ਹੈ। ਉਨ੍ਹਾਂ ਦੇ ਮਹਾਨ ਜੀਵਨ ਤੋਂ ਸਿੱਖ ਕੇ ਮੈਂ ਉਸ ਰਾਹੇ ਤੁਰਨ ਦਾ ਨਿਮਾਣਾ ਜਿਹਾ ਯਤਨ ਜ਼ਰੂਰ ਕੀਤਾ ਹੈ, ਜਿਸ ਮਾਰਗ ਉਤੇ ਪੰਡਿਤ ਕਸ਼ੋਰੀ ਲਾਲ ਜੀ ਨੇ ਵੱਡੇ ਮੀਲ ਪੱਥਰ ਪਹਿਲਾਂ ਹੀ ਸਥਾਪਤ ਕਰ ਦਿੱਤੇ ਸਨ। ਇਸ ਸਬੰਧ ਵਿਚ ਮੈਨੂੰ ਮਿਲੀ ਛੋਟੀ ਮੋਟੀ ਸਫਲਤਾ ਜਾਂ ਅਸਫਲਤਾ ਦਾ ਨਿਰਣਾ ਤਾਂ ਆਮ ਲੋਕਾਂ ਤੇ ਆਉਣ ਵਾਲੇ ਇਤਿਹਾਸ ਉਤੇ ਛੱਡਿਆ ਜਾਣਾ ਚਾਹੀਦਾ ਹੈ, ਪ੍ਰੰਤੂ ਪੰਡਿਤ ਜੀ ਦੇ ਅਦੁੱਤੀ ਕੁਰਬਾਨੀ ਤੇ ਤਿਆਗ ਭਰੇ ਜੀਵਨ ਦਾ ਅਸਰ ਮੇਰੇ ਉਤੇ ਸਦੀਵੀ ਰਿਹਾ ਹੈ ਤੇ ਆਖਰੀ ਸਾਹਾਂ ਤੱਕ ਰਹੇਗਾ।

ਪੰਡਿਤ ਕਿਸ਼ੋਰੀ ਲਾਲ ਜੀ ਨੇ ਗੁਲਾਮੀ ਦੇ ਕਾਲੇ ਦੌਰ ਦੌਰਾਨ ਵਿਚ ਆਜ਼ਾਦੀ ਪ੍ਰਾਪਤੀ ਦੇ ਬਿਖਰੇ ਪੰਧ ਉਤੇ ਤੁਰਨ ਦਾ ਫੈਸਲਾ ਕੀਤਾ। ਇਸ ਕੰਮ ਲਈ ਉਨ੍ਹਾਂ ਦੇ ਕਈ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਯੋਗ ਵੀ ਨਹੀਂ ਸੀ ਸਮਝਿਆ। ਪ੍ਰੰਤੂ 'ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ' ਦੇ ਮਾਰਗ ਦਰਸ਼ਕ ਮਹਾਂਵਾਕ ਨੂੰ ਅਮਲ ਵਿਚ ਅਪਨਾ ਕੇ ਦ੍ਰਿੜਤਾ ਤੇ ਅਡੋਲਤਾ ਨਾਲ ਚਲਦਿਆਂ ਹੋਇਆਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਤੇ ਡਰਾਉਣੇ ਤਸੀਹਿਆਂ ਸਾਹਮਣੇ ਜ਼ੁਲਮ ਤੇ ਜਾਬਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲਾਂ ਕਰਨ ਵਾਲਾ ਪੰਡਿਤ ਕਿਸ਼ੋਰੀ ਲਾਲ ਆਪਣੇ ਆਪ ਨੂੰ ਉਚੀਆਂ ਮੰਜਿਲਾਂ ਤਹਿ ਕਰਨ ਵਾਲਾ ਕਾਮਯਾਬ ਸ਼ਾਹਸਵਾਰ ਸਿੱਧ ਕਰ ਗਿਆ। ਦੇਸ਼ ਦੇ ਹਾਕਮ ਛੋਟੇ ਜਿਹੇ ਕੱਦ ਦੇ ਇਸ ਮਹਾਨ ਯੋਧੇ ਤੋਂ ਇੰਨੇ ਭੈਭੀਤ ਸਨ ਕਿ ਆਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਵਿਚ ਲੋਕਾਂ ਦੀ ਕਿਸੇ ਵੀ ਹੱਕ ਸੱਚ ਦੀ ਲੜਾਈ ਦੌਰਾਨ ਉਹ ਪੰਡਿਤ ਜੀ ਨੂੰ ਗ੍ਰਿਫਤਾਰ ਕਰਨ ਤੋਂ ਨਹੀਂ ਸਨ ਉੱਕਦੇ, ਭਾਵੇਂ ਇਸ ਲੜਾਈ ਵਿਚ ਪੰਡਿਤ ਜੀ ਸਿੱਧੇ ਰੂਪ ਵਿਚ ਸ਼ਾਮਿਲ ਨਾ ਵੀ ਹੋਣ। ਸਮਾਜਵਾਦੀ ਵਿਚਾਰਾਂ ਦੀ ਚੇਟਕ ਉਨ੍ਹਾਂ ਨੂੰ ਜੇਲ੍ਹ ਯਾਤਰਾ ਦੌਰਾਨ ਆਪਸੀ ਵਿਚਾਰ ਵਟਾਂਦਰੇ ਤੇ ਕਮਿਊਨਿਸਟ ਸਹਿਤ ਦੇ

ਪੜ੍ਹਨ ਨਾਲ ਲੱਗੀ। ਇਸੇ ਕਰਕੇ ਆਜ਼ਾਦੀ ਪ੍ਰਾਪਤੀ ਉਪਰੰਤ ਰਿਹਾਈ ਹੋਣ ਉਤੇ ਜੇਲ੍ਹ ਦੇ ਦਰਵਾਜਿਆਂ ਤੋਂ ਉਹ ਸਿੱਧੇ ਲਹੌਰ ਸਥਿਤ ਕਮਿਊਨਿਸਟ ਪਾਰਟੀ ਦੇ ਦਫਤਰ ਪੁੱਜੇ। ਬਸ ਫੇਰ ਕੀ ਸੀ ਇਸ ਵਿਚਾਰਧਾਰਾ ਉਤੇ ਚਲਦਿਆਂ ਹੋਇਆਂ ਉਹਨਾਂ ਨੇ ਆਪਣਾ ਸਾਰਾ ਜੀਵਨ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਤੇ ਫੇਰ 1964 ਤੋਂ ਬਾਅਦ ਸੀ.ਪੀ.ਆਈ. (ਐਮ) ਵਿਚ ਕੰਮ ਕਰਕੇ ਦੇਸ਼ ਵਿਚ ਕ੍ਰਾਂਤੀਕਾਰੀ ਲਹਿਰ ਉਸਾਰਨ ਲਈ ਵੱਡਮੁੱਲਾ ਹਿੱਸਾ ਪਾਇਆ। ਕਮਿਊਨਿਸਟ ਲਹਿਰ ਅੰਦਰ ਕੰਮ ਕਰਦਿਆਂ ਹੋਇਆਂ ਉਹਨਾਂ ਪਾਰਟੀ ਅਤੇ ਮਜ਼ਦੂਰ ਸੰਗਠਨਾਂ ਵਿਚ ਉਚੇ ਅਹੁਦਿਆਂ ਉਤੇ ਰਹਿ ਕੇ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ।

ਪੰਡਿਤ ਜੀ ਨੂੰ ਮਜ਼ਦੂਰ ਜਮਾਤ ਦੀ ਜਿੱਤ ਵਿਚ ਅਥਾਹ ਭਰੋਸਾ ਸੀ। ਉਹ ਕਦੇ ਵੀ ਪਸਤ ਹਿੰਮਤ ਨਹੀਂ ਸਨ ਹੁੰਦੇ। ਆਪ ਤਾਂ ਕੀ ਉਹ ਆਪਣੇ ਆਲੇ ਦੁਆਲੇ ਦੇ ਸਾਥੀਆਂ ਨੂੰ ਵੀ ਕਦੀ ਢਹਿੰਦੀ ਕਲਾ ਵਿਚ ਨਹੀਂ ਸਨ ਜਾਣ ਦਿੰਦੇ। ਹਮੇਸ਼ਾ ਹੀ ਕਮਿਊਨਿਸਟ ਲਹਿਰ ਦੇ ਵਾਧੇ ਦੀ ਚਿੰਤਾ ਉਨ੍ਹਾਂ ਦੇ ਜ਼ਿਹਨ ਵਿਚ ਸਮੋਈ ਰਹਿੰਦੀ ਸੀ। ਸੰਨ 1912 ਵਿਚ ਜਨਮੇ ਤੇ 1990 ਵਿਚ ਅੰਤਮ ਸਾਹ ਲੈਣ ਸਮੇਂ ਤੱਕ ਪੰਡਿਤ ਜੀ ਨੌਜੁਆਨਾਂ ਅਤੇ ਵਿਦਿਆਰਥੀਆਂ ਦੇ ਇਕ ਕਰੀਬੀ ਸਾਥੀ ਤੇ ਸਤਿਕਾਰਤ ਰਹਿਬਰ ਦੇ ਤੌਰ ਤੇ ਵਿਚਰਦੇ ਰਹੇ। ਜਿਵੇਂ ਸ਼ਹੀਦ–ਏ–ਆਜ਼ਮ ਸ. ਭਗਤ ਸਿੰਘ ਲੋਕਾਂ ਦੇ ਮਨਾਂ ਅੰਦਰ ਕਦੀ ਬਿਰਧ ਨਹੀਂ ਹੋਣਾ ਤੇ ਸਦਾ ਨੌਜਵਾਨ ਹੀ ਰਹਿਣਾ ਹੈ, ਇਸੇ ਤਰ੍ਹਾਂ ਜਨ ਸਧਾਰਣ, ਖਾਸ ਕਰ ਨੌਜਵਾਨ ਪੀੜ੍ਹੀ, ਪੰਡਿਤ ਜੀ ਨੂੰ ਹਮੇਸ਼ਾ ਭਗਤ ਸਿੰਘ ਵਾਂਗਰ ਹੀ ਤੱਕਦੀ ਰਹੀ। ਪੰਡਿਤ ਕਿਸ਼ੋਰੀ ਲਾਲ ਜੀ ਨੇ ਵੀ ਆਪਣਾ ਸਾਰਾ ਜੀਵਣ ਪੂਰਨ ਉਤਸ਼ਾਹੀ ਨੌਜਵਾਨ ਦੀ ਤਰ੍ਹਾਂ ਹੀ ਗੁਜਾਰਿਆ। ਉਹ ਜਿੰਨੇ ਮਰਜ਼ੀ ਬਿਮਾਰ ਹੋਣ ਪ੍ਰੰਤੂ ਨੌਜਵਾਨ ਵਿਦਿਆਰਥੀਆਂ ਦੇ ਸਮਾਗਮਾਂ ਵਿਚ ਜਾਣ ਤੋਂ ਉਹ ਕਦੀ ਨਹੀਂ ਸਨ ਉਕਦੇ।

ਜਦੋਂ ਪੰਡਿਤ ਜੀ ਨੂੰ ਮਜ਼ਦੂਰਾਂ ਦੇ ਸੰਗਠਨ ਸੀ.ਆਈ.ਟੀ.ਯੂ.(ਸੀਟੂ) ਦਾ ਸੂਬਾਈ ਪ੍ਰਧਾਨ ਚੁਣਿਆ ਗਿਆ ਤਾਂ ਪੰਜਾਬ ਦੀ ਸਮੁੱਚੀ ਮਜ਼ਦੂਰ ਲਹਿਰ ਵਿਚ ਇਕ ਖਾਸ ਕਿਸਮ ਦੀ ਖੁਸ਼ੀ ਤੇ ਉਤਸ਼ਾਹ ਦੀ ਲਹਿਰ ਦੌੜ ਗਈ। ਮੈਨੂੰ ਉਨ੍ਹਾਂ ਸੰਗ ਜਨਰਲ ਸਕੱਤਰ ਦੇ ਤੌਰ 'ਤੇ ਕੰਮ ਕਰਨ ਦਾ ਜ਼ਿੰਮਾ ਦਿੱਤਾ ਗਿਆ। ਇਹ ਮੇਰੇ ਵਾਸਤੇ ਬਹੁਤ ਹੀ ਮਾਣ ਕਰਨ ਵਾਲੀ ਗੱਲ ਵੀ ਸੀ ਤੇ ਇਕ ਖਾਸ ਕਿਸਮ ਦੀ ਝਿੱਜਕ ਤੇ ਚੈਲਿੰਜ ਮਾਤਰ ਵੀ ਸੀ। ਮਾਣ ਇਸ ਗੱਲ ਦਾ ਕਿ ਹੁਣ ਮੈਂ ਇਕ ਅਜ਼ੀਮ ਇਨਕਲਾਬੀ ਤੇ ਜ਼ਿੰਦਾ ਸ਼ਹੀਦ ਨਾਲ ਉਨ੍ਹਾਂ ਦੀ ਅਗਵਾਈ ਅੰਦਰ ਮਜ਼ਦੂਰ ਲਹਿਰ ਵਿਚ ਕੰਮ ਕਰ ਸਕਾਂਗਾ ਤੇ ਝਿਜਕ ਇਸ ਗੱਲ ਦੀ ਕਿ ਦਿਓ ਕੱਦ ਵਰਗੇ ਇਨਸਾਨ ਨਾਲ ਮੈਂ ਇਕ ਅਦਨਾ ਜਿਹਾ ਵਿਅਕਤੀ ਕਿਵੇਂ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਾਂਗਾ? ਸੀਟੂ ਵਿਚ ਪੰਡਿਤ ਜੀ ਦੀ ਯੋਗ ਅਗਵਾਈ ਅਤੇ ਇਕ ਮਿਸਾਲੀ ਆਗੂ ਦੇ ਤੌਰ 'ਤੇ ਨਿਭਾਈ ਗਈ ਭੂਮਿਕਾ ਸਦਕਾ ਮੈਨੂੰ ਮਾਣ ਹੋਣ ਦੇ ਨਾਲ ਨਾਲ ਬੇਓੜਕ ਸਿੱਖਣ ਦਾ ਮੌਕਾ ਵੀ ਮਿਲਿਆ ਤੇ ਉਨ੍ਹਾਂ ਦੇ ਸਨੇਹ ਤੇ ਅਪਣੱਤ ਭਰੇ ਵਤੀਰੇ ਨੇ ਡਰ ਤੇ ਝਿਜਕ ਬਿਲਕੁਲ ਹੀ ਲਾਹ ਦਿੱਤੀ। ਉਨ੍ਹਾਂ ਨੇ ਕਦੀ ਆਪਣੇ ਵੱਡੇਪਣ ਦਾ ਅਹਿਸਾਸ ਹੀ ਨਹੀਂ ਕਰਾਇਆ। ਕਈ ਵਾਰ ਤਾਂ ਉਹ ਮੇਰੇ ਕੋਲੋਂ ਭਾਸ਼ਣ ਕਰਨ ਦੇ ਵਿਸ਼ੇ ਬਾਰੇ ਸਲਾਹ ਲੈਣ ਲੱਗ ਪੈਂਦੇ ਸਨ। ਇਹ ਮੈਨੂੰ ਮਖੌਲੀਆ ਢੰਗ ਨਾਲ ਹੌਸਲਾ ਅਫਜ਼ਾਈ ਕਰਨ ਵਾਲਾ ਵਤੀਰਾ ਜਾਪਿਆ। ਆਮ ਕਰਕੇ ਉਹ ਕਿਹਾ ਕਰਦੇ ਸਨ ਕਿ "ਸੰਘਰਸ਼ ਵਿਚ ਮਜ਼ਦੂਰ ਜਮਾਤ ਦੀ ਕਿਸੇ ਜਿੱਤ ਨਾਲ ਖੁਸ਼ ਤਾਂ ਹੋਵੋ, ਹੰਕਾਰੀ ਨਾ ਬਣੋ ਅਤੇ ਘੋਲ ਅੰਦਰ ਕਿਸੇ ਵੱਜੀ ਪਛਾੜ ਨਾਲ ਫਿਕਰਮੰਦ ਤਾਂ ਬਣੋ, ਪਸਤ ਹਿੰਮਤ ਬਿਲਕੁਲ ਨਾ ਹੋਵੋ।

ਇਹ ਦੋਨੋਂ ਵਰਤਾਰੇ ਤੁਹਾਡੇ ਨਿੱਜ ਨਾਲ ਸੰਬੰਧਤ ਨਾ ਹੋ ਕੇ ਸਮੁੱਚੀ ਮਜ਼ਦੂਰ ਲਹਿਰ ਨਾਲ ਸਬੰਧਤ ਹਨ।" ਟਰੇਡ ਯੂਨੀਅਨ ਲਹਿਰ ਵਿਚ ਪੱਸਰੇ ਭਰਿਸ਼ਟਾਚਾਰ ਅਤੇ ਜਮਾਤੀ ਮਿਲਵਰਤੋਂ ਦੇ ਸੁਧਾਰਵਾਦੀ ਰੁਝਾਨ ਬਾਰੇ ਵਿੰਗੇ ਢੰਗ ਨਾਲ ਸੁਚੇਤ ਕਰਦਿਆਂ ਉਹ ਕਿਹਾ ਕਰਦੇ ਸਨ, "ਜੇਕਰ ਕਿਸੇ ਨੇ ਇਕ ਕਰਾਂਤੀਕਾਰੀ ਲਹਿਰ ਉਸਾਰਨ ਲਈ ਜਿੰਦਗੀ ਵਿਚ ਦੁੱਖਾਂ ਤੇ ਭੁੱਖਮਰੀ ਦਾ ਸਾਹਮਣਾ ਕਰਨ ਦਾ ਬਲ ਸਿੱਖਣਾ ਹੈ ਤਾਂ ਇਕ ਵਿਗਿਆਨਕ ਟਰੇਡ ਯੂਨੀਅਨ ਇਸ ਲਈ ਵਧੀਆ ਸਕੂਲ ਹੈ। ਐਪਰ ਜੇ ਇਸਦੇ ਵਿਪਰੀਤ ਅਨੈਤਿਕ ਢੰਗਾਂ ਰਾਹੀਂ ਪੈਸੇ ਕਮਾ ਕੇ ਅਮੀਰ ਬਣਨਾ ਹੈ, ਤਾਂ ਵੀ ਉਸ ਲਈ ਟਰੇਡ ਯੂਨੀਅਨਾਂ ਵਿਚ ਥਾਂ ਹੈ ਪਰ ਇਸ ਕੰਮ ਲਈ ਉਸ ਨੂੰ ਜਮਾਤੀ ਮਿਲਵਰਤੋਂ ਵਾਲੀ ਟਰੇਡ ਯੂਨੀਅਨ ਚੁਣਨੀ ਹੋਵੇਗੀ ਤੇ ਵਿਕਣਾ ਹੋਵੇਗਾ।" ਇਹ ਵਾਕ ਕਿਸੇ ਮਨੁੱਖ ਨੂੰ ਸੱਚੇ ਸੁੱਚੇ ਕਮਿਊਨਿਸਟ ਬਣਨ ਲਈ ਕਾਫੀ ਮਦਦਗਾਰ ਸਿੱਧ ਹੋ ਸਕਦੇ ਹਨ।

ਸਾਲਾਂਬੱਧੀ ਜੇਲ੍ਹ ਦੇ ਇਕਾਂਤ ਜੀਵਨ ਨੇ ਪੰਡਿਤ ਜੀ ਨੂੰ ਪੌਦਿਆਂ, ਕੰਧਾਂ ਅਤੇ ਪਰਿੰਦਿਆਂ ਨਾਲ ਗੱਲਾਂ ਕਰਨ, ਹੱਸਣ ਤੇ ਮਜ਼ਾਕ ਕਰਨ ਦੀ ਆਦਤ ਬਣਾ ਦਿੱਤੀ ਸੀ। ਇਹ ਸੁਭਾਅ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਗਿਆ ਸੀ। ਉਹ ਕਿਸੇ ਵੀ ਵੱਡੀ ਤੋਂ ਵੱਡੀ ਮੁਸ਼ਕਿਲ ਨੂੰ ਬਹੁਤ ਹੀ ਹਲਕੇ ਫੁਲਕੇ ਮਖੌਲ ਨਾਲ ਖਾਰਜ ਕਰ ਦਿੰਦੇ ਸਨ ਅਤੇ ਇਸੇ ਮਜ਼ਾਕ ਨੂੰ ਉਹ ਵੱਡੇ ਤੋਂ ਵੱਡੇ ਬੰਦੇ ਦੀ ਕਮਜ਼ੋਰੀ ਦੱਸਣ ਜਾਂ ਸੁਧਾਈ ਕਰਨ ਲਈ ਬਾਖੂਬੀ ਇਸਤੇਮਾਲ ਕਰ ਲੈਂਦੇ ਸਨ। ਪੰਡਤ ਜੀ ਦੇ ਇਹਨਾਂ ਦੋਨੋਂ ਤਰ੍ਹਾਂ ਦੇ ਹਥਿਆਰਾਂ ਦਾ ਕੋਈ ਬੁਰਾ ਨਹੀਂ ਸੀ ਮਨਾਉਂਦਾ। ਪੰਡਿਤ ਕਿਸ਼ੋਰੀ ਲਾਲ ਜੀ ਦਾ ਕੁਰਬਾਨੀ ਭਰਿਆ ਜੀਵਨ ਅਸੀਮ ਸਤਿਕਾਰ ਦਾ ਪਾਤਰ ਤਾਂ ਹੈ ਹੀ ਪ੍ਰੰਤੂ ਕਮਿਊਨਿਸਟ ਪਾਰਟੀ ਤੇ ਸਮਾਜਕ ਜੀਵਨ ਵਿਚ ਉਹ ਕਿਸੇ ਵੀ ਵੱਡੀ ਤੋਂ ਵੱਡੀ ਘਟਨਾ ਜਾਂ ਬੇਇਜ਼ਤੀ ਵਾਲੇ ਵਰਤਾਅ ਸਹਾਰਨ ਦਾ ਕਮਾਲ ਦਾ ਮਾਦਾ ਰੱਖਦੇ ਸਨ ਜੋ ਉਨ੍ਹਾਂ ਨੂੰ ਦੁੱਖ ਪਹੁੰਚਾਉਣ ਲਈ ਕਿਸੇ ਹੰਕਾਰੀ ਬੌਨੇ ਵਿਅਕਤੀ ਵਲੋਂ ਕੀਤਾ ਗਿਆ ਹੋਵੇ। ਉਹ ਹੱਤਕ ਭਰੇ ਵਤੀਰੇ ਨੂੰ ਵੀ ਦਰਿਆ ਜਿੱਡੇ ਦਿਲ ਨਾਲ ਜਰ ਲੈਂਦੇ ਸਨ। ਇਹ ਸਾਰਾ ਕੁੱਝ ਦੇਖਣ ਵਾਲਾ ਵਿਅਕਤੀ ਤਾਂ ਆਮ ਕਰਕੇ ਕੰਬ ਉਠਦਾ ਸੀ ਤੇ ਅਜਿਹਾ ਭੱਦਾ ਵਰਤਾਅ ਕਰਨ ਵਾਲੇ ਨੂੰ ਸਬਕ ਸਿਖਾਉਣ ਦੀ ਹੱਦ ਤੱਕ ਜਾ ਸਕਦਾ ਸੀ। ਪ੍ਰੰਤੂ ਪੰਡਿਤ ਕਿਸ਼ੋਰੀ ਲਾਲ ਜੀ ਇਕ ਮਹਾਨ ਕ੍ਰਾਂਤੀਕਾਰੀ ਵਾਂਗਰ ਪਾਰਟੀ ਅਨੁਸ਼ਾਸਨ ਤੇ ਲਹਿਰ ਦੇ ਵਡੇਰੇ ਹਿੱਤਾਂ ਨੂੰ ਸਾਹਮਣੇ ਰੱਖਦੇ ਹੋਏ ਸਭ ਕੁੱਝ ਬਰਦਾਸ਼ਤ ਕਰ ਜਾਂਦੇ ਸਨ।

ਇਕ ਵਾਰ ਸੀਟੂ ਦੀ ਕੁਲ ਹਿੰਦ ਜਨਰਲ ਕੌਂਸਲ ਦੀ ਜੈਪੁਰ ਮੀਟਿੰਗ ਵਿਚੋਂ ਵਾਪਸ ਪਰਤਦਿਆਂ ਹੋਇਆਂ ਉਨ੍ਹਾਂ ਦੀ ਬਸ ਦਾ ਐਕਸੀਡੈਂਟ ਹੋ ਗਿਆ। ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਪੰਡਿਤ ਜੀ ਨੂੰ ਦਿੱਲੀ ਦੇ ਇਕ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ। ਮੈਨੂੰ ਉਨ੍ਹਾਂ ਦੇ ਨਾਲ ਹਸਪਤਾਲ ਵਿਚ ਦੋ ਕੁ ਹਫਤੇ ਗੁਜਾਰਨ ਤੇ ਉਨ੍ਹਾਂ ਦੀ ਦੇਖਭਾਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਿਸ ਤਰ੍ਹਾਂ ਗੰਭੀਰ ਜਖ਼ਮੀ ਹਾਲਤ ਵਿਚ ਸਰੀਰ ਦੇ ਦਰਦਾਂ ਤੇ ਕਠਿਨਾਈਆਂ ਦਾ ਮੁਕਾਬਲਾ ਕਰਦਿਆਂ ਉਨ੍ਹਾਂ ਨੂੰ ਮੈਂ ਦੇਖਿਆ, ਤਦ ਉਹ ਜੇਲ੍ਹ ਦਾ ਪੁਰਾਣਾ ਉਹੀ ਸੀਨ ਸਾਹਮਣੇ ਆ ਜਾਂਦਾ, ਜਿਸ ਵਿਚ ਭੁੱਖ ਹੜਤਾਲ ਦੌਰਾਨ ਜੇਲ੍ਹ ਅਧਿਕਾਰੀਆਂ ਵਲੋਂ ਜਬਰਦਸਤੀ ਖੁਰਾਕ ਦੇਣ ਦੀ ਚਾਲ ਨੂੰ ਫੇਲ੍ਹ ਕਰਨ ਵਾਸਤੇ ਪੰਡਿਤ ਜੀ ਨੇ ਲਾਲ ਮਿਰਚਾਂ ਨੂੰ ਸੰਘ ਅੰਦਰ ਰੱਖਕੇ ਖੁਰਾਕ ਨਾਲੀ ਨੂੰ ਜ਼ਖ਼ਮਾਂ ਨਾਲ ਸੁਜਾ ਲਿਆ ਸੀ ਤਾਂ ਕਿ ਜਬਰਦਸਤੀ ਖੁਰਾਕ ਪੇਟ ਅੰਦਰ ਨਾ

ਜਾ ਸਕੇ ਤੇ ਇਸ ਤਰ੍ਹਾਂ ਉਨ੍ਹਾਂ ਦਾ ਭੁਖ ਹੜਤਾਲ ਦਾ ਵਿਰੋਧ ਐਕਸ਼ਨ ਸਫਲ ਹੋ ਜਾਵੇ। ਕਿਹੋ ਜਿਹੇ ਨਿਵੇਕਲੇ, ਬਹਾਦਰ ਤੇ ਜੁਝਾਰੂ ਇਨਸਾਨ ਸਨ ਪੰਡਿਤ ਕਿਸ਼ੋਰੀ ਲਾਲ ਜੀ।

ਮਰਨ ਸਮੇਂ ਵੀ ਪੰਡਿਤ ਜੀ ਨੇ ਆਪਣੇ ਇਨਕਲਾਬੀ ਕਿਰਦਾਰ ਦੀ ਬੁਲੰਦੀ ਕਾਇਮ ਰੱਖੀ। ਉਂਝ ਮਾਇਆ ਨੂੰ ਤਾਂ ਉਹ ਆਪਣਾ ਵੈਰੀ ਸਮਝਦੇ ਹੀ ਸਨ। ਜੇਕਰ ਕੋਈ ਹਮਦਰਦ ਜਾਂ ਹਿਤੈਸ਼ੀ ਪੰਡਿਤ ਜੀ ਨੂੰ ਕੁੱਝ ਪੈਸੇ ਦੁਆਈਆਂ ਜਾਂ ਖੁਰਾਕ ਵਾਸਤੇ ਭੇਂਟ ਕਰ ਵੀ ਜਾਂਦਾ, ਤਦ ਪੰਡਿਤ ਜੀ ਨੂੰ ਓਨਾ ਚਿਰ ਨੀਂਦ ਨਹੀਂ ਸੀ ਆਉਂਦੀ, ਜਿੰਨੀ ਦੇਰ ਉਹ ਦਫਤਰ ਵਿਚਲੇ ਬਾਕੀ ਸਾਥੀਆਂ ਤੇ ਖਾਸਕਰ ਨੌਜਵਾਨਾਂ ਨੂੰ ਉਨ੍ਹਾਂ ਪੈਸਿਆਂ ਦਾ ਕੁੱਝ ਖਰੀਦ ਕੇ ਖੁਆ ਪਿਲਾ ਨਾ ਦੇਣ। ਮਰਨ ਤੋਂ ਪਹਿਲਾਂ ਉਨ੍ਹਾਂ ਨੇ ਇਕ ਬੰਦ ਲਿਫਾਫੇ ਵਿਚ ਕੁੱਝ ਨਕਦੀ (ਸੈਂਕੜਿਆਂ ਵਿਚ), ਬੈਂਕ ਦੀ ਕਾਪੀ (ਜਿਸ ਵਿਚ ਵੀ ਏਨੇ ਕੁ ਹੀ ਪੈਸੇ ਦਰਜ ਸਨ) ਅਤੇ ਆਪਣੀ ਇਨਕਲਾਬੀ ਲਹਿਰ ਤੇ ਸਮਾਜਵਾਦੀ ਪ੍ਰਾਪਤੀ ਦੇ ਆਸ਼ੇ ਪ੍ਰਤੀ ਨਿਸ਼ਟਾ ਦਾ ਪ੍ਰਗਟਾਵਾ ਕਰਨ ਵਾਲੀ ਲਿਖਤੀ ਵਸੀਅਤ ਸੀ.ਪੀ.ਆਈ.(ਐਮ) ਦੇ ਸੂਬਾਈ ਸਕੱਤਰ ਦੀ ਹੈਸੀਅਤ ਵਿਚ ਮੇਰੇ ਨਾਮ ਕਰਕੇ ਦੇਸ਼ ਭਗਤ ਯਾਦਗਾਰ ਟਰੱਸਟ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਸੌਂਪ ਦਿੱਤੀ। ਬਾਬਾ ਬਿਲਗਾ ਜੀ ਨੇ ਮੈਨੂੰ ਇਹ ਲਿਫਾਫਾ ਪੰਡਿਤ ਜੀ ਦੇ ਸ਼ਰਧਾਂਜਲੀ ਸਮਾਗਮ ਸਮੇਂ ਦੇਸ਼ ਭਗਤ ਯਾਦਗਾਰ ਹਾਲ ਵਿਚ ਸੌਂਪਿਆ। ਇਸ ਲਿਫਾਫੇ ਵਿਚਲੀ ਲਿਖੀ ਵਸੀਹਤ ਸਮੁੱਚੀ ਕਮਿਊਨਿਸਟ ਲਹਿਰ ਲਈ, ਮੇਰੇ ਸਮੇਤ ਇਕ ਐਸਾ ਖਜ਼ਾਨਾ ਹੈ, ਜਿਸਨੂੰ ਸਾਂਭ ਕੇ ਰੱਖਣਾ ਸਾਡਾ ਸਾਰਿਆਂ ਦਾ ਪਵਿੱਤਰ ਫਰਜ਼ ਹੈ। ਮੈਂ ਸਮੁੱਚੀ ਕਮਿਊਨਿਸਟ ਲਹਿਰ ਵਲੋਂ ਇਸਦਾ ਇਕ ਛੋਟਾ ਜਿਹਾ ਕਾਰਕੁੰਨ ਹੋਣ ਨਾਤੇ ਇਕ ਵਾਰ ਫੇਰ ਪੱਕੇ ਇਰਾਦੇ ਨਾਲ ਦਰਿੜ੍ਹਾਉਂਦਾ ਹਾਂ ਕਿ ਪੰਡਿਤ ਕਿਸ਼ੋਰੀ ਲਾਲ ਜੀ ਦੀ ਮਹਾਨ ਵਿਰਾਸਤ ਨੂੰ ਸਾਂਭਦਿਆਂ ਹੋਇਆਂ ਉਨ੍ਹਾਂ ਦੇ ਕਾਰਜ ਨੂੰ ਅੱਗੇ ਤੋਰਨ ਦਾ ਹਰ ਉਪਰਾਲਾ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਸਮਾਜਵਾਦ ਦੀ ਸਥਾਪਤੀ ਦੇ ਮਹਾਨ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

***

# ਇਨਕਲਾਬੀ ਦ੍ਰਿੜ੍ਹਤਾ ਦਾ ਮੁਜੱਸਮਾ ਪੰਡਿਤ ਕਿਸ਼ੋਰੀ ਲਾਲ

–ਕਾ. ਹਰਕੰਵਲ ਸਿੰਘ

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਯੁੱਧ-ਸਾਥੀ, ਪੰਡਿਤ ਕਿਸ਼ੋਰੀ ਲਾਲ ਜੀ ਇਕ ਵਿਲੱਖਣ ਤੇ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ। ਦੇਸ਼ ਦੇ ਸੁਤੰਤਰਤਾ ਸੰਗਰਾਮ ਦੌਰਾਨ ਅਦੁੱਤੀ ਕੁਰਬਾਨੀਆਂ ਕਰਕੇ ਉਹਨਾਂ ਨੇ ਇਤਿਹਾਸ ਵਿੱਚ ਇਕ ਗੌਰਵਮਈ ਸਥਾਨ ਹਾਸਲ ਕੀਤਾ ਹੈ। ਆਜ਼ਾਦੀ ਪ੍ਰਾਪਤੀ ਉਪਰੰਤ ਵੀ ਉਹ ਆਰਾਮ ਨਾਲ ਘਰ ਨਹੀਂ ਬੈਠੇ ਅਤੇ ਨਾਂ ਹੀ ਉਹਨਾਂ ਨੇ ਆਪਣੀਆਂ ਕੁਰਬਾਨੀਆਂ ਦਾ ਕੋਈ ਮੁੱਲ ਵੱਟਿਆ। ਸਗੋਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਕੇ ਉਹ ਜੀਵਨ ਭਰ ਦੇਸ਼ ਦੇ ਮਜ਼ਦੂਰਾਂ-ਕਿਸਾਨਾਂ ਦੀ ਬੰਦਖਲਾਸੀ ਲਈ ਅਤੇ ਏਥੇ ਕਿਰਤੀ ਲੋਕਾਂ ਦਾ ਰਾਜ ਸਥਾਪਤ ਕਰਨ ਲਈ ਲਗਾਤਾਰ ਜੂਝਦੇ ਰਹੇ। ਇਸ ਤਰ੍ਹਾਂ ਪੰਡਿਤ ਕਿਸ਼ੋਰੀ ਲਾਲ ਜੀ ਇਕ ਸੱਚੇ-ਸੁੱਚੇ ਤੇ ਆਪਾਵਾਰੂ ਦੇਸ਼ ਭਗਤ ਤੋਂ ਇਲਾਵਾ ਇਕ ਕਮਿਊਨਿਸਟ ਦੀ ਨਿਵੇਕਲੀ ਤੇ ਮਾਣਮੱਤੀ ਭੂਮਿਕਾ ਵੀ ਨਿਭਾ ਗਏ ਹਨ, ਜਿਹੜੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾਂ ਇਕ ਵੱਡਮੁੱਲਾ ਪ੍ਰੇਰਨਾ ਸਰੋਤ ਬਣੀ ਰਹੇਗੀ।

ਪੰਡਿਤ ਜੀ ਦੀ ਜੀਵਨ ਸ਼ੈਲੀ ਪੂਰੀ ਤਰ੍ਹਾਂ ਪਾਰਦਰਸ਼ੀ, ਸਾਦਾ ਅਤੇ ਨਿਰਸਵਾਰਥ ਸੀ। ਜਾਪਦਾ ਹੈ ਕਿ ਨਿੱਜੀ ਜਾਇਦਾਦ ਬਨਾਉਣ ਜਾਂ ਆਮ ਕਿਰਤੀ ਲੋਕਾਂ ਨਾਲੋਂ ਵਧੇਰੇ ਸੁੱਖ ਸੁਵਿਧਾਵਾਂ ਹਾਸਲ ਕਰਨ ਦਾ ਤਾਂ ਉਹਨਾਂ ਕਦੇ ਸੁਪਨਾ ਵੀ ਨਹੀਂ ਸੀ ਲਿਆ। ਹਰ ਆਈ ਮੁਸੀਬਤ ਦਾ ਉਹ ਇਕ ਅਨੋਖੇ ਅੰਦਾਜ਼ ਵਿੱਚ 'ਸਵਾਗਤ' ਕਰਿਆ ਕਰਦੇ ਸਨ। ਨਿੱਜੀ ਮੁਸੀਬਤਾਂ ਦਾ ਮਖ਼ੌਲ ਉਡਾਉਣ ਦਾ ਪੰਡਿਤ ਜੀ ਦਾ ਇਕ ਅੰਦਾਜ਼ ਸੀ ਜਿਹੜਾ ਹਰ ਇਕ ਨੂੰ ਪ੍ਰਭਾਵਤ ਕਰਦਾ ਸੀ। ਜਾਪਦਾ ਹੈ ਕਿ ਘਬਰਾਹਟ ਜਾਂ ਭੈਅ ਵਰਗੇ ਸ਼ਬਦ ਤਾਂ ਉਹਨਾਂ ਦੇ ਅਨੁਭਵ ਕੋਸ਼ ਵਿੱਚ ਸ਼ਾਮਲ ਨਹੀਂ ਸਨ। 17 ਵਰ੍ਹਿਆਂ ਦੇ ਲੰਬੇ ਜੇਲ੍ਹ-ਜੀਵਨ ਦੌਰਾਨ ਵੀ ਉਹ ਅੰਗਰੇਜ਼ ਹਾਕਮਾਂ ਦੀਆਂ ਵਧੀਕੀਆਂ ਅਤੇ ਉਹਨਾਂ ਦੇ ਬਸਤੀਵਾਦੀ ਗਲਬੇ ਵਿਰੁੱਧ ਨਿਰੰਤਰ ਸ਼ੰਘਰਸ਼ਸ਼ੀਲ ਰਹੇ। ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਸਾਮਰਾਜੀ ਜ਼ਾਲਮਾਂ ਵੱਲੋਂ ਦਿੱਤੇ ਗਏ ਤਰ੍ਹਾਂ ਤਰ੍ਹਾਂ ਦੇ ਤਸੀਹੇ ਵੀ ਉਹਨਾਂ ਨੂੰ ਜ਼ਰਾ ਜਿੰਨਾਂ ਵੀ ਡੁਲਾ ਨਹੀਂ ਸਕੇ। ਇਹਨਾਂ ਅਤਿਆਚਾਰਾਂ ਨੇ ਉਲਟਾ ਪੰਡਿਤ ਜੀ ਦੇ ਮਨ ਅੰਦਰ ਲੋਕ ਯੁੱਧ ਲਈ ਅਤੇ ਸਮਾਜਵਾਦ ਪ੍ਰਤੀ ਅਥਾਹ ਨਿਸ਼ਠਾ ਵਿਕਸਤ ਕਰ ਦਿੱਤੀ। ਇਹੋ ਕਾਰਨ ਹੈ ਕਿ ਉਹਨਾਂ ਨੇ ਜੀਵਨ ਭਰ ਆਪਣੇ ਜ਼ੁੰਮੇ ਲੱਗੇ ਕਾਰਜਾਂ ਨੂੰ ਪੂਰਿਆਂ ਕਰਨ ਲਈ ਫੌਲਾਦੀ ਦਰਿੜ੍ਹਤਾ ਅਤੇ ਸੰਪੂਰਨ ਸੁਹਿਰਦਤਾ ਵਰਗੇ ਵੱਡਮੁੱਲੇ ਗੁਣਾਂ ਦਾ ਵਾਰ ਵਾਰ ਪ੍ਰਗਟਾਵਾ ਕੀਤਾ।

ਪੰਡਿਤ ਜੀ ਜੇਲ੍ਹ ਅੰਦਰ ਹੀ ਕਮਿਊਨਿਸਟਾਂ ਦੇ ਸੰਪਰਕ ਵਿੱਚ ਆਏ ਅਤੇ ਮਾਰਕਸਵਾਦੀ ਲਿਟਰੇਚਰ ਦੇ ਅਧਿਐਨ ਰਾਹੀਂ ਇਕ ਪੂਰੀ ਤਰ੍ਹਾਂ ਪ੍ਰਤੀਬਧ ਕਮਿਊਨਿਸਟ ਬਣ ਗਏ। ਏਸੇ ਲਈ ਉਮਰ ਕੈਦ ਅਧੀਨ ਬਣਦੀ ਸਜ਼ਾ ਭੁਗਤਣ ਉਪਰੰਤ ਜਦੋਂ 1946 ਵਿੱਚ ਉਹਨਾਂ ਨੂੰ ਜੇਲ੍ਹ ਤੋਂ ਰਿਹਾ ਕੀਤਾ ਗਿਆ ਤਾਂ ਉਹ ਆਪਣੇ ਪਰਿਵਾਰ ਕੋਲ ਜਾਣ ਦੀ ਬਜਾਏ ਸਿੱਧੇ ਕਮਿਊਨਿਸਟ ਪਾਰਟੀ ਦੇ ਦਫ਼ਤਰ ਵਿੱਚ ਲਾਹੌਰ ਪੁੱਜ ਗਏ ਅਤੇ ਪਾਰਟੀ ਤੋਂ ਨਵੇਂ ਕੰਮ ਦੀ ਜਾ ਮੰਗ ਕੀਤੀ। ਅੱਗੋਂ ਪਾਰਟੀ ਨੇ ਪੰਡਿਤ ਜੀ ਨੂੰ ਜਿਹੜਾ ਵੀ ਕੰਮ ਦਿੱਤਾ ਉਸਨੂੰ ਉਹਨਾਂ ਨੇ ਹਮੇਸ਼ਾ ਇਨਕਲਾਬੀ ਲਗਨ ਨਾਲ ਸੁਹਿਰਦਤਾ ਸਾਹਿਤ ਅਤੇ ਪੂਰੀ ਮਿਹਨਤ ਨਾਲ ਨੇਪਰੇ ਚਾੜ੍ਹਨ ਦੇ ਉਪਰਾਲੇ

ਕੀਤੇ। ਪਾਰਟੀ ਦੀਆਂ ਇਨਕਲਾਬੀ ਸਰਗਰਮੀਆਂ ਵਿਚ ਸ਼ਾਮਲ ਹੋਣ ਕਾਰਨ ਵੀ ਪੰਡਿਤ ਜੀ ਨੂੰ ਭਾਰਤੀ ਹਾਕਮਾਂ ਵੱਲੋਂ ਕਈ ਵਾਰ ਗ੍ਰਿਫਤਾਰ ਕਰਕੇ ਜੇਲ੍ਹ ਬੰਦ ਕੀਤਾ ਗਿਆ। ਗੋਆ ਨੂੰ ਪੁਰਤਗਾਲੀ ਕਬਜ਼ੇ ਤੋਂ ਆਜ਼ਾਦ ਕਰਾਉਣ ਲਈ ਜਦੋਂ ਉਹ ਸਤਿਆਗ੍ਰਹੀਆਂ ਦਾ ਜਥਾ ਲੈ ਕੇ ਗਏ ਤਾਂ ਸਾਹਮਣੇ ਤੋਂ ਪੁਰਤਗਾਲੀ ਸਾਸ਼ਕਾਂ ਵੱਲੋਂ ਕੀਤੇ ਗਏ ਜਬਰ ਦਾ ਟਾਕਰਾ ਵੀ ਉਹਨਾਂ ਨੇ ਬਹਾਦਰੀ ਨਾਲ ਕੀਤਾ।

ਪੰਡਿਤ ਜੀ ਦੀ ਆਪਾਵਾਰੂ ਜੀਵਨ ਸ਼ੈਲੀ ਅਤੇ ਉਹਨਾਂ ਦੀ ਸਖਸ਼ੀਅਤ ਦੇ ਉਪਰੋਕਤ ਮਾਣ-ਮੱਤੇ ਪੱਖਾਂ ਨੇ ਉਹਨਾਂ ਦੇ ਸੰਪਰਕ ਵਿਚ ਆਉਣ ਵਾਲੇ ਅਤੇ ਉਹਨਾਂ ਨਾਲ ਕੰਮ ਕਰਨ ਵਾਲੇ ਹਰ ਵਿਅਕਤੀ ਨੂੰ ਹੀ ਵੱਡੀ ਹੱਦ ਤੱਕ ਪ੍ਰਭਾਵਤ ਕੀਤਾ ਹੈ। ਏਸੇ ਲਈ ਹਰ ਇਕ ਸੱਜਣ ਆਪਣੀ ਲਿਖਤ ਜਾਂ ਭਾਸ਼ਣ ਵਿਚ ਉਹਨਾਂ ਦੇ ਇਹਨਾਂ ਗੁਣਾਂ ਦੀ ਚਰਚਾ ਲਾਜ਼ਮੀ ਕਰਦਾ ਹੈ। ਪ੍ਰੰਤੂ ਏਥੇ ਮੈਂ ਪੰਡਿਤ ਜੀ ਦੀਆਂ ਦੋ ਹੋਰ ਅਹਿਮ ਪ੍ਰਾਪਤੀਆਂ ਬਾਰੇ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਸੰਖੇਪ ਜਹੀ ਗੱਲ ਕਰਨੀ ਵੀ ਜ਼ਰੂਰੀ ਸਮਝਦਾ ਹਾਂ। ਇਹਨਾਂ 'ਚੋਂ ਪਹਿਲੀ ਹੈ ਪੰਡਿਤ ਜੀ ਦੀ ਉਚ ਕੋਟੀ ਦੀ ਸਿਧਾਂਤਕ-ਰਾਜਨੀਤੀ ਪਕੜ ਅਤੇ ਦੂਜੀ ਪ੍ਰਾਪਤੀ ਹੈ ਸਪੱਸ਼ਟਵਾਦੀ ਪਹੁੰਚ ਭਾਵ ਸਪੱਸ਼ਟ ਰਾਏ ਰੱਖਣ ਦੀ ਦਲੇਰੀ।

ਪੰਜਾਬ ਬੁੱਕ ਸੈਂਟਰ ਜਲੰਧਰ ਵਿਚ ਤਾਂ ਭਾਵੇਂ ਉਹਨਾਂ ਦੇ ਦਰਸ਼ਨ ਕਈ ਵਾਰ ਕਰ ਚੁੱਕੇ ਸਾਂ ਪ੍ਰੰਤੂ ਉਹਨਾਂ ਦੀ ਵਿਦਵਤਾ ਅਤੇ ਸਿਧਾਂਤਕ-ਰਾਜਨੀਤੀ ਪਕੜ ਦਾ ਗਿਆਨ ਸਾਨੂੰ ਪਹਿਲੀ ਵਾਰ 1964 ਵਿਚ ਹੋਇਆ। ਇਹ ਉਦੋਂ ਦੀ ਗੱਲ ਹੈ ਜਦੋਂਕਿ ਅਕਤੂਬਰ 1962 ਵਿਚ ਭਾਰਤ ਦੇ ਚੀਨ ਨਾਲ ਛਿੜੇ ਸਰਹੱਦੀ ਝਗੜੇ ਉਪਰੰਤ ਸਰਕਾਰ ਨੇ ਪੰਡਿਤ ਜੀ ਸਮੇਤ ਕਮਿਊਨਿਸਟ ਪਾਰਟੀ ਦੇ ਅਨੇਕਾਂ ਆਗੂਆਂ ਨੂੰ ਗ੍ਰਿਫਤਾਰ ਕਰਕੇ ਅਤੇ ਚੀਨੀ ਏਜੰਟ ਕਰਾਰ ਦੇ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਸੀ। ਉਦੋਂ ਇਹਨਾਂ ਗ੍ਰਿਫਤਾਰ ਕੀਤੇ ਗਏ ਕਮਿਊਨਿਸਟਾਂ ਉਪਰ ਪਾਰਟੀ ਦੇ ਬਾਹਰਲੇ ਆਗੂਆਂ ਵਲੋਂ ਵੀ ਇਲਜ਼ਾਮ ਆਮ ਹੀ ਲਾਏ ਜਾ ਰਹੇ ਸਨ ਕਿ "ਉਹ ਕੱਟੜਪੰਥੀ ਹਨ" ਅਤੇ ਸੋਧਵਾਦ ਵਿਰੁੱਧ ਕਮਿਊਨਿਸਟਾਂ ਅੰਦਰ ਛਿੜੇ ਹੋਏ ਸਿਧਾਂਤਕ-ਵਿਚਾਰਧਾਰਕ ਸ਼ੰਘਰਸ਼ ਵਿਚ ਚੀਨ ਦੀ ਪਾਰਟੀ ਦੀ ਕੱਟੜ ਪੰਥੀ ਲਾਈਨ ਦੇ ਸਮਰੱਥਕ ਹਨ।" ਇਸ ਤਰ੍ਹਾਂ ਦੇ ਪ੍ਰਚਾਰ ਨੇ ਸਾਡੇ ਉਪਰ ਵੀ ਚੋਖਾ ਅਸਰ ਕੀਤਾ ਹੋਇਆ ਸੀ। ਇਸ ਸਿਧਾਂਤਕ ਵਾਦ ਵਿਵਾਦ ਬਾਰੇ ਸੀ.ਪੀ.ਆਈ. ਦੇ ਚੇਅਰਮੈਨ ਐਸ.ਏ.ਡਾਂਗੇ ਵਲੋਂ ਲਿਖੇ ਗਏ ਪੈਂਫਲਿਟ ਦਾ ਪੰਜਾਬੀ ਅਨੁਵਾਦ "ਸਾਡਾ ਰਾਹ : ਨਾ ਕੱਟੜਪੰਥ ਨਾ ਸੋਧਵਾਦ" ਪੜ੍ਹਕੇ ਤਾਂ ਅਸੀਂ ਸੀ.ਪੀ.ਆਈ. ਦੀ ਭਾਰੂ ਲੀਡਰਸ਼ਿਪ ਨਾਲ ਪੂਰੀ ਤਰ੍ਹਾਂ ਹੀ ਖੜ੍ਹ ਗਏ ਸਾਂ।

ਉਹਨੀ ਦਿਨੀਂ ਹੀ ਪੰਡਿਤ ਕਿਸ਼ੋਰੀ ਲਾਲ ਜੀ ਜੇਲ੍ਹ ਤੋਂ ਰਿਹਾ ਹੋ ਕੇ ਹੁਸ਼ਿਆਰਪੁਰ ਆਏ। ਅਸੀਂ ਤਿੰਨ ਸਾਥੀ ਉਹਨਾਂ ਨੂੰ ਪਾਰਟੀ ਦੇ ਰੇਲਵੇ ਰੋਡ 'ਤੇ ਸਥਿਤ ਪੁਰਾਣੇ ਦਫ਼ਤਰ ਵਿਚ ਮਿਲਣ ਗਏ। ਮੈਂ ਤਾਂ ਅਜੇ ਨਵਾਂ-ਨਵਾਂ ਹੀ ਕਮਿਊਨਿਸਟ ਲਹਿਰ ਨਾਲ ਜੁੜਿਆ ਸੀ, ਪ੍ਰੰਤੂ ਦੂਜੇ ਦੋਵੇਂ ਸਾਥੀ-ਚੌਧਰੀ ਗੁਰਬਚਨ ਸਿੰਘ ਅਤੇ ਮਹਿੰਦਰ ਸਿੰਘ ਜੋਸ਼ ਮਾਰਕਸਵਾਦੀ ਸਿਧਾਂਤਾਂ ਤੇ ਪਾਰਟੀ ਦੀਆਂ ਸਿਆਸੀ ਨੀਤੀਆਂ ਤੋਂ ਕਾਫ਼ੀ ਹੱਦ ਤੱਕ ਜਾਣੂ ਸਨ। ਪਾਰਟੀ ਅੰਦਰ ਚਲ ਰਹੇ ਸਿਧਾਂਤਕ ਤੇ ਵਿਚਾਰਧਾਰਕ ਵਾਦ ਵਿਵਾਦ ਬਾਰੇ ਜਿੰਨੇ ਕੁ ਸਵਾਲ ਅਸੀਂ ਪੰਡਿਤ ਨੂੰ ਕਰ ਸਕਦੇ ਸੀ, ਉਹ ਕੀਤੇ। ਉਹਨਾਂ ਨੇ ਸਾਡੇ ਸਾਰੇ ਸ਼ੰਕਿਆਂ ਦਾ ਬੜੇ ਠਰ੍ਹੰਮੇ ਅਤੇ ਸਪੱਸ਼ਟਤਾ ਨਾਲ ਉਤਰ ਦਿੱਤਾ। ਉਸ ਵੇਲੇ ਰੂਸ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਖਰੁਸ਼ਚੋਵ ਦਾ "ਪੁਰਅਮਨ-

ਸਹਿਹੋਂਦ, ਪੁਰਅਮਨ ਮੁਕਾਬਲੇ ਅਤੇ ਪੁਰਅਮਨ ਤਬਦੀਲੀ' ਦਾ ਸਿਧਾਂਤ ਕਮਿਊਨਿਸਟਾਂ ਵਿਚਕਾਰ ਵਿਆਪਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਚੀਨ ਦੀ ਪਾਰਟੀ ਦੇ ਮਹਾਨ ਆਗੂ, ਮਾਓ-ਜੇ-ਤੁੰਗ ਵਲੋਂ ਸਾਮਰਾਜਵਾਦ ਨੂੰ 'ਕਾਗਜ਼ੀ ਸ਼ੇਰ' ਕਹਿਣ ਉੱਤੇ ਖਰੁਸ਼ਚੋਵ ਵਲੋਂ ਇਹ ਮੋੜਵੀਂ ਦਲੀਲ ਦਿੱਤੀ ਗਈ ਸੀ ਕਿ "ਸਾਮਰਾਜ ਹੈ ਤਾਂ ਕਾਗਜ਼ੀ ਸ਼ੇਰ ਪਰ ਉਸਦੇ ਦੰਦ ਐਟਮ ਦੇ ਹਨ।" ਇਸ ਲਈ ਡਰ ਇਸ ਗੱਲ ਦਾ ਸੀ ਕਿ ਸਾਮਰਾਜੀ ਸ਼ਕਤੀਆਂ ਨਾਲ ਲੜਾਈ ਹੋਣ ਦੀ ਸੂਰਤ ਵਿਚ ਦੋਵਾਂ ਪਾਸਿਆਂ ਤੋਂ ਐਟਮੀ ਹਥਿਆਰ ਵਰਤੇ ਜਾਣੇ ਹਨ, ਜਿਸ ਨਾਲ ਸਰਵਨਾਸ਼ ਹੋ ਸਕਦਾ ਹੈ; ਧਰਤੀ ਤੋਂ ਜੀਵਨ ਲੀਲ੍ਹਾ ਹੀ ਖਤਮ ਹੋ ਸਕਦੀ ਹੈ। ਕਿਉਂਕਿ ਪੁਰਅਮਨ ਸਹਿਹੋਂਦ ਆਦਿ ਬਾਰੇ ਸਾਡੇ ਸਵਾਲਾਂ ਦੇ ਉੱਤਰ ਵਿਚ ਪੰਡਿਤ ਜੀ ਜਮਾਤੀ ਸ਼ੰਘਰਸ਼ ਦੀ ਅੱਟਲਤਾ 'ਤੇ ਜੋਰ ਦੇ ਰਹੇ ਸਨ, ਇਸ ਲਈ ਸਾਡੇ ਵਲੋਂ ਖਰੁਸ਼ਚੋਵ ਦੀ ਉਪਰੋਕਤ ਦਲੀਲ ਰਾਹੀਂ ਸੰਭਾਵਤ ਤਬਾਹੀ ਬਾਰੇ ਆਪਣੇ ਖਦਸ਼ਿਆਂ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੇ ਉਤਰ ਵਿਚ ਪੰਡਿਤ ਜੀ ਨੇ ਬੜੀ ਸਹਿਜਤਾ ਨਾਲ ਸਾਨੂੰ ਇਹ ਸਮਝਾਇਆ ਕਿ ਜਦੋਂ ਕਦੇ ਵੀ ਕੋਈ ਨਵਾਂ ਹਥਿਆਰ ਬਣਿਆ ਹੈ ਤਾਂ ਉਦੋਂ ਹਮੇਸ਼ਾ ਹੀ ਲੋਕਾਂ ਵਲੋਂ ਅਜੇਹੇ ਖਦਸ਼ੇ ਉਭਾਰੇ ਜਾਂਦੇ ਰਹੇ ਹਨ।" ਉਹਨਾਂ ਦੱਸਿਆ ਕਿ ਹਵਾਈ ਜਹਾਜ਼ ਦੀ ਕਾਢ ਨੇ ਵੀ ਲੋਕਾਂ ਅੰਦਰ ਏਸੇ ਤਰ੍ਹਾਂ ਦੇ ਸਰਵਨਾਸ਼ ਦੇ ਖਦਸ਼ੇ ਹੀ ਉਭਾਰੇ ਸਨ, ਪ੍ਰੰਤੂ ਮਨੁੱਖ ਨੇ ਹਵਾਈ ਜਹਾਜ਼ ਰਾਹੀਂ ਕੀਤੀ ਜਾਂਦੀ ਬੰਬਾਰਮੈਂਟ ਨੂੰ ਠੱਲ ਪਾਉਣ ਤੇ ਉਸ ਨਾਲ ਹੁੰਦੀ ਤਬਾਹੀ ਤੋਂ ਬਚਾਅ ਦੇ ਢੰਗ ਤਰੀਕੇ ਵੀ ਲੱਭ ਲਏ ਹਨ। ਉਹਨਾਂ ਇਹ ਵੀ ਸਮਝਾਇਆ ਕਿ ਜਦੋਂ ਤੱਕ ਮਨੁੱਖੀ ਸਮਾਜ ਜਮਾਤਾਂ ਵਿਚ ਵੰਡਿਆ ਰਹੇਗਾ ਓਨਾ ਚਿਰ ਉਹਨਾਂ ਜਮਾਤਾਂ ਵਿਚਕਾਰ ਸ਼ੰਘਰਸ਼ ਵੀ ਲਾਜ਼ਮੀ ਚਲਦਾ ਰਹੇਗਾ। ਇਸ ਤਰ੍ਹਾਂ, ਇਹ ਜਮਾਤੀ ਸ਼ੰਘਰਸ਼ ਐਟਮੀ ਦੌਰ ਵਿੱਚ ਵੀ ਲਾਜ਼ਮੀ ਜਾਰੀ ਰਹੇਗਾ। ਇਸ ਲਈ ਪੁਰਅਮਨ ਸਹਿਹੋਂਦ ਦੀ ਸਮਝਦਾਰੀ ਇਕ ਪੂਰੀ ਤਰ੍ਹਾਂ ਖੋਖਲੀ ਅਤੇ ਅਣਵਿਗਿਆਨਕ ਘਾੜਤ ਹੀ ਹੈ। ਪੰਡਿਤ ਜੀ ਦੀਆਂ ਇਹਨਾਂ ਵਿਦਵਤਾ ਭਰਪੂਰ ਦਲੀਲਾਂ ਤੇ, ਦਰਿਸ਼ਟਾਤਾਂ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਅਸੀਂ ਉਹਨਾਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਕਾਇਲ ਹੋ ਕੇ ਵਾਪਸ ਮੁੜੇ। ਇਸ ਤਰ੍ਹਾਂ, ਸੋਧਵਾਦ ਦੇ ਵਿਰੋਧ ਵਿਚ ਦੇਸ਼ ਅੰਦਰ ਜਨਮੀ ਸੀ.ਪੀ.ਆਈ. (ਐਮ) ਦੀ ਸਿਆਸਤ ਨਾਲ ਸਾਡੇ ਜੁੜਨ ਵਿਚ ਪੰਡਿਤ ਜੀ ਨਾਲ ਹੋਈ ਇਸ ਮੁਲਾਕਾਤ ਨੇ ਫੈਸਲਾਕੁੰਨ ਭੂਮਿਕਾ ਅਦਾ ਕੀਤੀ। ਜਿਸਦੇ ਲਈ ਘੱਟੋ-ਘੱਟ ਮੈਂ ਤਾਂ ਪੰਡਿਤ ਜੀ ਦਾ ਹਮੇਸ਼ਾਂ ਰਿਣੀ ਰਹਾਂਗਾ।

ਪੰਡਿਤ ਜੀ ਨਾਲ ਏਸੇ ਤਰ੍ਹਾਂ ਦੀ ਮੇਰੀ ਇਕ ਹੋਰ ਮੁਲਾਕਾਤ ਖਾਲਿਸਤਾਨੀ ਦਹਿਸ਼ਤਗਰਦੀ ਦੀ ਚੜ੍ਹਤ ਦੇ ਦਿਨਾਂ ਵਿਚ ਹੋਈ। ਇਸ ਪਿਛਾਖੜੀ ਸਿਆਸੀ ਵਰਤਾਰੇ ਵਿਰੁੱਧ, ਪ੍ਰਾਂਤ ਅੰਦਰ, ਕਮਿਊਨਿਸਟ ਬੜੀ ਬਹਾਦਰੀ ਨਾਲ ਲੜ ਰਹੇ ਸਨ। ਮੈਂ ਅਜੇ ਮੁਲਾਜ਼ਮ ਫਰੰਟ ਤੋਂ ਫਾਰਗ ਨਹੀਂ ਸੀ ਹੋਇਆ। ਸਾਡੇ ਫਰੰਟ ਦੇ ਸਾਰੇ ਸਾਥੀ ਇਸ ਵਰਤਾਰੇ ਬਾਰੇ ਪਾਰਟੀ ਦੀ ਸਿਆਸੀ ਸਮਝਦਾਰੀ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਪ੍ਰਤੂੰ ਆਮ ਲੋਕੀਂ ਦਹਿਸ਼ਤਗਰਦਾਂ ਦੇ ਵੱਖਵਾਦੀ ਪ੍ਰਚਾਰ ਤੋਂ ਇਕ ਹੱਦ ਤੱਕ ਪ੍ਰਭਾਵਿਤ ਵੀ ਸਨ। ਇਸ ਲਈ ਪ੍ਰਸਪਰ ਵਿਚਾਰ-ਵਟਾਂਦਰੇ ਦੌਰਾਨ ਉਹ ਅਕਸਰ ਹੀ ਪਾਰਟੀ ਦੀ ਪਹੁੰਚ ਪ੍ਰਤੀ ਕਈ ਤਰ੍ਹਾਂ ਦੇ ਇਤਰਾਜ ਉਠਾਉਂਦੇ ਸਨ। ਇਹਨਾਂ ਇਤਰਾਜਾਂ ਦਾ ਉਤਰ ਦੇਣ ਵਿਚ ਸਾਨੂੰ ਕਈ ਵਾਰ ਮੁਸ਼ਕਲਾਂ ਵੀ ਪੇਸ਼ ਆਉਂਦੀਆਂ ਸਨ। ਉਹਨਾਂ ਦਿਨਾਂ ਵਿੱਚ ਹੀ ਸੀ.ਪੀ.ਆਈ. (ਐਮ) ਦੇ ਸੂਬਾਈ ਸਕੱਤਰੇਤ ਦੇ ਇਕ ਮੈਂਬਰ ਵਲੋਂ ਇਸ ਮੁੱਦੇ 'ਤੇ ਲਿਖੇ ਗਏ ਇਕ ਕਿਤਾਬਚੇ ਨੇ ਪਾਰਟੀ ਦੀ ਪਹੁੰਚ ਵਿਰੁੱਧ ਉਠ ਰਹੇ ਇਤਰਾਜਾਂ ਬਾਰੇ

ਸਥਿਤੀ ਨੂੰ ਹੋਰ ਵਧੇਰੇ ਗੰਭੀਰ ਬਣਾ ਦਿੱਤਾ ਸੀ। ਇਹਨਾਂ ਦਿਨਾਂ ਵਿਚ ਹੀ ਲੁਧਿਆਣਾ ਵਿਖੇ ਪੰਡਿਤ ਜੀ ਨਾਲ ਅਚਾਨਕ ਮੁਲਾਕਾਤ ਦਾ ਸਬੱਬ ਬਣ ਗਿਆ। ਸਾਥੀ ਮੰਗਤ ਰਾਮ ਪਾਸਲਾ ਅਤੇ ਪੰਡਿਤ ਜੀ ਕਿਸੇ ਸਮਾਗਮ ਤੋਂ ਆਏ ਸਨ। ਰਾਤ ਠਹਿਰਨ ਲਈ ਸਾਥੀ ਪਾਸਲਾ ਤਾਂ ਸਾਥੀ ਲਾਇਲਪੁਰੀ ਵੱਲ ਚਲੇ ਗਏ ਪ੍ਰੰਤੂ ਪੰਡਿਤ ਜੀ ਉਸ ਘਰ ਵਿਚ ਅਟਕ ਗਏ ਜਿਥੇ ਮੈਂ ਠਹਿਰੀਆ ਹੋਇਆ ਸੀ। ਇਸ ਮੌਕੇ ਤੋਂ ਲਾਹਾ ਲੈਣ ਲਈ ਮੈਂ ਪੰਡਿਤ ਜੀ ਨਾਲ ਦਹਿਸ਼ਤਗਰਦੀ ਬਾਰੇ ਚਰਚਾ ਛੇੜ ਲਈ। ਖਾਲਿਸਤਾਨੀ ਦਹਿਸ਼ਤਗਰਦੀ ਅਤੇ ਇਸਨੂੰ ਮਿਲ ਰਹੇ ਸਾਮਰਾਜੀ ਸਮਰੱਥਨ ਬਾਰੇ ਉਹਨਾਂ ਨੇ ਬਹੁਤ ਹੀ ਠੋਸ ਜਾਣਕਾਰੀ ਦੇ ਆਧਾਰ 'ਤੇ ਵਿਸਥਾਰ ਸਹਿਤ ਵਿਆਖਿਆ ਕੀਤੀ। ਪੰਡਿਤ ਜੀ ਦੀ ਦਲੀਲਬਾਜ਼ੀ ਵਿਚਲੇ ਤੱਥਾਂ ਤੇ ਸਿਧਾਂਤਕ ਹਵਾਲਿਆਂ ਸਦਕਾ ਇਸ ਵਿਸ਼ੇ ਤੇ ਮੇਰੀ ਸਮਝਦਾਰੀ ਵਿਚ ਹੋਰ ਸਪੱਸ਼ਟਤਾ ਆਈ।

ਇਸਤੋਂ ਇਲਾਵਾ ਇਸ ਵਿਚਾਰ ਚਰਚਾ ਦੌਰਾਨ ਕਮਿਊਨਿਸਟ ਨੈਤਿਕਤਾ ਬਾਰੇ ਵੀ ਪੰਡਿਤ ਜੀ ਨੇ ਬਹੁਤ ਹੀ ਸਪੱਸ਼ਟ ਤੇ ਭਾਵਪੂਰਤ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਹਨਾਂ ਦਾ ਇਹ ਜ਼ੋਰਦਾਰ ਮੱਤ ਸੀ ਕਿ ਕਮਿਊਨਿਸਟਾਂ ਨੂੰ ਪਾਰਟੀ ਵਲੋਂ ਲਗਾਈ ਗਈ ਹਰ ਜ਼ੁੰਮੇਵਾਰੀ ਨੂੰ ਨੇਪਰੇ ਚਾੜ੍ਹਨ ਵਾਸਤੇ ਪੂਰਨ ਸੁਹਿਰਦਤਾ ਸੰਭਵ ਉਪਰਾਲਾ ਕਰਨਾ ਚਾਹੀਦਾ ਹੈ। ਉਹ ਕਹਿਣੀ ਅਤੇ ਕਰਨੀ ਵਿਚਕਾਰਲੇ ਫਰਕ ਦਾ ਬਹੁਤ ਬੁਰਾ ਮਨਾਉਂਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਜੇਕਰ ਕਮਿਊਨਿਸਟ ਅਜਿਹੀਆਂ ਗੈਰ-ਜਮਾਤੀ ਰੁਚੀਆਂ 'ਤੇ ਕਾਬੂ ਪਾ ਲੇਣ ਤਾਂ ਹੀ ਬਾਹਰਮੁਖੀ ਚਨੌਤੀਆਂ ਦਾ ਪ੍ਰਬੀਨਤਾ ਸਹਿਤ ਟਾਕਰਾ ਕੀਤਾ ਜਾ ਸਕਦਾ ਹੈ ਅਤੇ ਇਨਕਲਾਬੀ ਲਹਿਰ ਨੂੰ ਤੇਜੀ ਨਾਲ ਅੱਗੇ ਵਧਾਇਆ ਜਾ ਸਕਦਾ ਹੈ। ਉਪਰੋਕਤ ਗੱਲਬਾਤ ਵਿਚ ਇਸ ਪੱਖੋਂ ਉਹਨਾਂ ਪਾਰਟੀ ਦੇ ਉਸ ਵੇਲੇ ਦੇ ਸੂਬਾ ਸਕੱਤਰ ਕਾਮਰੇਡ ਸਤਵੰਤ ਸਿੰਘ ਦੀ ਬਹੁਤ ਤਾਰੀਫ ਕੀਤੀ ਅਤੇ ਕਿਹਾ ਕਿ ਮੇਰੀ ਨਜ਼ਰ ਵਿੱਚ "ਸਤਵੰਤ ਇਕ ਬਹੁਤ ਬੁੱਧੀਮਾਨ ਤੇ ਹਕੀਕੀ ਕਮਿਊਨਿਸਟ ਹੈ।"

ਪਾਰਟੀਆਂ ਅੰਦਰ ਅਕਸਰ ਉਠਦੇ ਰਹਿੰਦੇ ਰਾਜਨੀਤਕ ਤੇ ਜਥੇਬੰਦਕ ਵਾਦ-ਵਿਵਾਦ ਵਾਲੇ ਮੁੱਦਿਆਂ ਉਪਰ ਪੰਡਿਤ ਕਿਸ਼ੋਰੀ ਲਾਲ ਜੀ ਵਲੋਂ ਆਮ ਤੌਰ 'ਤੇ ਬਿਨਾਂ ਕਿਸੇ ਰੱਖ ਰਖਾਅ ਦੇ ਸਪੱਸ਼ਟ ਰਾਏ ਦਿੱਤੀ ਜਾਂਦੀ ਸੀ। ਇਹ ਉਹਨਾਂ ਦੀ ਇਕ ਵਧੀਆ ਪ੍ਰਾਪਤੀ ਸੀ। ਉਹਨਾਂ ਦੇ ਆਪਾਵਾਰੂ ਤੇ ਕੁਰਬਾਨੀਆਂ ਭਰੇ ਕਿਰਦਾਰ ਅਤੇ ਪਾਰਟੀ ਦੇ ਸਿਧਾਂਤਾਂ ਤੇ ਨੀਤੀਆਂ ਉਪਰ ਉਹਨਾ ਦੀ ਅਡੋਲ ਪਕੜ ਨੇ ਹੀ ਉਹਨਾਂ ਨੂੰ ਅਜਿਹੀ ਸਪੱਸ਼ਟਵਾਦੀ ਪਹੁੰਚ ਅਪਨਾਉਣ ਦੇ ਸਮਰੱਥ ਬਣਾਇਆ ਸੀ। ਅਜਿਹੀ ਸ਼ਪੱਸ਼ਟਵਾਦੀ ਪਹੁੰਚ ਭਾਵੇਂ ਸਵਾਰਥੀ ਮੌਕਾਪ੍ਰਸਤ ਤੱਤਾਂ ਨੂੰ ਤਾਂ ਆਮ ਤੌਰ 'ਤੇ ਬੁਰੀ ਹੀ ਲੱਗਦੀ ਹੈ ਪ੍ਰੰਤੂ ਕਮਿਊਨਿਸਟ ਪਾਰਟੀਆਂ ਅੰਦਰ ਅੰਤਰ-ਪਾਰਟੀ ਜਮਹੂਰੀਅਤ, ਜਿਹੜੀ ਕਿ ਜਮਹੂਰੀ ਕੇਂਦਰੀਵਾਦ ਦੇ ਜਥੇਬੰਦਕ ਅਸੂਲ ਦਾ ਇਕ ਅਹਿਮ ਅੰਗ ਹੈ, ਨੂੰ ਮਜ਼ਬੂਤ ਬਨਾਉਣ ਲਈ ਅਤੇ ਪਾਰਟੀ ਨੂੰ ਵਿਅਕਤੀ ਪੂਜਾ ਵਰਗੇ ਖਤਰਨਾਕ ਕੁਰਾਹੇ ਤੋਂ ਮੁਕਤ ਰੱਖਣ ਲਈ ਅਜਿਹੀ ਪਹੁੰਚ ਹੈ ਬਹੁਤ ਹੀ ਜ਼ਰੂਰੀ। ਅਜਿਹੀ ਸਪੱਸ਼ਟਵਾਦੀ ਪਹੁੰਚ ਨਾਲ ਪਾਰਟੀ ਦੇ ਜਥੇਬੰਦਕ ਵਿਕਾਸ ਵਿਚ ਵੀ ਚੋਖੀ ਮਦਦ ਮਿਲਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਪੱਖੋਂ ਵੀ ਪੰਡਿਤ ਕਿਸ਼ੋਰੀ ਲਾਲ ਜੀ ਦਾ ਕਿਰਦਾਰ ਇਕ ਤਕੜਾ ਪ੍ਰੇਰਨਾ ਸਰੋਤ ਸਿੱਧ ਹੋ ਸਕਦਾ ਹੈ।

***

# ਸਰਵੈ ਸਾਧਨਾਂ ਦੇ ਪੁੰਜ ਪੰਡਿਤ ਕਿਸ਼ੋਰੀ ਲਾਲ ਜੀ

–ਗੁਰਬਚਨ ਚੌਧਰੀ

ਪੰਡਿਤ ਕਿਸ਼ੋਰੀ ਲਾਲ ਜੀ ਦੇ ਦਰਸ਼ਨ ਕਰਨ ਦਾ ਮੌਕਾ ਤਾਂ 1953 ਤੋਂ ਹੀ ਕਦੇ ਕਦੇ ਮਿਲਦਾ ਰਿਹਾ ਸੀ, ਪਰ ਮਾਰਚ 1989 ਤੋਂ ਮੈਨੂੰ ਪੰਡਿਤ ਜੀ ਦੇ ਨਾਲ ਲੱਗਦੇ ਕਮਰੇ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਅਜਿਹੀ ਸਖਸ਼ੀਅਤ ਵੇਖੀ ਜੋ ਅੱਜ ਤੀਕ ਕਦੇ ਭੀ ਦੇਖਣ ਵਿਚ ਨਹੀਂ ਆਈ ਸੀ। ਬੜੀ ਲੰਬੀ ਕੈਦ ਕੱਟਣ ਤੋਂ ਬਾਅਦ, ਪਹਿਲਾਂ ਹੋਏ ਇੱਕ ਖਤਰਨਾਕ ਹਾਦਸੇ ਵਿੱਚ ਸਾਰੇ ਸਰੀਰ ਦੀ ਟੁੱਟ ਭੱਜ ਹੁੰਦੇ ਹੋਏ, ਦਮੇਂ ਵਰਗੀ ਚੰਦਰੀ ਬਿਮਾਰੀ ਦੇ ਰੋਗੀ ਹੋਣ ਦੇ ਬਾਵਜੂਦ, ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਜਦੋਂ ਵੀ ਉਹਨਾਂ ਦੀ ਸਿਹਤ ਬਾਰੇ ਉਨ੍ਹਾਂ ਤੋਂ ਪੁੱਛਿਆ ਜਾਂਦਾ, ਉਹ ਸਦਾ ਚੜ੍ਹਦੀ ਕਲਾ ਵਿਚ ਉੱਤਰ ਦਿੰਦੇ ਕਿ ਮੈਂ ਬਿਲਕੁਲ ਠੀਕ ਹਾਂ।

ਸੂਬਾ ਦਫ਼ਤਰ ਵਿਚ ਪੰਡਿਤ ਜੀ ਦੇ ਹੁੰਦਿਆਂ ਕਦੇ ਕੋਈ ਉਦਾਸ ਜਾਂ ਦਲਗੀਰ ਨਹੀਂ ਰਹਿ ਸਕਦਾ ਸੀ। ਪੰਡਿਤ ਜੀ ਹਾਸਿਆਂ ਦੇ ਬਾਦਸ਼ਾਹ ਸਨ। ਕੋਈ ਕਿਸੇ ਕਿਸਮ ਦੀ ਭੀ ਗੱਲ ਹੋਵੇ, ਪੰਡਿਤ ਜੀ ਆਪਣੀ ਟਿੱਪਣੀ ਨਾਲ ਉਸਨੂੰ ਖੇੜਿਆਂ ਵਿੱਚ ਬਦਲ ਦਿੰਦੇ ਸਨ। ਸੱਚ ਤਾਂ ਇਹ ਹੈ, ਕਿ ਪੰਡਿਤ ਜੀ ਸੂਬਾ ਦਫ਼ਤਰ ਦੀ ਜਿੰਦ ਜਾਨ ਸਨ, ਉਨ੍ਹਾਂ ਦੇ ਵਿਛੋੜੇ ਨੂੰ ਏਸੇ ਕਾਰਨ ਸੂਬਾ ਦਫਤਰ ਦਾ ਹਰ ਸਾਥੀ ਬੜੇ ਦੁਖੀ ਹਿਰਦੇ ਨਾਲ ਮਹਿਸੂਸ ਕਰ ਰਿਹਾ ਹੈ। ਉਹ ਵਿਅਕਤੀ ਜੋ ਸ਼ਹੀਦ ਭਗਤ ਸਿੰਘ ਦੇ ਨਾਲ ਆਪਣੀ ਨਾਬਾਲਗੀ ਸਮੇਂ ਤੋਂ ਹੀ ਅੰਗਸੰਗ ਰਿਹਾ ਹੋਵੇ, ਫਾਂਸੀ ਦੀ ਰੱਸੀ ਤੋਂ ਕੇਵਲ ਉਮਰ ਘਟ ਹੋਣ ਕਰਕੇ ਹੀ ਬਚਿਆ ਹੋਵੇ, ਇਸ ਤੋਂ ਪਿੱਛੋਂ ਸਾਰੀ ਜ਼ਿੰਦਗੀ ਦੇਸ਼ ਦੀ ਕਰਾਂਤੀਕਾਰੀ ਲਹਿਰ ਦਾ ਮਰਨ ਤੀਕ ਆਗੂ ਰਿਹਾ ਹੋਵੇ, ਆਪਣੀਆਂ ਕੀਤੀਆਂ ਕੁਰਬਾਨੀਆਂ ਦੀ ਕਦੇ ਵੀ ਗੱਲ ਨਾ ਕਰੇ, ਉਹ ਕੇਵਲ ਪੰਡਿਤ ਕਿਸ਼ੋਰੀ ਲਾਲ ਜੀ ਹੀ ਸਨ।

ਦੇਸ਼ ਭਰ ਵਿਚ ਪੰਡਿਤ ਜੀ ਏਨਾ ਮਾਣ ਸਤਿਕਾਰ ਹੋਣ ਦੇ ਬਾਵਜੂਦ, ਉਹ ਹਰ ਸਾਥੀ ਨਾਲ ਪ੍ਰੇਮ ਭਰਿਆ ਵਰਤਾਓ ਕਰਦੇ। ਸ਼ਾਮ 6 ਵਜੇ ਤੋਂ ਰਾਤ 11 ਵਜੇ ਤੀਕ ਪੰਡਿਤ ਜੀ ਦੇ ਕਮਰੇ ਵਿਚ ਸਾਰੇ ਸਾਥੀ ਟੈਲੀਵੀਜਨ ਦੇ ਪ੍ਰੋਗਰਾਮ ਦੇਖਦੇ, ਉਨ੍ਹਾਂ ਦੀ ਚਾਰਪਾਈ ਉਪਰ 8–10 ਸਾਥੀ ਬੈਠ ਜਾਂਦੇ, ਉਹ ਸਦਾ ਖਿੜੇ ਮੱਥੇ ਸਭ ਨੂੰ ਥਾਂ ਦਿੰਦੇ। ਆਪ ਬਿਮਾਰ ਹੁੰਦੇ ਹੋਏ ਵੀ ਕਦੇ ਆਪਣੀ ਬਿਮਾਰੀ ਪਰਗਟ ਨਾ ਕਰਦੇ ਕਿ ਕਿਤੇ ਸਾਥੀ ਪ੍ਰੋਗਰਾਮ ਵੇਖਣ ਵਿਚ ਹਿਚਕਚਾਹਟ ਮਹਿਸੂਸ ਨਾ ਕਰਨ। ਚਲਦੇ ਪ੍ਰੋਗਰਾਮ ਤੇ ਲਗਾਤਾਰ ਆਪਣੀ ਹਾਸਰਸ ਭਰਪੂਰ ਟਿੱਪਣੀ ਨਾਲ ਸਾਰਿਆਂ ਨੂੰ ਖਿੜ ਖਿੜਾ ਹੱਸਾ ਦਿੰਦੇ। ਸਾਥੀਆਂ ਨੂੰ ਪ੍ਰੋਗਰਾਮ ਵੇਖਣ ਨਾਲੋਂ ਵੀ ਕਿਤੇ ਜ਼ਿਆਦਾ ਆਨੰਦ ਉਨ੍ਹਾਂ ਦੀਆਂ ਟਿੱਪਣੀਆਂ ਤੋਂ ਪ੍ਰਾਪਤ ਹੁੰਦਾ।

ਪੰਡਿਤ ਜੀ ਦੀ ਰਹਿਣੀ, ਇਕ ਚੰਗੇ ਮਿਸਾਲੀ ਕਮਿਊਨਿਸਟ ਦੀ ਰਹਿਣੀ ਸੀ, ਸੱਤਰ ਸਾਲ ਤੋਂ ਵੱਧ ਉਮਰ ਵਿਚ ਵੀ ਉਹ ਦਫਤਰ ਜਿਥੇ ਕਿਤੇ ਗੰਦਗੀ ਵੇਖਦੇ ਆਪ ਝਾੜੂ ਲੈ ਕੇ ਸਫਾਈ ਕਰਦੇ, ਸਾਥੀਆਂ ਦੇ ਮਜਬੂਰ ਕਰਨ ਦੇ ਬਾਵਜੂਦ ਵੀ ਉਹ ਕਦੇ ਇਹ ਆਗਿਆ ਨਾ ਦਿੰਦੇ ਕਿ ਉਨ੍ਹਾਂ ਦੇ ਜੂਠੇ ਬਰਤਨ ਕੋਈ ਦੂਜਾ ਸਾਫ਼ ਕਰੇ। ਆਪਣੇ ਕੱਪੜੇ ਆਪ ਧੋਂਦੇ ਅਤੇ ਦਫਤਰ ਵਿਚ ਜਦੋਂ ਕਿਤੇ ਵੀ ਕੋਈ ਕਿਸੇ ਪੱਖੋਂ ਵਿਘਨ ਵੇਖਦੇ ਤਾਂ ਬਿਨਾਂ ਕਿਸੇ ਹਿਚਕਚਾਹਟ ਦੇ ਉਸ ਨੂੰ ਆਪ ਦੂਰ ਕਰ ਦਿੰਦੇ।

ਇਕ ਰਸੋਈਏ ਤੋਂ ਲੈ ਕੇ ਉੱਚਕੋਟੀ ਦੇ ਨੇਤਾਵਾਂ ਤੀਕ ਇਕੋ ਜਿਹਾ ਪਿਆਰ ਭਰਿਆ ਵਿਹਾਰ ਕਰਦੇ। ਕੋਈ ਚੀਜ਼ ਖਾਣ ਵਾਲੀ ਹੋਵੇ, ਆਪ ਆਵਾਜ਼ਾਂ ਮਾਰ ਕੇ ਸਾਥੀਆਂ ਨਾਲ ਵੰਡ ਕੇ ਖਾਂਦੇ। ਲੰਗਰ ਵਿੱਚ ਮਹੀਨੇ ਵਿਚ ਇਕ ਦੋ ਵਾਰ ਆਪਣੇ ਪਲਿਓਂ ਪੈਸੇ ਖਰਚ ਕਰਕੇ ਸਾਰੇ ਸਾਥੀਆਂ ਨਾਲ ਖੁਸ਼ੀ ਸਾਂਝੀ ਕਰਦੇ। ਪੰਡਿਤ ਜੀ ਕਮਿਊਨਿਸਟ ਸਦਾਚਾਰ ਦੀ ਇਕ ਜੀਂਦੀ ਜਾਗਦੀ ਮਿਸਾਲ ਸਨ। ਪੰਡਿਤ ਜੀ ਇਕ ਉਹ ਸਖਸ਼ੀਅਤ ਸੀ ਜੋ ਨਿਝਕ ਹੋ ਕੇ ਸੱਚੀ ਗੱਲ ਕਹਿੰਦੇ, ਭਾਵੇਂ ਕਿਸੇ ਨੂੰ ਚੰਗੀ ਲੱਗੇ ਜਾਂ ਬੁਰੀ। ਰੋਜ਼ਾਨਾ ਜ਼ਿੰਦਗੀ ਵਿਚ ਮਾਰਕਸਵਾਦੀ ਸਿਧਾਂਤ ਅਨੁਸਾਰ ਸਹੀ ਪੁਜੀਸ਼ਨ ਲੈਂਦੇ ਅਤੇ ਉਸ ਉੱਪਰ ਸਖ਼ਤੀ ਨਾਲ ਪਹਿਰਾ ਦਿੰਦੇ। ਪੰਡਿਤ ਜੀ ਦੇ ਸਦਾ ਖੁਸ਼ ਰਹਿਣ ਦਾ ਮੂਲ ਕਾਰਨ ਇਹ ਸੀ ਕਿ ਉਹ ਆਪਣੇ ਨਿਸ਼ਾਨੇ ਨਾਲ ਸੱਚੀ ਅਤੇ ਸੁੱਚੀ ਸੁਹਿਰਦਤਾ ਰੱਖਦੇ ਸਨ। ਆਪਣੀ ਜ਼ਿੰਦਗੀ ਵਿਚ ਪੰਡਿਤ ਜੀ ਨੇ ਨਿੱਜੀ ਹਿੱਤਾਂ ਨੂੰ ਸਦਾ ਪਾਰਟੀ ਹਿੱਤਾਂ ਤੋਂ ਕੁਰਬਾਨ ਕੀਤਾ, ਜਿਸ ਦੇ ਸਦਕਾ ਪੰਡਿਤ ਜੀ ਪਾਰਟੀ ਅੰਦਰ ਅਤੇ ਪਾਰਟੀ ਤੋਂ ਬਾਹਰ ਦੇ ਘੇਰੇ ਵਿੱਚ ਇਕ ਸਤਿਕਾਰੀ ਹੋਈ ਸਖਸ਼ੀਅਤ ਹਨ।

ਕਾਮਰੇਡ ਲਿਊ ਸਾਓ ਚੀ ਦੀ ਪੁਸਤਕ 'ਚੰਗਾ ਕਮਿਊਨਿਸਟ ਕਿਵੇਂ ਬਣੀਏ' ਭਾਵੇਂ ਮੈਂ ਕਈ ਵਾਰ ਪੜ੍ਹ ਚੁੱਕਾ ਸੀ, ਪਰ ਉਸ ਵਿਚ ਦੱਸੇ ਹੋਏ ਸਾਰੇ ਗੁਣਾਂ ਦਾ ਮਾਲਕ ਜ਼ਿੰਦਗੀ ਵਿਚ ਪਹਿਲੀ ਵਾਰ ਕਮਿਊਨਿਸਟ ਨੇਤਾ ਪੰਡਿਤ ਕਿਸ਼ੋਰੀ ਲਾਲ ਜੀ ਵੇਖਿਆ। ਉਨ੍ਹਾਂ ਦੀ ਯਾਦ ਸਦਾ ਰਹੇਗੀ ਅਤੇ ਉਨ੍ਹਾਂ ਦੀ ਜੀਵਨੀ ਸਦਾ ਪੱਥ ਪਰਦਰਸ਼ਕ ਬਣੀ ਰਹੇਗੀ।

-o-

# ਪਿਆਰੇ ਤੇ ਸਤਿਕਾਰੇ – ਪੰਡਿਤ ਕਿਸ਼ੋਰੀ ਲਾਲ ਜੀ

–ਕਾ. ਜਗਜੀਤ ਸਿੰਘ ਅਨੰਦ

ਪੰਡਤ ਜੀ ਇਕ ਮਹਾਨ ਦੇਸ਼ ਭਗਤ ਤੇ ਮਹਾਨ ਕਾਮਰੇਡ ਸਨ। ਛੋਟੀ ਉਮਰ ਵਿਚ ਇਨਕਲਾਬੀ ਲਹਿਰ ਵੱਲ ਖਿਚੇ ਜਾਣ ਤੋਂ ਲੈ ਕੇ ਆਪਣੇ ਅੰਤਮ ਸਵਾਸਾਂ ਤਕ ਉਹਨਾਂ ਆਪਣਾ ਹਰ ਸਾਹ ਮਜ਼ਦੂਰਾਂ-ਕਿਸਾਨਾਂ ਦੀ ਇਕ ਟੱਕ ਸੇਵਾ ਤੇ ਦੇਸ਼ ਵਿਚ ਇਨਕਲਾਬੀ ਵਿਚਾਰਾਂ ਦੇ ਪਸਾਰ ਦੇ ਲੇਖੇ ਲਾਇਆ। ਇਹ ਅਸਾਂ ਸਭਨਾਂ ਕਮਿਊਨਿਸਟਾਂ ਲਈ ਵੱਡੇ ਫਖਰ ਦੀ ਗੱਲ ਸੀ ਕਿ ਪੰਡਿਤ ਕਿਸ਼ੋਰੀ ਲਾਲ ਸ਼ਹੀਦਾਂ ਦੇ ਸਿਰਤਾਜ ਸਰਦਾਰ ਭਗਤ ਸਿੰਘ ਦੇ ਸਾਥੀ ਸਨ ਅਤੇ ਉਸੇ ਮੁਕੱਦਮੇ ਵਿੱਚ ਉਹਨਾਂ ਲਗਾਤਾਰ ਸੋਲਾਂ ਸਾਲ ਕੈਦ ਕੱਟੀ ਜਿਸ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸ਼ਹੀਦੀ ਦਾ ਜਾਮ ਪੀ ਗਏ। ਆਪਣੇ ਜੇਲ੍ਹ ਦੇ ਜੀਵਨ ਦੌਰਾਨ ਉਹਨਾਂ ਵੱਖੋ-ਵੱਖ ਲਹਿਰਾਂ ਦੇ ਸਬੰਧ ਵਿੱਚ ਅੰਦਰ ਜਾਣ ਵਾਲਿਆਂ ਨੂੰ ਮਾਰਕਸਵਾਦ-ਲੈਨਿਨਵਾਦ ਦੇ ਮਾਰਗ ਉੱਤੇ ਪਾਉਣ ਵਿਚ ਵੱਡਮੁੱਲਾ ਰੋਲ ਅਦਾ ਕੀਤਾ। ਵੰਡ ਤੋਂ ਪਹਿਲਾਂ ਦੇ ਹਰਸੇ ਛੀਨੇ ਦੇ ਮੋਰਚੇ ਵਿੱਚ ਜਿਹੜਾ ਕੋਈ ਵੀ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਰਿਹਾ, ਪੰਡਤ ਜੀ ਦੇ ਗੁਣ ਗਾਉਂਦਾ ਹੀ ਮੁੜਿਆ। ਰਿਹਾਈ ਤੋਂ ਪਿੱਛੋਂ, ਸਾਂਝੀ ਪਾਰਟੀ ਵੇਲੇ, ਉਹਨਾਂ ਸਾਡੇ ਜਨਰਲ ਸਕੱਤਰ, ਸਾਥੀ ਅਜੇ ਘੋਸ਼ ਨਾਲ ਉਹ ਨਿੱਘਾ ਨੇੜਲਾ ਰਿਸ਼ਤਾ ਬਣਾਈ ਰੱਖਿਆ ਜਿਸਦਾ ਮੁੱਢ ਉਸ ਯਾਦਗਾਰੀ ਲਾਹੌਰ ਸਾਜਸ਼ ਕੇਸ ਵਿਚ ਬੱਝਾ ਸੀ ਜਿਸ ਵਿੱਚ ਦੋਵੇਂ ਸ਼ਹੀਦ ਭਗਤ ਸਿੰਘ ਦੇ ਮੁਕੱਦਮੇ ਨਾਲ ਸਨ। ਪੰਡਿਤ ਜੀ ਬੜੇ ਨਿਰਮਾਣ, ਮਿਲਣ ਸਾਰ ਤੇ ਹਸਮੁੱਖ ਸੁਭਾਅ ਵਾਲੇ ਵਿਅਕਤੀ ਸਨ। ਪਾਰਟੀ ਦੀ ਵੰਡ ਤੋਂ ਪਹਿਲਾਂ ਤਾਂ ਉਹਨਾਂ ਨਾਲ ਇਕੱਠਿਆਂ ਕੰਮ ਕਰਨ ਦੇ ਕਈ ਮੌਕੇ ਮਿਲਦੇ ਰਹੇ, ਪਰ ਪਿਛਲੇ ਦੌਰ ਵਿੱਚ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਵਿੱਚ ਰਲ ਕੇ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ, ਕਮੇਟੀ ਜਿਸ ਦੇ ਉਹ ਕਾਮਰੇਡ ਸੋਹਣ ਸਿੰਘ ਜੀ ਜੋਸ਼ ਦੇ ਦੇਹਾਂਤ ਪਿਛੋਂ ਪਰਧਾਨ ਥਾਪੇ ਗਏ। ਇਸ ਦੌਰ ਵਿਚ ਪੰਡਤ ਜੀ ਨੇ ਕਮੇਟੀ ਦੇ ਕਾਰਜਾਂ ਨੂੰ ਅੱਗੇ ਤੋਰਨ ਵਿਚ ਸਾਥੀ ਭਗਤ ਸਿੰਘ ਜੀ ਬਿਲਗਾ ਦਾ ਨਿਰੰਤਰ ਸਾਥ ਦਿੱਤਾ।

ਅੱਤਵਾਦ-ਵੱਖਵਾਦ ਹੱਥੋਂ ਜਿਉਂ-ਜਿਉਂ ਦੋਵਾਂ ਪਾਰਟੀਆਂ ਦੇ ਸੂਰਮੇ ਸ਼ਹੀਦ ਹੁੰਦੇ ਗਏ, ਪੰਡਤ ਜੀ ਨਾਲ ਸਾਂਝੀਆਂ ਸਟੇਜ਼ਾਂ ਤੋਂ ਆਪਣੇ ਲੋਕਾਂ ਨੂੰ ਦੇਸ਼ ਦੀ ਏਕਤਾ ਤੇ ਇਕੱਠਾ ਰੱਖਣ ਖਾਤਰ ਰਲ ਕੇ ਸੰਘਰਸ਼ ਕਰਨ ਦਾ ਸੰਦੇਸ਼ ਦੇਣ ਦੇ ਮੌਕੇ ਵਧਦੇ ਗਏ। ਪੰਡਤ ਜੀ ਅਕਸਰ ਇਹਨਾਂ ਸਮਾਗਮਾਂ ਦੇ ਪਰਧਾਨ ਹੁੰਦੇ ਤੇ ਹਮੇਸ਼ਾ ਮੈਨੂੰ ਓਦੋਂ ਬੋਲਣ ਦਾ ਸਮਾਂ ਦੇਂਦੇ ਜਦੋਂ ਹਾਜ਼ਰੀ ਭਰਪੂਰ ਹੋਵੇ। ਆਪ ਪਾਰਟੀ ਦੇ ਵੀ ਤੇ ਜਨਤਕ ਜਥੇਬੰਦੀਆਂ ਦੇ ਵੀ ਉੱਚੇ ਅਹੁਦਿਆਂ ਉੱਤੇ ਰਹੇ। ਖਾਸ ਕਰ ਟਰੇਡ ਯੂਨੀਅਨ ਜਥੇਬੰਦੀ ਦੇ ਉਹ ਲੰਮਾ ਸਮਾਂ ਮੋਹਰੀ ਰਹੇ।

ਪੰਡਤ ਜੀ ਘੱਟ ਬੋਲਣ ਵਾਲੇ ਸਨ, ਪਰ ਪੱਕੇ ਅਸੂਲ ਪ੍ਰਸਤ ਸਨ। ਕਿਸੇ ਵੀ ਕਾਮਰੇਡ ਦੀ ਕਿਸੇ ਵੀ ਗਲਤੀ ਨੂੰ ਘਟਾ ਕੇ ਨਹੀਂ ਸਨ ਵੇਖਦੇ ਤੇ ਆਪਣੀ ਰਾਏ ਸਾਫ਼ ਦੇਂਦੇ ਸਨ- ਕਾਮਰੇਡ ਭਾਵੇਂ ਕਿੰਨਾ ਵੀ ਵੱਡਾ ਹੋਵੇ। ਭਾਵੇਂ ਉਹ ਇਕ ਲੰਮਾ, ਘਾਲਣਾਵਾਂ-ਭਰਪੂਰ ਤੇ ਸਾਰਥਕ ਜੀਵਣ ਜੀਉ ਕੇ ਗਏ ਹਨ, ਉਹਨਾਂ ਦੇ ਤੁਰ ਜਾਣ ਨਾਲ ਸਮੁੱਚੀ ਕਮਿਊਨਿਸਟ ਤੇ ਮਜ਼ਦੂਰ- ਕਿਸਾਨ ਲਹਿਰ ਨੂੰ ਜੋ ਘਾਟਾ ਪਿਆ ਹੈ ਉਹ ਸਹਿਜੇ ਕੀਤੇ ਪੂਰਾ ਨਹੀਂ ਕੀਤਾ ਜਾ ਸਕਣਾ।

–o–

# ਪੰਡਿਤ ਕਿਸ਼ੋਰੀ ਲਾਲ ਜੀ ਨੂੰ ਮੇਰਾ ਆਖਰੀ ਲਾਲ ਸਲਾਮ!

–ਓਮ ਪ੍ਰਕਾਸ਼ ਆਰਯਾ

ਸਤਿਕਾਰ ਯੋਗ ਪੰਡਤ ਜੀ ਮੇਰੇ ਪਰਮ ਮਿੱਤਰ ਸਨ। 1946-47 ਤੋਂ ਮੇਰਾ ਉਹਨਾਂ ਨਾਲ ਅਨਿਸ਼ਟ ਸਬੰਧ ਰਿਹਾ ਹੈ। ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਨਾਲ ਉਸ ਰਾਤ ਹੋਈ ਜਦੋਂ ਇਕ ਜਲਸੇ ਵਿੱਚ ਸਾਥੀ ਟੀਕਾ ਰਾਮ ਸੁਖਣ, ਠਾਕਰ ਵਰਿਆਮ ਸਿੰਘ, ਕਾਮਰੇਡ ਚੰਨਣ ਸਿੰਘ ਧੂਤ, ਕਾਮਰੇਡ ਭਾਗ ਸਿੰਘ ਸੱਜਣ, ਕਾਮਰੇਡ ਜਰਨੈਲ ਸਿੰਘ ਭੂੰਗਰਨੀ ਤੇ ਸ਼ਾਇਦ ਮਾਸਟਰ ਹਰੀ ਸਿੰਘ ਵੀ ਸੀ, ਉਸ ਰਾਤ ਗੁੰਡਿਆਂ ਨੇ ਮਕਾਨਾਂ ਤੇ ਚੜ੍ਹ ਕੇ ਜਲਸੇ ਤੋਂ ਆਉਂਦਿਆਂ ਲੋਕਾਂ ਤੇ ਇੱਟਾਂ ਪੱਥਰਾਂ ਨਾਲ ਅਤੇ ਥੱਲੇ ਬਾਜ਼ਾਰ ਵਿਚ ਲਾਠੀਆਂ ਨਾਲ ਹਮਲਾ ਕੀਤਾ। ਜਿਸ ਦੇ ਸਿੱਟੇ ਵਜੋਂ ਕਾਮਰੇਡ ਮੋਹਨ ਲਾਲ ਜਰਨਲਿਸਟ ਦੇ ਸਿਰ ਤੇ ਬੜੀ ਜ਼ਬਰਦਸਤ ਸੱਟ ਵੱਜੀ। ਉਸ ਰਾਤ ਪੰਡਤ ਕਿਸ਼ੋਰੀ ਲਾਲ ਜੀ ਨੇ ਲਾਠੀ ਲੈ ਕੇ ਜਿਸ ਬਹਾਦਰੀ ਨਾਲ ਗੁੰਡਿਆਂ ਦਾ ਮੁਕਾਬਲਾ ਕੀਤਾ, ਉਹ ਇਕ ਕਮਾਲ ਦੀ ਹੀ ਗੱਲ ਸੀ। ਮੈਂ ਉਸ ਸਮੇਂ ਉਹਨਾਂ ਤੋਂ ਇੰਨਾ ਜ਼ਿਆਦਾ ਪ੍ਰਭਾਵਿਤ ਹੋ ਗਿਆ ਸੀ ਕਿ ਉਹਨਾਂ ਦੇ ਸਦਾ ਲਈ ਨੇੜੇ ਆ ਗਿਆ। ਮੈਂ ਉਹਨਾਂ ਦੀ ਪ੍ਰੇਰਣਾ ਨਾਲ ਹੀ ਪਾਰਟੀ ਵਿੱਚ ਆਇਆ।

ਮਾਰਚ 1947 ਨੂੰ ਪਾਰਟੀ ਉਪਰ ਪਾਬੰਦੀ ਲਗ ਗਈ ਅਤੇ ਮੈਂ ਪੰਡਿਤ ਕਿਸ਼ੋਰੀ ਲਾਲ ਦੀ ਪ੍ਰੇਰਣਾ ਨਾਲ ਆਪਣੀ ਨੌਕਰੀ ਛੱਡ ਕੇ ਬਤੌਰ ਕੁਲਵਕਤੀ ਦੇ, ਅੰਡਰ ਗਰਾਊਂਡ ਪਾਰਟੀ ਵਰਕ ਕਰਨਾ ਆਰੰਭ ਕਰ ਦਿੱਤਾ। ਮੈਂ ਪੰਡਤ ਜੀ ਦੇ ਨਾਲ ਕੰਮ ਕਰਦਾ ਰਿਹਾ ਅਤੇ ਉਹਨਾਂ ਦੇ ਨਾਲ ਹੀ ਬਹਾਦਰਪੁਰ (ਹੁਸ਼ਿਆਰਪੁਰ) ਤੋਂ ਗ੍ਰਿਫਤਾਰ ਹੋਏ ਅਤੇ ਫਿਰ ਉਹਨਾਂ ਦੇ ਨਾਲ ਹੀ 6 ਮਹੀਨੇ ਜਉਲ ਕੈਂਪ ਦੀ ਜੇਲ੍ਹ ਵਿਚ ਰਹੇ। ਪੰਡਤ ਜੀ ਦੀ ਸ਼ਖ਼ਸੀਅਤ ਇਕ ਉੱਚੇ ਆਦਰਸ਼ ਅਤੇ ਬੁਲੰਦ ਕਿਰਦਾਰ ਵਾਲੀ ਸੀ। ਸਾਰੀ ਜ਼ਿੰਦਗੀ ਉਨ੍ਹਾਂ ਨੇ ਜਿੰਦਾ-ਦਿਲੀ ਨਾਲ ਬਸਰ ਕੀਤੀ। ਸਦਾ ਠਹਾਕਾ ਮਾਰ ਕੇ ਹੱਸਦੇ ਤੇ ਹਸਾਉਂਦੇ। ਪੰਡਤ ਜੀ ਦੀ ਅਗਵਾਈ ਵਿਚ ਗੋਵਾ ਮੁਕਤੀ ਵਾਲਾ ਜੱਥਾ ਗਿਆ ਤਾਂ ਗੋਲੀ ਚੱਲਣ ਸਮੇਂ ਸ. ਕਰਨੈਲ ਸਿੰਘ ਈਸੜੂ ਨੇ ਦੌੜ ਕੇ ਆ, ਪੰਡਤ ਜੀ ਵੱਲ ਆ ਰਹੀ ਗੋਲੀ ਅੱਗੇ ਆਪਣੀ ਹਿੱਕ ਡਾਹ ਦਿੱਤੀ। ਸਾਥੀ ਕਰਨੈਲ ਸਿੰਘ ਇਥੇ ਸ਼ਹੀਦ ਹੋ ਗਏ ਸਨ। ਇਸ ਤੋਂ ਪਿੱਛੋਂ ਜਿਵੇਂ ਸਭ ਨੂੰ ਪਤਾ ਹੈ ਕਿ ਰਾਜਸਥਾਨ ਨੂੰ ਜਾਂਦੇ ਸਮੇਂ ਗੰਭੀਰ ਦੁਰਘਟਨਾ ਦੇ ਸ਼ਿਕਾਰ ਹੋਣ ਦੇ ਬਾਵਜੂਦ ਉਹ ਬਚ ਗਏ। ਠੀਕ ਹੋ ਜਾਣ ਤੇ ਉਹਨਾਂ ਪਹਿਲਾਂ ਦੀ ਤਰ੍ਹਾਂ ਹੀ ਪਾਰਟੀ ਦਾ ਕੰਮ ਪੂਰੀ ਸਰਗਰਮੀ ਨਾਲ ਜਾਰੀ ਰੱਖਿਆ। ਮੈਂ ਜਦੋਂ ਵੀ ਕਦੇ ਜਲੰਧਰ ਆਉਂਦਾ ਉਨ੍ਹਾਂ ਨੂੰ ਜ਼ਰੂਰ ਮਿਲ ਕੇ ਜਾਂਦਾ।

ਕੁਝ ਸਮੇਂ ਤੋਂ ਮੈਂ ਆਪਣੇ ਜ਼ਰੂਰੀ ਰੁਝੇਵਿਆਂ ਦੇ ਕਾਰਣ ਸੂਬਾ ਦਫਤਰ ਜਲੰਧਰ ਵਿਚ ਪੰਡਤ ਜੀ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਪੰਡਤ ਜੀ ਦਾ ਸਬੰਧ ਇਕ ਚੰਗੇ ਖਾਂਦੇ ਪੀਂਦੇ ਪਰਿਵਾਰ ਨਾਲ ਸੀ। ਉਹਨਾਂ ਦੇ ਸਾਰੇ ਭਾਈ ਆਰਯਾ ਸਮਾਜੀ ਸਨ। ਪਿਤਾ ਜੀ ਵੀ ਦੇਸ਼ ਭਗਤ ਆਰਯਾ ਸਮਾਜੀ ਸਨ। ਇਹੀ ਕਾਰਣ ਸੀ ਕਿ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਲਾਹੌਰ ਡੀ.ਏ.ਵੀ. ਕਾਲਜ ਵਿਚ ਦਾਖਲ ਕਰਵਾਇਆ ਸੀ। ਉਹਨਾਂ ਦੇ ਵੱਡੇ ਭਾਈ ਭਗਤ ਸਿੰਘ ਦੇ ਸਾਥੀ ਸਨ ਤੇ ਉਹਨਾਂ ਨੇ ਹੀ ਪੰਡਤ ਜੀ ਦੀ ਜਾਣ ਪਛਾਣ ਭਗਤ ਸਿੰਘ ਨਾਲ ਕਰਵਾਈ ਸੀ। ਜਦੋਂ ਸਾਂਡਰਸ ਕਤਲ ਕੇਸ ਹੋਇਆ ਤਾਂ ਉਹਨਾਂ ਦਾ ਭਾਈ ਭਾਰਤ ਛੱਡ ਕੇ ਨੈਰੋਬੀ ਚਲਾ ਗਿਆ ਸੀ। ਛੋਟਾ

ਭਾਈ ਗੁਰੂਕੁਲ ਕਾਂਗੜੀ ਹਰਦਵਾਰ ਵਿਖੇ ਅਧਿਆਪਕ ਸਨ ਤੇ ਇਸ ਤਰ੍ਹਾਂ ਇਹ ਸਾਰਾ ਖਾਨਦਾਨ ਹੀ ਦੇਸ਼ ਭਗਤਾਂ ਦਾ ਖਾਨਦਾਨ ਸੀ। ਪੰਡਤ ਰਲਾ ਰਾਮ ਸਾਬਕਾ ਵਿਧਾਇਕ ਤੇ ਪ੍ਰਿੰਸੀਪਲ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਉਨ੍ਹਾਂ ਦੇ ਚਚੇਰੇ ਭਰਾ ਸਨ।

ਇਹ ਠੀਕ ਹੈ ਕਿ ਅੱਜ ਉਹ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀ ਸਿਰੜ ਤੇ ਸਿਦਕ ਦਿਲੀ ਸਾਨੂੰ ਪਾਰਟੀ ਅੰਦਰ ਹਮੇਸ਼ਾ ਭਾਰਤੀ ਸਮਾਜ ਦੇ ਚੰਗੇਰੇ ਭਵਿੱਖ ਦੀ ਉਸਾਰੀ ਵਿਚ ਰਾਹ ਦਿਖਾਉਂਦੀ ਤੇ ਪ੍ਰੇਰਣਾ ਦਿੰਦੀ ਰਹੇਗੀ। ਉਹ ਪਾਰਟੀ ਦੇ ਸੱਚੇ ਸੁੱਚੇ ਆਗੂ ਤੇ ਵਫਾਦਾਰ ਸਿਪਾਹੀ ਸਨ।

***

# ਇਕ ਯੋਧੇ ਦਾ ਚਲਾਣਾ

–ਕਾ. ਸੁਹੇਲ ਸਿੰਘ

ਪੰਡਿਤ ਕਿਸ਼ੋਰੀ ਲਾਲ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਉਸ ਸਮੇਂ ਕੁੱਦੇ ਜਦੋਂ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਆਪਣੀਆਂ ਸਰਗਰਮੀਆਂ ਰਾਹੀਂ ਆਜ਼ਾਦੀ ਦੀ ਲਹਿਰ ਵਿਚ ਨਵਾਂ ਉਭਾਰ ਪੈਦਾ ਕਰ ਰਖਿਆ ਸੀ।

ਪੰਡਤ ਜੀ ਨੇ ਅੰਗਰੇਜ਼ੀ ਰਾਜ ਸਮੇਂ ਅਤੇ ਫੇਰ ਪਿਛੋਂ ਕਾਂਗਰਸ ਰਾਜ ਸਮੇਂ ਜਿਹੜੀ ਕੈਦ ਕੱਟੀ ਉਸ ਦਾ ਕੁਲ ਮਿਲਾ ਕੇ ਹਿਸਾਬ ਕਤਾਬ ਲਗਭਗ 24 ਸਾਲ ਬਣਦਾ ਹੈ। ਆਪ ਨੇ ਲਗਭਗ ਤਿੰਨ ਸਾਲ ਦੇ ਕਰੀਬ ਅੰਡਰ ਗਰਾਊਂਡ ਰਹਿ ਕੇ ਕੰਮ ਕੀਤਾ।

ਜਦੋਂ ਪੰਡਿਤ ਕਿਸ਼ੋਰੀ ਲਾਲ ਜੀ ਕੈਦ ਕੱਟ ਕੇ ਜੇਲ੍ਹ ਵਿੱਚੋਂ ਨਿਕਲੇ ਤਾਂ ਉਸ ਵੇਲੇ ਦੇ ਕਾਂਗਰਸ ਦੇ ਪ੍ਰਧਾਨ ਗੋਪੀ ਚੰਦ ਭਾਰਗੋਵ ਨੇ ਲਾਹੌਰ ਬਰੈਡਲਾ ਹਾਲ ਵਿਖੇ ਉਹਨਾਂ ਨੂੰ ਅਤੇ ਦੂਜੇ ਇਨਕਲਾਬੀਆਂ ਨੂੰ ਭੋਜ ਦਿੱਤਾ। ਇਸ ਭੋਜ ਵਿਚ ਗੋਪੀ ਚੰਦ ਭਾਰਗੋਵ ਨੇ ਪੰਡਿਤ ਕਿਸ਼ੋਰੀ ਲਾਲ ਜੀ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਪਰ ਪੰਡਿਤ ਜੀ ਨੇ ਇਹ ਸੱਦਾ ਬੁਰੀ ਤਰ੍ਹਾਂ ਠੁਕਰਾ ਦਿੱਤਾ ਅਤੇ ਆਪ ਭੋਜ ਤੋਂ ਪਿੱਛੋਂ ਸਿੱਧੇ ਕਮਿਊਨਿਸਟ ਪਾਰਟੀ ਦੇ ਦਫ਼ਤਰ ਵਿਚ ਗਏ ਅਤੇ ਓਥੇ ਆਪਣੀ ਕੰਮ ਕਰਨ ਦੀ ਡਿਊਟੀ ਲਵਾਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨਗੀ ਕਾਲ ਸਮੇਂ ਜਿਥੇ ਹਾਲ ਵਿਚ ਨਵੇਂ ਵਾਧੇ ਹੋਏ ਉਥੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੇ ਸ਼ਹੀਦਾਂ ਬਾਰੇ ਬਹੁਤ ਸਾਰੀਆਂ ਕੀਮਤੀ ਲਿਖਤਾਂ ਅਤੇ ਦਸਤਾਵੇਜ਼ਾਂ ਇਕੱਠੀਆਂ ਕਰਨ ਸਬੰਧੀ ਵੀ ਢੇਰ ਉਪਰੱਲੇ ਹੋਏ। ਪੰਜਾਬ ਵਿਚਾਲੇ ਅੱਤਵਾਦੀ–ਵੱਖਵਾਦੀ ਹਾਲਾਤਾਂ 'ਤੇ ਪੰਡਤ ਕਿਸ਼ੋਰੀ ਲਾਲ ਜੀ ਡਾਢੇ ਦੁਖੀ ਸਨ। ਕਈ ਵਾਰ ਉਨ੍ਹਾਂ ਦਾ ਮਨ ਵੀ ਭਰ ਆਉਂਦਾ ਸੀ। ਆਪ ਦੇਸ਼ ਦੀ ਏਕਤਾ ਅਖੰਡਤਾ ਅਤੇ ਪੰਜਾਬੀ ਏਕਤਾ ਦੀ ਰਾਖੀ ਲਈ ਅੱਤਵਾਦੀ–ਵੱਖਵਾਦੀ ਤੱਤਾਂ ਵਿਰੁੱਧ ਚੱਲ ਰਹੇ ਸੰਗਰਾਮ ਵਿਚ ਪੂਰੀ ਤਰ੍ਹਾਂ ਖੁੱਭੇ ਹੋਏ ਸਨ। ਉਹ ਇਸ ਵਿਚਾਰਦੇ ਸਨ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਜਿਹੜਾ ਸੰਗਰਾਮ ਚੱਲ ਰਿਹਾ ਹੈ ਉਸਨੂੰ ਉਸੇ ਹੀ ਸ਼ਿੱਦਤ ਨਾਲ ਜਾਰੀ ਰੱਖਣਾ ਹੋਵੇਗਾ, ਜਿਸ ਨਾਲ ਕਿ ਆਜ਼ਾਦੀ ਦਾ ਸੰਗਰਾਮ ਲੜਿਆ ਗਿਆ ਸੀ।

***

# ਮੌਤ ਨੂੰ ਮਖੌਲਾਂ ਕਰਨ ਵਾਲਾ

–ਕਾ. ਸਾਧੂ ਸਿੰਘ

ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਦੇ ਯੁੱਧ ਸਾਥੀ, ਪੰਜਾਬ ਦੇ ਲੱਖਾਂ ਨੌਜਵਾਨਾਂ, ਵਿਦਿਆਰਥੀਆਂ, ਮਜਦੂਰਾਂ,ਕਿਸਾਨਾਂ ਦੇ ਮਹਿਬੂਬ ਆਗੂ, ਜਿਨਾਂ ਦੀਆਂ ਤਕਰੀਰਾਂ ਸੁਣਕੇ , ਜਿਨਾਂ ਦੀਆਂ ਦੇਸ਼ ਕੌਮ ਲਈ ਕੀਤੀਆਂ ਕੁਰਬਾਨੀਆਂ ਬਾਰੇ ਜਾਣਕੇ, ਉਹਨਾਂ ਨੂੰ ਹੱਕਾ, ਹਿੱਤਾਂ ਦੀ ਲੜਾਈ ,ਦੇਸ਼ ਵਿਚ ਮਜਦੂਰਾਂ ਕਿਸਾਨਾਂ ਦਾ ਰਾਜ ਲਿਆਉਣ ਲਈ ਸੰਘਰਸ਼ ਵਿੱਚ ਹੋਰ ਵਧੇਰੇ ਤੇਜੀ ਨਾਲ ਕੁਦਣ ਦੀ ਪ੍ਰੇਰਨਾ ਤੇ ਉਤਸ਼ਾਹ ਮਿਲਦਾ ਸੀ, 11 ਜੁਲਾਈ ਦੀ ਸ਼ਾਮ ਨੂੰ 6 ਵਜੇ ਤੋਂ ਕੁਝ ਮਿੰਟ ਬਾਅਦ ਸਦੀਵੀ ਵਿਛੋੜਾ ਦੇ ਗਏ।

ਮੈ ਪੰਡਿਤ ਜੀ ਹੁਰਾਂ ਦੀ ਖ਼ਬਰ ਸਾਰ ਲੈਣ ਗਿਆ ਸਾਂ ਅਤੇ ਅੱਧਾ ਕੁ ਘੰਟਾ ਉਹਨਾ ਪਾਸ ਬੈਠ ਕੇ ਸਾਡੇ ਕੁ ਪੰਜ ਵਜੇ ਵਾਪਸ ਆਇਆ ਸਾਂ।ਪੰਡਿਤ ਜੀ ਇਸ ਵੇਲੇ ਬੋਲਦੇ ਚਲਦੇ ਤਾਂ ਸਨ ਪਰ ਉਂਜ ਉਨ੍ਹਾਂ ਦੀ ਸੰਮੁਚੀ ਹਾਲਤ ਠੀਕ ਨਹੀਂ ਸੀ ਤੇ ਇਹ ਚਿੰਤਾਜਨਕ ਸੀ।ਬਿਰਧ ਅਵਸਥਾ 'ਚ ਜਦੋਂ ਕਿ ਉਹ ਸਾਹ, ਖ਼ੂਨ ਦੇ ਦਬਾ ਆਦਿ ਰੋਗਾਂ 'ਚ ਗ੍ਰਸੇ ਹੋਏ ਸਨ , ਹਾਦਸੇ ਦੀਆਂ ਸੱਟਾ ਨੇ ਉਹਨਾ ਨੂੰ ਨਿਢਾਲ ਕਰ ਦਿਤਾ ਸੀ ਭਾਵੇ ਕਿ ਆਪਣੇ ਹਮੇਸ਼ਾ ਚੜਦੀ ਕਲਾ 'ਚ ਰਹਿਣ ਦੇ ਸੁਭਾਅ ਅਨੁਸਾਰ।ਉਹ ਇਹਨਾਂ ਨੂੰ ਗੌਲ ਨਹੀਂ ਸਨ ਰਹੇ।ਉਹਨਾਂ ਦਾ ਸ੍ਰਿੜ ਤੇ ਇੱਛਾ ਸ਼ਕਤੀ ਹੀ ਕੁਝ ਇਸ ਤਰਾਂ ਦੀ ਸੀ।

ਮੌਤ ਨੂੰ ਮਖੌਲਾਂ ਕਰਨ ਵਾਲੇ ਛੋਟੀਆਂ ਮੋਟੀਆਂ ਦੁਖ ਤਕਲੀਫਾਂ ਤੋਂ ਕਦ ਡਰਦੇ ਨੇ। ਅੰਗਰੇਜ ਰਾਜ ਦੀ ਉਮਰ ਕੈਦ ਦੀ ਸਜਾ ਵਿਚ 16,17 ਸਾਲ ਲਗਾਤਾਰ ਜੇਲ੍ਹ ਕੱਟਣਾ ਅਤੇ ਸਰੀਰਕ ਤੇ ਦਿਮਾਗੀ ਤੌਰ ਤੇ ਸਾਬਤ ਸਬੂਤ ਬਾਹਰ ਆਉਣਾ ਕਿਤੇ ਛੋਟੀ ਗੱਲ ਸੀ ?

ਪੰਡਿਤ ਜੀ ਹਸਪਤਾਲ ,ਚ ਕਾਫੀ ਕਸ਼ਟ ਵਿਚ ਸਨ ਪਰ ਫਿਰ ਵੀ ਖਬਰ ਲੈਣ ਆਏ ਸਾਥੀਆਂ ਵਲ ਉਹ ਹੱਥ ਮਿਲਾਉਣ ਲਈ ਵਧਾਉਂਦੇ।ਸਾਥੀ ਪੁਛਦੇ ਪੰਡਿਤ ਜੀ ਕੀ ਹਾਲ ਹੈ ? ਪੰਡਿਤ ਜੀ ਕਹਿੰਦੇ ਠੀਕ ਹੈ, ਇੰਜ ਵੀ ਜਾਪਦਾ ਕਿ ਉਹ ਆਪਣੇ ਸੁਭਾਅ ਅਨੁਸਾਰ ਜਿਵੇਂ ਅਗੋਂ ਪੁਛਣਾ ਚਾਹੁੰਦੇ ਹੋਣ ਕਿ ਤੁਸੀ ਆਪਣਾ ਸੁਣਾਉ, ਪਰ ਭਾਰੀ ਕਸ਼ਟ 'ਚ ਉਹਨਾਂ ਤੋਂ ਏਨਾ ਬੋਲਿਆ ਨਾ ਜਾ ਰਿਹਾ ਹੋਵੇ।

ਮੈਨੂੰ ਯਾਦ ਆਇਆ , ਪਾਰਟੀ ਦਫਤਰ ਵਿਚ ਜਦ ਪੰਡਿਤ ਜੀ ਹੁਰਾਂ ਕੋਲ ਬੈਠ ਕੇ ਪੁੱਛਣਾ ਕਿ ਪੰਡਿਤ ਜੀ ਸੁਣਾਉ ਕੀ ਹਾਲ ਹੈ,ਤਾਂ ਉਹਨਾ ਝਟ ਕਹਿਣਾ ਬਸ ਚੜਦੀ ਕਲਾ ਆ ਤੁਸੀਂ ਆਪਣਾ ਸੁਣਾਉ।ਪੁੱਛਣ ਵਾਲੇ ਨੇ ਹੈਰਾਨ ਹੋਣਾ ਕਿ ਉਹਨਾਂ ਦੀ ਬਲਗਮ ਨਾਲ ਬੋਲਦੀ ਛਾਤੀ ਤਿੰਨ ਚਾਰ ਮੀਟਰ ਦੂਰੋਂ ਹੀ ਸੁਣਾਈ ਦੇ ਰਹੀ ਹੈ, ਸਾਹ ਫੁਲ ਰਿਹਾ, ਪਰ ਓਹਨਾਂ ਕਦੇ ਵੀ ਇਹ ਨਾ ਕਹਿਣਾ ਕਿ ਉਹ ਬੀਮਾਰ ਹਨ ਜਾਂ ਕਿ ਉਹਨਾ ਦਾ ਹਾਲ ਮਾੜਾ ਹੈ।

ਉਮਰ ਦੇ ਪਿਛਲੇ ਦਹਾਕੇ ਵਿਚ ਉਹਨਾਂ ਦੇ ਦੋ ਸੜਕ ਹਾਦਸੇ ਹੋ ਗਏ।ਪਹਿਲਾ(ਸੀਕਰ, ਰਾਜਸਥਾਨ ਵਾਲਾ) ਹਾਦਸਾ ਤਾਂ ਬਹੁਤ ਜਬਰਦਸਤ ਸੀ, ਪੰਡਿਤ ਜੀ ਦਾ ਜਬਾੜਾ ਟੁੱਟ ਗਿਆ ਸੀ, ਇਕ ਲੱਤ ਚੂਰ ਹੋ ਗਈ ਸੀ, ਉਹ ਲੰਮਾ ਅਰਸਾ ਦਿੱਲੀ ਦੇ ਇਕ ਹਸਪਤਾਲ ਵਿਖੇ ਰਹੇ। ਡਾਕਟਰੀ ਇਲਾਜ ਮੁੰਕਮਲ ਹੋ ਜਾਣ ਤੋ ਬਾਅਦ ਜਦੋਂ ਉਨ੍ਹਾਂ ਨੂੰ ਜੰਲਧਰ ਲਿਆਂਦਾ ਗਿਆ ਤਾਂ

ਉਹਨਾਂ ਦੀ ਹਾਲਤ ਕਿਸੇ ਤਰਾਂ ਵੀ ਤੱਸਲੀਬਖਸ਼ ਨਹੀ ਸੀ, ਪਰ ਉਹਨਾਂ ਦਾ ਆਤਮਬਲ, ਹਠ ਤੇ ਪਾਰਟੀ ਸਾਥੀਆਂ ਵਲੋਂ ਉਹਨਾਂ ਦੀ ਸੇਵਾ,ਜਿਵੇ ਕਿ ਸਾਥੀ ਧਰਮਦਾਸ, ਸੋਢੀ ਤੇ ਹੋਰ ਸਾਥੀਆਂ ਨੇ ਉਹਨੀ ਦਿਨੀ ਕੀਤੀ ਦਾ ਨਤੀਜਾ ਇਹ ਹੋਇਆ ਕਿ ਅੱਜ ਹੋਰ ਕੱਲ੍ਹ ਹੋਰ ਪੰਡਿਤ ਜੀ ਉਠਣ ਲਗ ਪਏ ਤੇ ਫਿਰ ਹੌਲੀ-ਹੌਲੀ ਚਲਣ ਫਿਰਨ ਲਗ ਪਏ। ਅਸੀਂ ਉਹਨਾਂ ਲਈ ਭੌੜੀਆਂ ਬਣਵਾ ਕੇ ਲਿਆਂਦੀਆਂ ਸਨ, ਕਿਉਂਕਿ ਜਿਵੇਂ ਉਹਨਾਂ ਦੀ ਹਾਲਤ ਸੀ, ਕਿਸੇ ਨੂੰ ਉਮੀਦ ਨਹੀ ਸੀ ਕਿ ਉਹ ਹੁਣ ਸਹਾਰੇ ਤੋਂ ਬਿਨਾਂ ਆਮ ਵਾਂਗ ਚਲ ਫਿਰ ਸਕਣਗੇ। ਪਰ ਇਹ ਭੌੜੀਆਂ ਉਹਨਾਂ ਦੇ ਕਮਰੇ ਵਿੱਚ ਹੀ ਗੁੱਠੇ ਲਗੀਆਂ ਪਈਆਂ ਰਹੀਆਂ। ਪੰਡਿਤ ਜੀ ਚੰਗੇ ਭਲੇ ਚਲਣ ਫਿਰਨ ਲਗੇ। ਅਸੀਂ ਪੰਡਿਤ ਜੀ ਹੁਰਾਂ ਨਾਲ ਹੱਸਦੇ ,ਪੰਡਿਤ ਜੀ ਭੋੜੀਆਂ ਤਾਂ ਐਵੇ ਗਈਆਂ। ਸ਼ੁਗਲ ਵਜੋਂ ਅਸੀਂ ਉਹਨਾਂ ਨੂੰ ਕੱਛਾਂ ਵਿਚ ਲੈ ਕੇ ਸੁਆਂਗ ਲਾਉਂਦੇ। ਪੰਡਿਤ ਜੀ ਕਹਿੰਦੇ ਧਰਮ ਦਾਸ ਨੂੰ ਦੇ ਛੱਡੋ ਕਿਤੇ ਡਰਾਮੇ ਵਿਚ ਕੰਮ ਆ ਜਾਣਗੀਆਂ।

ਜਰਾ ਕੁ ਉਦਾਸੀ ਹੋਣੀ ਤਾਂ ਪੰਡਿਤ ਜੀ ਹੁਰਾਂ ਕੋਲ ਜਾ ਬਹਿਣਾ। ਉਹਨਾਂ ਨਿਕੀਆਂ ਨਿਕੀਆਂ ਉਤਸ਼ਾਹੀ ਗੱਲਾਂ ਅਤੇ ਚੁਟਕਲਿਆਂ ਦਾ ਭੰਡਾਰ ਖੋਲ ਦੇਣਾ। ਉਹਨਾਂ ਆਪਣੇ ਆਪ ਤੇ ਮਖੌਲ ਕਰਨਾ। ਉਹ ਨੌਜਵਾਨਾਂ ਨਾਲ ਨੌਜਵਾਨ ਸਨ ਤੇ ਬੱਚਿਆਂ ਨਾਲ ਬੱਚੇ ਸਨ। ਬੁਢਾਪਾ ਤਾਂ ਜਿਵੇਂ ਉਹਨਾਂ ਤੋਂ ਕੋਹਾ ਦੂਰ ਸੀ। ਲਾਹੌਰ ਤੋਂ ਜਾਂ ਏਧਰੋਂ ਰੇਡਿਉ ਤੋਂ ਜੇ ਕਿਧਰੇ ਆਲਮ ਲੁਹਾਰ ਦਾ ਗੀਤ ਆ ਜਾਣਾਂ ਤਾਂ ਉਹਨਾਂ ਰੇਡਿਉ ਦੀ ਆਵਾਜ਼ ਉੱਚੀ ਕਰ ਦੇਣੀ , ਬੱਲੇ ਬੱਲੇ ਕਹਿ ਕੇ ਉਹਦੀ ਦਾਦ ਦੇਣੀ ਤੇ ਝੂਮ ਉਠਣਾ। ਪਿਆਰ ਨਾਲ ਕਿਸੇ ਪਾਰਟੀ ਸਾਥੀ ਜਾਂ ਹਮਦਰਦ ਨੇ ਉਹਨਾਂ ਨੂੰ ਕੋਈ ਚੀਜ਼ ਖਾਣ ਨੂੰ ਦੇ ਜਾਣੀ ਤਾਂ ਉਹਨਾਂ ਰੋਟੀ ਖਾਣ ਸਮੇਂ ਬਾਹਰ ਕਿਚਨ ਦੀ ਟੇਬਲ ਤੇ ਰਖ ਦੇਣੀ, ਕਹਿਣਾ ਖਾਓ ਭਈ,ਇਹ ਚੜ੍ਹਾਵਾ ਮਿਲਿਆ ਮੈਂਨੂੰ ਅੱਜ। ਇਸੇ ਤਰਾਂ ਉਹਨਾਂ ਨੇ ਮਿਲੀਆਂ ਹੋਰ ਚੀਜਾਂ ਕਪੜੇ ਬੂਟਾਂ ਆਦਿ ਬਾਰੇ ਕਰਨਾ।

ਪੰਡਤ ਜੀ ਲਗਦੀ ਵਾਹੇ ਟਿਕਕੇ ਬਹਿਣ ਵਾਲੇ ਨਹੀਂ ਸਨ। ਮੈਨੂੰ ਯਾਦ ਆਇਆ ਉਹ ਆਪਣੇ ਜਿਲੇ ਹੁਸ਼ਿਆਰਪੁਰ ਵਿਚ ਕੁਝ ਜਲਸਿਆਂ ਵਿਚ ਬੋਲਣ ਲਈ ਗਏ ਸਨ ਤਾਂ ਪਿੰਡ ਵਿਚ ਕੁੱਤੇ ਨੇ ਉਹਨਾਂ ਦੀ ਲੱਤ ਨੂੰ ਵੱਢ ਖਾਧਾ।ਖਾਸੇ ਦੰਦ ਵਜੇ ਤੇ ਚੰਗਾ ਜ਼ਖਮ ਹੋ ਗਿਆ, ਉਹਨਾਂ ਸਧਾਰਨ ਪੱਟੀ ਕਰਵਾਈ ਤੇ ਇਸ ਤੋਂ ਬਾਅਦ ਵੀ ਆਰਾਮ ਨਾਲ ਨਾ ਬੈਠੇ ਤੇ ਸਾਰੇ ਨਿਸ਼ਚਿਤ ਜਲਸਿਆਂ ਵਿਚ ਬੋਲਕੇ ਆਏ। ਨਤੀਜਾ ਇਹ ਹੋਇਆ ਕਿ ਅਡੋਲ ਆਦਿ ਪੈਣ ਨਾਲ ਉਹਨਾਂ ਦਾ ਜ਼ਖਮ ਖਾਸਾ ਖਰਾਬ ਹੋ ਗਿਆ। ਲੱਤ ਸੁਜਕੇ ਕੁਪਾ ਬਣ ਗਈ। ਜੰਲਧਰ ਪਾਰਟੀ ਦਫਤਰ ਆਏ ਤਾਂ ਦਫਤਰ ਦੇ ਸਾਥੀਆਂ ਨੂੰ ਬੜੀ ਚਿੰਤਾ ਹੋਈ। ਕਾਮਰੇਡ ਜੌਹਲ ਹੋਰੀਂ ਤਾਂ ਉਹਨਾਂ ਨੂੰ ਪਿਆਰ ਨਾਲ ਘੂਰੇ ਵੀ ਕਿ ਉਹ ਏਨਾਂ ਜ਼ਖ਼ਮ ਹੋਣ ਤੇ ਵੀ ਫਿਰਦੇ ਕਿਉਂ ਰਹੇ ਜਿਸ ਕਰਕੇ ਲੱਤ ਦੀ ਇਹ ਹਾਲਤ ਹੋ ਗਈ ਸੀ। ਉਹਨਾ ਦਾ ਬਕਾਇਦਾ ਇਲਾਜ ਕਰਵਾਇਆ ਗਿਆ ਤੇ ਉਹਨਾਂ ਨੂੰ ਤਾਕੀਦ ਕੀਤੀ ਗਈ ਕਿ ਉਹ ਹਾਜ਼ਤ ਆਦਿ ਰਫਾ ਕਰਨ ਲਈ ਕਿਤੇ ਆਪਣੇ ਆਪ ਹੀ ਉਠਕੇ ਟਾਇਲਟਾਂ ਵਲ ਨਾ ਤੁਰ ਪੈਣ। ਸੁਭਾਅ ਅਨੁਸਾਰ,ਉਹਨਾਂ ਉਤੇ ਇਤਬਾਰ ਨਾ ਕੀਤਾ ਗਿਆ ਤੇ ਦਫਤਰ ਰਹਿੰਦੇ ਸਭ ਸਾਥੀਆਂ ਨੂੰ ਜੌਹਲ ਹੁਰਾਂ ਨੇ ਤਾਕੀਦ ਕੀਤੀ ਕਿ ਇਸ ਦਾ ਵਿਸਾਹ ਨਾ ਖਾਇਉ, ਸਾਰੇ ਧਿਆਨ ਰਖਿਓ। ਤਾਂਈਏ ਖਬਰ ਹੋਈ ਜਦੋਂ ਇਕ ਸਾਥੀ ਨੇ ਵੇਖਿਆ ਕਿ ਪੰਡਤ ਜੀ ਇਕ ਲੱਤ ਤੇ ਡੱਡੂ ਵਾਂਗ ਭੁੜਕਦੇ ਟਾਇਲਟ ਵਲ ਜਾ ਰਹੇ ਸਨ। ਉਸ ਨੇ ਭਜ ਕੇ ਉਹਨਾਂ ਨੂੰ ਫੜਿਆ ਅਤੇ ਸਹਾਰਾ ਦਿਤਾ। ਜੌਹਲ ਹੁਰਾਂ ਫਿਰ ਪਿਆਰ

ਨਾਲ ਉਹਨਾਂ ਨੂੰ ਘੂਰਿਆ।

ਪੰਡਤ ਜੀ ਆਪਣੇ ਸੁਭਾਅ ਤੋਂ ਮਜਬੂਰ ਸਨ। ਜਿਸ ਰਾਹ ਤੇ ਜਦੋ ਉਹ ਤੁਰੇ ਸਨ, ਮੌਤ ਸਾਹਮਣੇ ਪਰਤੱਖ ਨਜ਼ਰ ਆਉਂਦੀ ਸੀ, ਇਸ ਤੋਂ ਵੀ ਵਧ ਕਿ ਕਾਲ ਕੋਠੜੀਆਂ ਸਨ, ਕਿਲਿਆਂ ਦੇ ਤਸੀਹੇ ਸਨ, ਕਾਲੇ ਪਾਣੀਆਂ ਦੀਆਂ ਸਜਾਵਾਂ ਸਨ ਜਲਾਵਤਨੀਆਂ ਸਨ,ਪਰ ਇਹ ਸੂਰਮੇ ਇਹਨਾਂ ਨੂੰ ਟਿਚ ਜਾਣਦੇ ਸਨ।

ਆਖਰੀ ਸੁਆਸ ਭਰਨ ਤੋ ਕੇਵਲ ਅੱਧਾ ਘੰਟਾ ਪਹਿਲਾਂ ਜਦੋਂ ਮੈਂ ਉਹਨਾ ਦੇ ਮੰਜੇ ਪਾਸ ਸਟੂਲ ਤੇ ਬੈਠਾ ਹੋਇਆ ਸੀ ਪੰਡਤ ਜੀ ਮੇਰੇ ਨਾਲ ਰੁਕ ਰੁਕਕੇ ਕੁਝ ਗੱਲਾਂ ਕਰ ਰਹੇ ਸਨ ਉਹ ਕਹਿ ਰਹੇ ਸਨ, ਉਠੀਏ, ਉਠਾਓ ਯਾਰ ਮੈਨੂੰ, ਉਠੀਏ! 4 ਦਿਨ ਤੇ 4 ਰਾਤਾਂ ਤੋ ਮਜਬੂਰਨ ਮੰਜੇ ਤੇ ਇਕੋ ਪਾਸੇ ਪਏ ਉਹ ਉਕਤਾ ਗਏ ਸਨ। ਉਹਨਾਂ ਦੀ ਇਕ ਲੱਤ ਸਟੈਂਡ ਤੇ ਕਸੀ ਹੋਈ ਸੀ। ਉਹਨਾਂ ਦਾ ਸੱਟਾਂ ਭਰਿਆ ਬਿਰਧ ਸਰੀਰ ਅਜਿਹਾ ਕਠਨ ਇਲਾਜ ਸਹਿਣ ਦੇ ਸੱਮਰਥ ਨਹੀਂ ਸੀ ਪਰ ਧੰਨ ਸਨ ਪੰਡਿਤ ਜੀ। ਉਹਨਾਂ ਦੇ ਮੂੰਹੋਂ ਇਕ ਵਾਰੀ ਵੀ ਉਫ ਜਾਂ ਹਾਏ ਨਾ ਨਿਕਲੀ,ਨਾ ਉਨ੍ਹਾਂ ਇਹੀ ਕਿਹਾ ਕਿ ਉਹ ਬੜੇ ਔਖੇ ਹਨ। ਉਸ ਵੇਲੇ ਮੇਰਾ ਜੀਅ ਕਰੇ ਕਿ ਇਸ ਮਹਾਨ ਇਨਕਲਾਬੀ ਯੋਧੇ ਦੇ ਸਾਰੇ ਬੰਧਨ ਖੋਂਲ ਦਿਆਂ। ਸਟੈਂਡ ਜਿਹਾ ਪਰਾਂ ਵਗਾਹ ਮਾਰਾਂ ਤੇ ਉਹਨਾਂ ਨੂੰ ਇਕ ਵੇਰਾ ਜਰੂਰ ਉਠਾਲਕੇ ਬਿਠਾ ਦਿਆਂ। ਪਰ ਇਹ ਡਾਕਟਰੀ ਇਲਾਜ ਸੀ। ਮੈ ਬੇਵੱਸ ਸਾਂ। ਤਿਮਾਰਦਾਰੀ ਲਈ ਉਥੇ ਹਾਜ਼ਰ ਸਾਡਾ ਇਕ ਦੂਸਰਾ ਸਾਥੀ ਵੀ ਬੇਵੱਸ ਸੀ

ਮੈਂ ਭਰੀਆਂ ਅੱਖਾਂ ਨਾਲ ਪੰਡਿਤ ਜੀ ਦਾ ਇਕ ਹੱਥ ਆਪਣੇ ਹੱਥਾਂ ਵਿਚ ਲੈਕੇ ਤੇ ਚੁੰਮ ਕੇ ਹਸਪਤਾਲੋਂ ਨਿਕਲ ਆਇਆ। ਤੇ ਅੱਧੇ ਘੰਟੇ ਬਾਅਦ ਸੁਣ ਲਿਆ ਕਿ ਪੰਡਿਤ ਜੀ ਪੂਰੇ ਹੋ ਗਏ। ਮਨ ਭਰ ਆਇਆ ਅੱਖਾਂ ਵਹਿ ਤੁਰੀਆਂ।

ਮੁੜ ਯਾਦ ਆਇਆ,ਯੋਧਾ ਕਹਿ ਰਿਹਾ ਸੀ,ਉਠੀਏ, ਮੈਨੂੰ ਉਠਾਓ' ਅਤੇ ਹੁਣ ਉਸਦੇ ਸਾਥੀ ਉਹਨਾਂ ਨੂੰ ਉਠਾਈ ਲਿਆ ਰਹੇ ਸਨ।

***

# ਸਿਰੜੀ ਕਮਿਊਨਿਸਟ ਯੋਧਾ

–ਕਾ. ਰਛਪਾਲ ਸਿੰਘ

10–7–90 ਨੂੰ ਕਾਮਰੇਡ ਮੰਗਤ ਰਾਮ ਪਾਸਲਾ ਲੁਧਿਆਣੇ ਆਏ ਦੱਸ ਗਏ ਸਨ ਕਿ ਪੰਡਿਤ ਜੀ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਹੈ। ਇੰਜ ਪੰਡਿਤ ਜੀ ਬਾਰੇ ਫਿਕਰ ਤੋਂ ਮੁਕਤ ਸਾਂ। ਪਰ ਅਚਾਨਕ ਅਸਮਾਨੀ ਬਿਜਲੀ ਡਿੱਗਣ ਵਾਂਗ ਸੋਗੀ ਖ਼ਬਰ ਕੰਨੀਂ ਪਈ। ਤੇ ਅੱਜ ਵੀ ਦਿਲ ਅੰਦਰੋਂ ਹੂਕ ਜਿਹੀ ਉੱਠ ਰਹੀ ਹੈ। ਪਛਤਾਵਾਂ ਪੱਲੇ ਰਹਿ ਗਿਆ ਹੈ ਕਿ ਵਕਤ ਕੱਢ ਕੇ ਪੰਡਿਤ ਜੀ ਨਾਲ ਆਖਰੀ ਮੇਲਾ ਵੀ ਨਹੀਂ ਕਰ ਸਕਿਆ। ਇਸ ਤੋਂ ਪਹਿਲਾਂ ਕਿਤੇ ਵੱਧ ਜ਼ਖ਼ਮਾਂ ਦਾ ਮੁਕਾਬਲਾ ਕਰਕੇ ਪੰਡਿਤ ਜੀ ਹਾਸੇ ਮਖੌਲ ਵਿਚ ਹੀ ਮੌਤ ਨੂੰ ਟਾਲ ਗਏ ਸਨ, ਪਰ ਹੁਣ...

ਲੰਮੇ ਇਨਕਲਾਬੀ ਜੀਵਨ ਸਮੇਂ ਕੱਟੀਆਂ ਲੰਮੀਆਂ ਭੁੱਖ ਹੜਤਾਲਾਂ ਅਤੇ ਹੋਰਾਂ ਕਸ਼ਟਾਂ ਨੇ ਕਈ ਨਾ–ਮੁਰਾਦ ਬੀਮਾਰੀਆਂ ਲਾ ਛੱਡੀਆਂ ਸਨ। ਜੋ ਬੁਢਾਪੇ ਵਿਚ, ਸਭ ਡਾਕਟਰੀ ਸਹੂਲਤਾਂ ਦੇ ਬਾਵਜੂਦ ਮਾਰੂ ਅਸਰ ਪਾ ਰਹੀਆਂ ਸਨ। ਦਮਾ ਤੇ ਬਲੱਡ ਪ੍ਰੈਸ਼ਰ ਪੁਰਾਣੇ ਰੋਗ ਸਨ। ਹੁਣ ਪਤਾ ਨਹੀਂ, ਪੰਡਿਤ ਜੀ ਦੀ ਮੌਤ ਜ਼ਖ਼ਮਾਂ ਕਾਰਨ ਹੋਈ ਜਾਂ ਦਮੇ ਦੇ ਦੌਰੇ ਕਾਰਨ! ਪਰ ਉਹ ਆਪਣੀ ਸਦੀਵੀ ਆਦਤ ਅਨੁਸਾਰ ਹੱਸਦੇ–ਹਸਾਉਂਦੇ ਭੁਲੇਖਾ ਜਿਹਾ ਪਾ ਕੇ ਤੁਰ ਗਏ ਹਨ।

ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਕੇ ਜੇਲ੍ਹ ਗਏ ਪੰਡਿਤ ਜੀ ਮਨੁੱਖਤਾ ਦੀ ਬੰਦ–ਖਲਾਸੀ ਦੇ ਰਾਹ ਦਸੇਰੇ ਸਾਹਿਤ ਨੂੰ ਪੜ੍ਹ ਕੇ ਮਹਾਨ ਇਨਕਲਾਬੀ ਤੇ ਸੱਚੇ ਸੁੱਚੇ ਕਮਿਊਨਿਸਟ ਬਣ ਕੇ ਬਾਹਰ ਆਏ ਅਤੇ ਜ਼ਿੰਦਗੀ ਦੇ ਆਖਰੀ ਪਲਾਂ ਤਕ ਮਾਰਕਸਵਾਦ ਲੈਨਿਨਵਾਦ ਦੇ ਦ੍ਰਿੜ ਵਿਸਵਾਸੀ ਰਹੇ। ਜਿਸ ਨੂੰ ਸਮਝਾਉਣ ਦਾ ਉਹਨਾਂ ਦਾ ਤਰੀਕਾ ਬੜਾ ਸਰਲ ਤੇ ਸਪੱਸ਼ਟ ਹੁੰਦਾ ਸੀ। ਇਸੇ ਕਾਰਨ ਹੀ ਉਹ ਆਮ ਪਾਰਟੀ ਮੈਂਬਰਾਂ ਅਤੇ ਖਾਸ ਕਰਕੇ ਨੌਜਵਾਨਾਂ ਦੇ ਮਹਿਬੂਬ ਆਗੂ ਸਨ।

ਭਾਵੇਂ ਪੰਡਿਤ ਜੀ ਦੇ ਮਿੱਤਰ ਸਿਰੇ ਦੇ ਸੋਧਵਾਦੀਆਂ ਅਤੇ ਮਾਰਕੇਬਾਜ਼ਾਂ ਵਿਚ ਆਮ ਸਨ, ਪਰ ਪੰਡਿਤ ਜੀ ਨੇ ਦੋਹਾਂ ਕੁਰਾਹਿਆਂ ਵਿਰੁੱਧ ਜੂਝਣ ਵਿਚ ਰਤੀ ਵੀ ਕਸਰ ਬਾਕੀ ਨਹੀਂ ਸੀ ਛੱਡੀ। ਉਹਨਾਂ ਨੇ ਸੋਧਵਾਦੀਆਂ ਨੂੰ ਪੰਜਾਬ ਦੀ ਅਖੌਤੀ ਸਪੈਸ਼ਲ ਕਾਂਗਰਸ ਵਿਚ ਲਲਕਾਰਿਆ ਅਤੇ ਥੋੜ੍ਹੇ ਦਿਨਾਂ ਬਾਅਦ ਹੀ ਜੇਲ੍ਹ ਭੇਜ ਦਿੱਤੇ ਗਏ।

ਪੰਡਿਤ ਜੀ ਨੇ ਕ੍ਰਾਂਤੀਕਾਰੀ ਲਹਿਰ ਵਿਚ ਨੌਜਵਾਨ ਭਾਰਤ ਸਭਾ ਰਾਹੀਂ ਪ੍ਰਵੇਸ਼ ਕੀਤਾ ਸੀ। ਜਿਸ ਦੀ ਦਾਅਪੇਚਕ ਲਾਈਨ ਯਰਕਾਊ ਤਰੀਕਿਆਂ ਨਾਲ ਜ਼ਾਲਮ ਅਫਸਰਾਂ ਦਾ ਸਫਾਇਆ ਕਰਕੇ ਸੁੱਤੀ ਹੋਈ ਭਾਰਤੀ ਕੌਮ ਨੂੰ ਜਗਾਉਣਾ ਸੀ। ਪਰ ਸਾਂਡਰਸ ਦੇ ਕਤਲ ਪਿਛੋਂ ਲਾਏ ਇਸ਼ਤਿਹਾਰ ਅਤੇ ਕੇਸ ਦੇ ਸਬੰਧ 'ਚ ਦਿੱਤੇ ਬਿਆਨਾਂ ਤੋਂ ਸਾਫ਼ ਹੈ ਕਿ ਸ. ਭਗਤ ਸਿੰਘ ਅਤੇ ਉਸ ਦੇ ਬਹੁਤ ਸਾਰੇ ਸਾਥੀ ਅਕਤੂਬਰ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਕਮਿਊਨਿਸਟ ਵਿਚਾਰਧਾਰਾ ਵਲ ਖਿੱਚੇ ਗਏ ਅਤੇ ਰਿਹਾਈ ਉਪਰੰਤ ਸਖਸ਼ੀ ਪ੍ਰਭਾਵ ਅਤੇ ਕੁਰਬਾਨੀਆਂ ਸਦਕਾ ਪਾਰਟੀ ਦਾ ਮੂੰਹ ਮਹਾਂਦਰਾ ਘੜਨ 'ਚ ਸਹਾਈ ਸਿੱਧ ਹੋਏ। ਇਹੋ ਰੋਲ ਪੰਡਿਤ ਜੀ ਹੁਰਾਂ ਅਦਾ ਕੀਤਾ। ਅੱਜ ਉਨ੍ਹਾਂ ਦੇ ਸਦੀਵੀ ਵਿਛੋੜੇ ਨੇ ਮਨੁੱਖਤਾ ਲਈ ਜੂਝਣ ਵਾਲਿਆਂ ਨੂੰ ਇਕ ਚਾਨਣ ਮੁਨਾਰੇ ਤੋਂ ਵਾਂਝਿਆ ਕਰ ਦਿੱਤਾ ਹੈ।

ਪੰਡਿਤ ਜੀ ਦੇ ਜੀਵਨ ਦਾ ਹਰ ਪੱਖ ਅਸਚਰਜ ਪ੍ਰਤੀਤ ਹੁੰਦਾ ਹੈ। ਖੁੱਲ੍ਹੀ ਜ਼ਿੰਦਗੀ ਵਿਚ

ਬਤੌਰ ਲੀਡਰ ਵਿਚਰਨਾ, ਹਰ ਵਿਅਕਤੀ ਦੀਆਂ ਖ਼ੂਬੀਆਂ ਦਾ ਖੁੱਲ੍ਹਾ ਇਜ਼ਹਾਰ ਹੋਣਾ ਹੀ ਸਧਾਰਨ ਵਿਅਕਤੀ ਵੇਖ ਸਕਦਾ ਹੈ, ਪਰ ਨਿੱਜ ਨੂੰ ਡੂੰਘਿਆਈ ਨਾਲ ਵੇਖਣਾ ਹੋਵੇ ਤਾਂ ਜੇਲ੍ਹ ਜੀਵਨ ਵਿਚ ਪੂਰੀ ਝਲਕੀ ਮਿਲ ਜਾਂਦੀ ਹੈ। ਆਮ ਲੋਕਾਂ ਨਾਲੋਂ ਅਲੱਗ-ਥਲੱਗ ਰਹਿਣਾ ਇਨਸਾਨੀ ਲੋੜਾਂ ਦੀ ਥੁੜ ਅਤੇ ਚਾਰਦੀਵਾਰੀ ਆਮ ਬੰਦਿਆਂ ਨੂੰ ਝਗੜਾਲੂ ਅਤੇ ਮਾਨਸਿਕ ਰੋਗੀ ਬਣਾ ਦਿੰਦੀ ਹੈ। ਪਰ ਪੰਡਿਤ ਜੀ ਨੇ ਬਹੁਤ ਲੰਮੀ ਜੇਲ੍ਹ (ਸ਼ਾਇਦ ਹੀ ਏਨੀ ਜੇਲ੍ਹ ਕਿਸੇ ਹੋਰ ਦੀ ਹੋਵੇ) ਕੱਟ ਕੇ ਵੀ ਮੱਥੇ ਵੱਟ ਨਹੀਂ ਸੀ ਪੈਣ ਦਿੱਤਾ।

ਮੈਨੂੰ ਉਹਨਾਂ ਨਾਲ ਜੇਲ੍ਹ ਕੱਟਣ ਦਾ ਡੇਢ ਕੁ ਸਾਲ ਮੌਕਾ ਮਿਲਿਆ ਹੈ। ਅਸੀਂ ਉਹਨਾਂ ਸਾਹਮਣੇ ਬੱਚੇ ਸਾਂ। ਉਹਨਾਂ ਜ਼ੁੰਮੇਵਾਰ ਬਾਪ ਵਾਂਗ ਕਦੇ ਵੀ ਢਹਿੰਦੀ ਕਲਾ ਦੀ ਗੱਲ ਨਹੀਂ ਸੀ ਕੀਤੀ। ਅੱਜ 24 ਸਾਲ ਬਾਅਦ ਵੀ ਪੰਡਿਤ ਜੀ ਦਾ ਹਾਸਾ-ਮਖ਼ੌਲ ਤੇ ਖੇੜਾ ਲਿਆਉਣ ਵਾਲੇ ਸ਼ਬਦ ਤੇ ਵਤੀਰਾ, ਜਥੇਦਾਰ ਭੱਲਲ ਦੇ ਹਾਕਮਾਂ ਨੂੰ ਸਿੱਧੇ ਲਲਕਾਰੇ ਅਤੇ ਡਾਕਟਰ ਭਾਗ ਸਿੰਘ ਦੀ ਸੰਜੀਦਗੀ ਦਿਲ ਨੂੰ ਟੁੰਬ ਜਾਂਦੀ ਹੈ। ਕਿੰਨੀਆਂ ਮਹਾਨ ਸਖਸ਼ੀਅਤਾਂ ਸਨ! ਪਰ ਸਦਾ ਲਈ ਵਿਛੜ ਗਈਆਂ ਹਨ। ਪੰਡਿਤ ਜੀ ਸਭ ਤੋਂ ਨਿਰਾਲੇ ਸਨ ਤੇ ਨਵੇਂ ਜੇਲ੍ਹ ਯਾਤਰੀ ਲਈ ਚਾਨਣ ਮੁਨਾਰਾ ਤੇ ਮਹਾਨ ਪ੍ਰੇਰਣਾ ਸਰੋਤ।

ਭਾਵੇਂ ਪੰਡਿਤ ਜੀ ਸਦਾ ਲਈ ਵਿਛੜ ਗਏ ਹਨ, ਪਰ ਉਹਨਾਂ ਦੀ ਦੇਸ਼ ਸੇਵਾ, ਮਨੁੱਖਤਾ ਲਈ ਘਾਲੀਆਂ ਘਾਲਾਂ, ਪੰਜਾਬ ਤਾਂ ਕੀ ਭਾਰਤ ਭਰ ਦੇ ਲੋਕਾਂ ਲਈ ਪ੍ਰੱਥ ਪਰਦਸ਼ਕ ਬਣੀਆਂ ਰਹਿਣਗੀਆਂ। ਪੰਡਿਤ ਜੀ ਪਾਰਟੀ ਦੀ ਰਾਜ ਕਮੇਟੀ ਦੇ ਸਕੱਤਰੇਤ ਤੇ ਸੂਬਾ ਕਮੇਟੀ ਮੈਂਬਰ, ਪਾਰਟੀ ਕੰਟਰੋਲ ਕਮਿਸ਼ਨ ਦੇ ਮੈਂਬਰ ਰਹੇ। ਸੀਟੂ ਦੀ ਉਸਾਰੀ ਲਈ ਉੱਘਾ ਰੋਲ ਅਦਾ ਕੀਤਾ, ਸਾਲਾਂਬੱਧੀ ਸੀਟੂ ਦੇ ਸੂਬਾਈ ਪ੍ਰਧਾਨ ਰਹੇ। ਇਸ ਤੋਂ ਬਿਨਾਂ ਉਹ ਹੋਰ ਵੀ ਕਈ ਕੁਝ ਸਨ। ਕਿਤੋਂ ਚਾਰ ਨੌਜਵਾਨ ਆ ਕੇ ਕਹਿਣ 'ਪੰਡਿਤ ਜੀ ਨੌਜਵਾਨਾਂ ਦੀ ਮੀਟਿੰਗ ਹੈ' ਪੰਡਿਤ ਜੀ ਹਰ ਪਲ ਤਿਆਰ-ਬਰ-ਤਿਆਰ ਰਹਿੰਦੇ ਸਨ। ਕਿੰਨੇ ਵੀ ਥੱਕੇ ਹੋਣ, ਬੀਮਾਰ ਹੋਣ ਮਹਿਸੂਸ ਨਹੀਂ ਹੋਣ ਦੇਣਾ ਅਤੇ ਉੱਠ ਕੇ ਤੁਰ ਪੈਣਾ ਤੇ ਮੀਲਾਂਬੱਧੀ ਤੁਰੀ ਜਾਣਾ, ਪਰ ਚਿਹਰੇ ਤੇ ਮਲਾਲ ਨਾ ਲਿਆਉਣਾ ਉਹਨਾਂ ਦੇ ਵੱਡੇ ਗੁਣ ਸਨ।

ਇਕ ਵੇਰਾਂ ਦੀ ਗੱਲ ਹੈ, ਮੈਂ ਪੰਡਿਤ ਜੀ ਨੂੰ ਦਫ਼ਤਰ ਤੋਂ ਪੰਜ-ਛੇ ਕਾਨਫਰੰਸਾਂ ਦੀ ਗੱਲ ਕਰਕੇ ਸੂਬਾਈ ਸਕੱਤਰ ਕਾਮਰੇਡ ਸਤਵੰਤ ਸਿੰਘ ਹੁਰਾਂ ਤੋਂ ਚੋਰੀ ਲੈ ਗਿਆ। ਕਾਮਰੇਡ ਸਤਵੰਤ, ਪੰਡਿਤ ਜੀ ਨੂੰ ਸਿਹਤ ਕਾਰਨ ਦੋ ਤਿੰਨ ਦਿਨਾਂ ਤੋਂ ਵਧ ਬਾਹਰ ਨਹੀਂ ਸੀ ਜਾਣ ਦਿੰਦੇ। ਪੰਡਿਤ ਜੀ ਦੋ ਕਾਨਫਰੰਸਾਂ ਤੋਂ ਬਾਅਦ ਹੀ ਬਿਮਾਰ ਹੋ ਗਏ। ਮੈਂ ਬੜਾ ਘਬਰਾਇਆ ਕਿ ਮੇਰਾ ਸਤਵੰਤ ਜੀ ਨੇ ਖਹਿੜਾ ਨਹੀਂ ਛੱਡਣਾ। ਮੈਂ ਇਸ ਦਾ ਜ਼ਿਕਰ ਪੰਡਿਤ ਜੀ ਕੋਲ ਵੀ ਕਰ ਬੈਠਾ। ਪੰਡਿਤ ਜੀ ਸੁਭਾਅ ਮੁਤਾਬਿਕ ਹੱਸ ਕੇ ਕਹਿਣ ਲੱਗ... 'ਜਦੋਂ ਦਫਤਰ ਵਿਚ ਬੀਮਾਰ ਹੋ ਜਾਂਦਾ, ਉਦੋਂ ਕਿਹੜਾ ਸਤਵੰਤ ਬੀਮਾਰੀ ਰੋਕ ਲੈਂਦਾ। ਐਵੇਂ ਨਾ ਫਿਕਰ ਕਰ ਤੂੰ।' ਖੈਰ ਪੰਡਿਤ ਜੀ ਠੀਕ ਹੋ ਗਏ। ਪਰ ਸਤਵੰਤ ਜੀ ਨੇ ਮੇਰਾ ਖਹਿੜਾ ਨਾ ਛਡਿਆ। ਮੈਂ ਫਿਰ ਜਦੋਂ ਵੀ ਕਾਨਫਰੰਸ ਲਈ ਪੰਡਿਤ ਜੀ ਨੂੰ ਕਹਿਣਾ ਤਾਂ ਸਤਵੰਤ ਹੋਰਾਂ ਉੱਚੀ ਸਾਰੀ ਆਖਣਾ 'ਉਏ ਪੰਡਤਾ! ਇਹਦੇ ਨਾਲ ਨਾ ਜਾਈਂ, ਬੀਮਾਰ ਕਰਕੇ ਦਫਤਰ ਭੇਜ ਦਊਂਗਾ।' ਪਰ ਪੰਡਿਤ ਜੀ ਨੇ ਝੋਲਾ ਚੁੱਕਣਾ 'ਤੇ ਹੱਸਦਿਆਂ ਨਾਲ ਹੋ ਤੁਰਨਾ।

ਕਿੰਨਾ ਖੁੱਲ੍ਹਾ ਡੁੱਲ੍ਹਾ ਸੁਭਾਅ ਸੀ। ਪੰਡਿਤ ਜੀ ਦਾ! ਸਾਥੀਆਂ ਦੀ ਚਿੰਤਾ, ਉਹਨਾਂ ਲਈ

ਜਾਨ ਵਾਰਨ ਤਕ ਜਾਣਾ। ਤੇ ਅੱਜ ਉਹ ਸੂਰਮਾ ਚਲਾ ਗਿਆ ਹੈ। ਉਸ ਦੀਆਂ ਯਾਦਾਂ ਮਨਾਂ ਵਿਚ ਹਮੇਸ਼ਾਂ ਉਕਰੀਆਂ ਰਹਿਣਗੀਆਂ।

ਸੀਕਰ ਤੋਂ ਆਉਂਦਿਆਂ ਐਕਸੀਡੈਂਟ ਹੋ ਗਿਆ। ਪੰਡਿਤ ਜੀ ਦਿੱਲੀ ਹਸਪਤਾਲ ਵਿਚ ਮੌਤ ਨਾਲ ਜੂਝ ਰਹੇ ਸਨ। ਮੈਂ ਮਿਲਣ ਚਲਾ ਗਿਆ। ਪੰਡਿਤ ਜੀ ਮੂੰਹ ਵਿਚੋਂ ਨਾਲੀ ਕੱਢ ਕੇ ਕਹਿਣ ਲੱਗੇ 'ਸੱਜਣ ਦਾ ਕੀ ਹਾਲ ਏ ?' ਧਰਮ ਦਾਸ ਦੁਹਾਈ ਪਾ ਰਿਹਾ ਸੀ। 'ਪੰਡਿਤ ਜੀ ਬੋਲਣਾ ਨਹੀਂ ਡਾਕਟਰ ਕਹਿ ਗਿਆ ਬਲਾਓ ਘੱਟ, ਤੁਸੀਂ ਹੋ ਕਿ ਪ੍ਰਵਾਹ ਨੀ ਕਰਦੇ।' ਅਜਿਹੇ ਸਨ ਪੰਡਿਤ ਜੀ। ਹਰ ਵੇਲੇ ਮੌਤ ਨੂੰ ਮਖੌਲਾਂ ਕਰਦੇ ਕਰਦੇ ਹੀ 75 ਸਾਲਾਂ ਦੀ ਉਮਰ ਕੱਟਣ ਵਾਲੇ ਮਹਾਨ ਇਨਕਲਾਬੀ। ਅੱਜ ਪੰਡਿਤ ਜੀ ਸਦਾ ਲਈ ਤੁਰ ਗਏ ਹਨ। ਪਰ ਸੰਘਰਸ਼ੀ ਜੀਵਨ ਦੀਆਂ ਪੈੜਾਂ ਛੱਡ ਗਏ ਹਨ। ਅਸੀਂ ਉਨ੍ਹਾਂ ਦੇ ਵਾਰਸ ਹਾਂ। ਉਨ੍ਹਾਂ ਪੈੜਾਂ ਤੇ ਚੱਲਦੇ ਰਹਾਂਗੇ ਤਾਂ ਕਿ ਉਨ੍ਹਾਂ ਦੀਆਂ ਘਾਲਣਾਵਾਂ ਨੂੰ ਫਲ ਲੱਗ ਸਕਣ। ਪਾਰਟੀ ਵਧੇ ਫੁੱਲੇ ਅਤੇ ਲੋਕ ਜਮਹੂਰੀ ਇਨਕਲਾਬ ਦੀ ਮੰਜ਼ਿਲ ਹੋਰ ਨਜਦੀਕ ਆ ਸਕੇ।

***

# ਇਨਕਲਾਬੀ ਜਜ਼ਬੇ ਅਤੇ ਕੁਰਬਾਨੀ ਦਾ ਪ੍ਰੇਰਨਾ ਸ੍ਰੋਤ ਸ਼ਹੀਦ ਭਗਤ ਸਿੰਘ ਦਾ ਸਾਥੀ ਪੰਡਿਤ ਕਿਸ਼ੋਰੀ ਲਾਲ

-ਪ੍ਰੋ. ਸੁਰਿੰਦਰ ਮੰਡ, ਤਲਵਾੜਾ

ਮੈ ਸਾਹਮਣੇ ਤੁਰੇ ਫਿਰਦੇ ਇਨਸਾਨਾ ਵਿੱਚੋਂ ਜਿੰਨਾ ਨੂੰ ਦਿਲੀਂ ਪਿਆਰ ਕੀਤਾ, ਬੜਾ ਸਤਿਕਾਰ ਦਿਤਾ, ਸ਼ਰਧਾਲੂਆਂ ਵਾਂਗ, ਉਹਨਾਂ ਵਿੱਚ ਸਭ ਤੋਂ ਉਪਰਲਾ ਹੈ ਪੰਡਿਤ ਕਿਸ਼ੋਰੀ ਲਾਲ। ਉਸਨੂੰ ਇਕ ਨਜ਼ਰ ਭਰਕੇ ਵੇਖਿਆਂ ਜਿਹੋ ਜਿਹਾ ਆਦਰ ਮਾਣਯੋਗ ਅਹਿਸਾਸ ਹੁੰਦਾ ਸੀ ਤੇ ਰੂਹ ਅੰਦਰੋਂ ਇਨਕਲਾਬੀ ਕੰਬਣੀ ਖਾਂਦੀ ਸੀ , ਉਹ ਆਪਣੀ ਮਿਸਾਲ ਆਪ ਹੀ ਸੀ।

ਹਾਂ, ਉਹ ਸ਼ਹੀਦ ਭਗਤ ਸਿੰਘ ਦਾ ਸਾਥੀ ਸੀ। ਉਹਦੇ ਨਾਲ ਰਿਹਾ। ਉਹਦੇ ਨਾਲ ਇਨਕਲਾਬੀ ਲਹਿਰ ਵਿਚ ਉਸੇ ਅੰਦਾਜ ਵਿੱਚ ਜੂਝਿਆ। ਭਗਤ ਸਿੰਘ ਦੇ ਨਾਲ ਹੀ ਲਾਹੌਰ ਵਿਚ ਉਹਦੀ ਇਨਕਲਾਬੀ ਜਥੇਬੰਦੀ ਨੌਜਵਾਨ ਭਾਰਤ ਸਭਾ ਵਿੱਚ ਕੰਮ ਕਰਨ ਵਾਲਾ ਮੋਹਰੀ। ਜਿਹੜਾ ਲਹਿਰ ਵਿੱਚ ਵੱਡੀਆਂ ਜਿਮੇਵਾਰੀਆਂ ਲੈਂਦਾ ਰਿਹਾ ਤੇ ਨਿਭਾਉਂਦਾ ਰਿਹਾ। ਭਗਤ ਸਿੰਘ ਨਾਲ ਅਹਿਮ ਫੈਸਲੇ ਲੈਣ ਲਈ ਹੋਈਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦਾ। ਸਾਰੇ ਸਾਥੀਆਂ ਦਾ ਬਹੁਤ ਹੀ ਭਰੋਸੇਮੰਦ,ਦਲੇਰ, ਸਿਆਣਾ, ਵੱਡਾ ਪਰ ਸਭ ਤੋਂ ਛੋਟੀ ਉਮਰ ਦਾ ਨੌਜਵਾਨ ਪੰਡਿਤ ਕਿਸ਼ੋਰੀ ਲਾਲ ਜਿਸਨੂੰ ਸਤਿਕਾਰ ਤੇ ਮੋਹ ਨਾਲ ਸਾਰੇ ਪੰਡਿਤ ਜੀ ਦੇ ਨਾਮ ਨਾਲ ਬੁਲਾਉਂਦੇ ਸਨ।

ਪੰਡਿਤ ਕਿਸ਼ੋਰੀ ਲਾਲ ਲਾਹੌਰੋਂ ਗ੍ਰਿਫਤਾਰ ਹੋਇਆ। ਭਗਤ ਸਿੰਘ ਅਤੇ ਉਸਦੇ ਸਾਥੀਆਂ ਉੱਤੇ ਚੱਲੇ "ਲਾਹੌਰ ਸਾਜਿਸ਼ ਕੇਸ" ਵਿੱਚ ਉਸਨੂੰ ਬਰਾਬਰ ਦਾ ਮੁਲਜਮ ਬਣਾਇਆ ਅੰਗਰੇਜ ਸਰਕਾਰ ਨੇ, ਉਸਨੂੰ ਛੋਟੀ ਉਮਰ ਕਰਕੇ ਫਾਂਸੀ ਦੀ ਸਜਾ ਦੀ ਥਾਂ ਉਮਰ ਕੈਦ ਹੋਈ । ਜੇਲ੍ਹ ਵਿਚ ਉਸਨੇ ਉਸ ਮਸ਼ਹੂਰ ਭੁੱਖ ਹੜਤਾਲ ਵਿੱਚ ਹਿਸਾ ਲਿਆ ਜਿਹੜੀ ਦੋ ਮਹੀਨੇ ਤੋਂ ਵੱਧ ਚੱਲੀ ਅਤੇ ਜਿਸ ਵਿੱਚ ਸ਼ਹੀਦੀਆਂ ਵੀ ਹੋਈਆਂ ਸਨ। ਪਰ ਪੰਡਿਤ ਜੀ ਨੇ ਭੁੱਖ ਹੜਤਾਲ ਜਬਰੀ ਤੁੜਵਾਉਣ ਦੇ ਜੇਲ੍ਹ ਅਧਿਕਾਰੀਆਂ ਦੇ ਸਾਰੇ ਯਤਨ ਨਾਕਾਮ ਕਰ ਦਿੱਤੇ ਸਨ। ਪੰਡਿਤ ਕਿਸ਼ੋਰੀ ਲਾਲ 1929 ਤੋਂ 1946 ਤਕ ਅੰਗਰੇਜ ਦੀਆਂ ਜੇਲ੍ਹਾਂ ਵਿੱਚ ਕੈਦ ਰਿਹਾ। ਲਾਹੌਰ ,ਬੋਸਟਲ ਜੇਲ੍ਹ , ਮੁਲਤਾਨ, ਨਵਾਂ ਮੁਲਤਾਨ ,ਮਿੰਟਗੁਮਰੀ ਜੇਲ੍ਹਾ 'ਚ ਅਤੇ ਮੁਲਕ ਅਜ਼ਾਦ ਹੋਣ ਤੋਂ ਬਾਅਦ ਵੀ ਕੋਈ ਨੌਂ ਸਾਲ ਜੇਲ੍ਹ ਅਤੇ ਅੰਡਰ ਗਰਾਊਂਡ ਰਹਿਣ ਦੇ ਕਸ਼ਟ ਝੱਲੇ ਪੰਡਿਤ ਕਿਸ਼ੋਰੀ ਲਾਲ ਨੇ। ਕੁੱਲ ਮਿਲਾ ਕੇ ਉਹਨਾ ਆਪਣੀ ਜਿੰਦਗੀ ਦੇ 27 ਸਾਲ ਤੋਂ ਵੀ ਵੱਧ ਜੇਲ੍ਹ ਅਤੇ ਅੰਡਰਗਰਾਊਂਡ ਰਹਿੰਦਿਆਂ ਗੁਜਾਰੇ। ਆਪਣੀ ਸਾਰੀ ਜਿੰਦਗੀ (1990ਤੱਕ) ਸਮਾਜਵਾਦੀ ਇਨਕਲਾਬ ਲਈ ਸੰਘਰਸ਼ ਦੇ ਲੇਖੇ ਲਾ ਦਿੱਤੀ।

ਪੰਡਿਤ ਜੀ ਆਖਦੇ ਸਨ ਕਿ "ਭਗਤ ਸਿੰਘ ਤੇ ਅਸੀਂ ਸਾਰੇ ਅੰਗਰੇਜਾਂ ਦੇ ਜਾਣ ਬਾਅਦ ਐਸਾ ਰਾਜ ਚਹੁੰਦੇ ਸਾਂ ਜੋ ਸਮਾਜ ਵਿਚੋਂ ਗਰੀਬੀ ਤੇ ਹਰ ਤਰਾਂ ਦੀ ਨਾਬਰਾਬਰੀ ਨੂੰ ਖਤਮ ਕਰੇ"

ਮੈਂ 1976 ਵਿੱਚ ਪੰਡਿਤ ਕਿਸ਼ੋਰੀ ਲਾਲ ਨੂੰ ਪਹਿਲੀ ਵਾਰ ਵੇਖਿਆ ਸੀ, ਸਟੂਡੈਂਟਸ ਫੈਡਰੈਸ਼ਨ ਆਫ਼ ਇੰਡੀਆ ਦੇ ਡੈਲੀਗੇਟ ਅਜਲਾਸ ਵਿੱਚ। ਛੋਟਾ ਕੱਦ, ਗੋਰਾ ਰੰਗ , ਚੁਸਤ ਦਿੱਖ ,ਅਵਾਜ਼ ਵਿੱਚ ਇਨਕਲਾਬੀ ਗੜ੍ਹਕਾ, ਚਿਹਰੇ ਉਥੇ ਰੱਜੀ ਰੂਹ ਵਾਲੇ ਇਨਸਾਨਾ ਵਰਗਾ ਤੇਜੱਸਵੀ ਜਲ-ਜਲੌ । ਉਸਦੇ ਅਜਿਹੇ ਬੋਲਾਂ ਨੇ ਨੌਜਵਾਨਾ ਨੂੰ ਹਲੂਣ ਸੁੱਟਿਆ,

"ਭਗਤ ਸਿੰਘ ਹੋਰਾ ਇਸ ਲਈ ਫਾਂਸੀਆਂ ਦੇ ਰੱਸੇ ਨਹੀ ਸੀ ਚੁੰਮੇ ਕਿ ਅੰਗਰੇਜਾਂ ਤੋਂ ਬਾਅਦ ਏਥੇ ਅਮੀਰ ਲੋਕ ਕਾਬਜ ਹੋ ਜਾਣ ਤੇ ਕਿਸਾਨ ਮਜਦੂਰਾਂ ਨੂੰ ਲੁਟਿਆ ਜਾਵੇ। ਨੌਜਵਾਨੋ, ਅਸੀਂ ਅੰਗਰੇਜਾਂ ਤੋ ਅਜ਼ਾਦੀ ਲਈ ਲੜੇ ਸਾਂ ਅੱਜ ਤੁਹਾਨੂੰ ਗਰੀਬੀ ਤੇ ਨਾਬਰਾਬਰੀ ਤੋਂ ਮੁਕਤੀ ਲਈ ਅਗਲੀ ਇਨਕਲਾਬੀ ਤਬਦੀਲੀ ਲਿਆਉਣ ਲਈ ਮੈਦਾਨ ਵਿੱਚ ਆਉਣਾ ਚਾਹੀਦਾ ਹੈ।"

ਪੰਡਿਤ ਜੀ ਕੁਰਬਾਨੀ ਦੇ ਪੁੰਜ ਅਤੇ ਨਿਰੰਤਰ ਸੰਘਰਸ਼ ਦੀ ਮੂਰਤੀ ਤਾਂ ਸਨ ਹੀ ਪਰ ਉਹਨਾਂ ਦੇ ਪ੍ਰੇਰਨਾ ਦਾ ਸ੍ਰੋਤ ਹੋਣ ਦਾ ਇਕ ਬਹੁਤ ਵੱਡਾ ਕਾਰਨ ਉਹਨਾ ਦੀ ਸ਼ਖ਼ਸੀਅਤ ਅਤੇ ਸੁਭਾਅ ਸੀ। ਉਹ ਆਪਣੇ ਕਰੀਬ ਰਹਿਣ ਵਾਲਿਆਂ ਲਈ ਵੀ ਮਾਰਗ ਦਰਸ਼ਕ ਸਨ। ਸਾਧੂ ਬਿਰਤੀ ਸੀ... ਕੋਈ ਲਾਲਸਾ ਨਹੀਂ। ਉਹ ਸਭ ਅਹੁਦਿਆਂ ਤੋਂ ਵੱਡੇ ਇਨਸਾਨ ਸਨ। ਮਿੱਠ ਬੋਲੜੇ, ਧੀਮੀ ਅਵਾਜ ਤੇ ਢੁਕਵੀਂ ਸੁਰ ਵਿਚ ਤਰਕ ਨਾਲ ਗੱਲ ਕਰਕੇ ਦੂਜੇ ਨੂੰ ਮੋਹ ਲੈਣ ਵਾਲੇ। ਉਹ ਹੱਸਾਸ ਸੁਭਾਅ ਦੇ ਤਾਂ ਏਨੇ ਸਨ ਕਿ ਜਿੱਥੇ ਵੀ ਬੈਠੇ ਹੁੰਦੇ ਬੜਾ ਖੁਸ਼ਗਵਾਰ ਤੇ ਹਲਕਾ ਫੁਲਕਾ ਮਾਹੌਲ ਬਣਾਈ ਰੱਖਦੇ। ਮੈਂ ਉਹਨਾਂ ਨੂੰ ਅਖੀਰ ਤਕ ਰੋਜ਼ਾਨਾ ਕੁਛ ਨਾ ਕੁਛ ਪੜ੍ਹਦਿਆਂ ਵੇਖਿਆ। ਉਹ ਕਹਿੰਦੇ ਸਨ ਕਿ ਇਕਾਂਤ ਨੂੰ ਵੀ ਮਾਨਣਾ ਤੇ ਸਾਰਥਿਕ ਬਣਾਉਣਾ ਮੈ ਲੰਮੇ ਜੇਲ ਜੀਵਨ ਵਿਚ ਸਿੱਖਿਆ। ਉਹ ਆਲੇ ਦੁਆਲੇ ਫਿਰਦੇ ਪੰਛੀਆਂ ਨਾਲ ਗੱਲਾਂ ਕਰ ਵੀ ਖੁਸ਼ ਹੋ ਲੈਂਦੇ। ਉਹਨਾਂ ਦਾ ਸਮਾਜਵਾਦ ਵਿਚ ਅਟੁੱਟ ਵਿਸ਼ਵਾਸ਼ ਸੀ। ਤੇ ਸਮਾਜਵਾਦੀ ਇਨਕਲਾਬੀ ਸਮਾਜ ਦੀ ਸਿਰਜਣਾ ਲਈ ਆਪਣਾ ਸਭ ਕੁਛ ਨਿਛਾਵਰ ਕਰ ਦੇਣਾ ਹੀ ਉਹਨਾਂ ਦੀ ਜ਼ਿੰਦਗੀ ਦਾ ਸਭ ਤੋ ਵੱਡਾ ਲਕਸ਼ ਸੀ। ਉਹ ਇਕ ਬੇਮਿਸਾਲ ਇਨਸਾਨ ਸਨ। ਉਹਨਾਂ ਨੂੰ ਜਾਣਦੇ ਹੋਣਾ ਜਾਂ ਕਦੀ ਮਿਲੇ ਹੋਣਾ ਹੀ ਇਕ ਬਹੁਤ ਵੱਡੀ ਗੱਲ ਹੈ।

ਮੈ ਬੜੇ ਮਾਣ ਨਾਲ ਯਾਦ ਕਰਦਾ ਹਾਂ ਕਿ ਜਿਸ ਪੰਡਿਤ ਕਿਸ਼ੋਰੀ ਲਾਲ ਨੂੰ ਵੇਖਣਾ ਹੀ ਸਾਡੇ ਲਈ ਬੜੀ ਵੱਡੀ ਗੱਲ ਸੀ। ਮੈ ਕੋਈ 10 ਕੁ ਸਾਲ ਉਹਨਾਂ ਨੂੰ ਮਿਲਦਾ ਰਿਹਾ। ਜਦ ਮੈ ਸਟੂਡੈਂਟਸ ਫੈਡਰੈਸ਼ਨ ਆਫ਼ ਇੰਡੀਆ ਦਾ ਸੂਬਾਈ ਸੱਕਤਰ ਸਾਂ ਉਦੋਂ 3-4 ਸਾਲ , ਹਫ਼ਤੇ 'ਚ ਇਕ ਦੋ ਵਾਰ ਜੰਲਧਰ ਦਫਤਰ ਵਿਚ ਉਹਨਾ ਕੋਲ ਰਾਤਾਂ ਵੀ ਰਹਿੰਦਾ ਰਿਹਾ। ਤੇ ਕਦੀ ਕਦੀ ਉਹਨਾ ਦਾ ਮੰਜਾ ਬਿਸਤਰਾ ਵਿਛਾਉਣਾ , ਉਹਨਾ ਦਾ ਕੋਈ ਨਿੱਕਾ ਮੋਟਾ ਕੰਮ ਕਰਨਾ ਆਪਣਾ ਸੁਭਾਗ ਸਮਝਣਾ। ਪਰ ਮਗਰੋ ਪੰਡਿਤ ਜੀ ਦੇ ਕਮਰੇ ਵਿੱਚ ਥੋੜ੍ਹਾ ਚਿਰ ਬੈਠ ਜਾਣਾ। ਕਿਸੇ ਖਾਸ ਮਸਲੇ ਤੇ ਮਸ਼ਵਰਾ ਕਰਨਾ। ਉਹਨਾ ਦੀ ਜ਼ਿੰਦਗੀ ਦੇ ਤਜ਼ਰਬੇ ਸੁਣਨੇ ਮੇਰਾ ਮਨਭਾਉਂਦਾ ਕੰਮ ਸੀ। ਉਹ ਨੌਜਵਾਨਾਂ ਨੂੰ ਖਾਸ ਪਿਆਰ ਕਰਦੇ ਸਨ ਤੇ ਨੌਜਵਾਨਾਂ ਦੇ ਕਿਸੇ ਸੰਘਰਸ਼ ਬਾਰੇ ਸੁਣ ਕੇ ਉਹਨਾਂ ਦਾ ਚਿਹਰਾ ਖਿੜ ਉੱਠਦਾ। ਉਹ ਐਸਾ ਇਨਸਾਨ ਸੀ ਜਿਸਨੇ ਹੌਸਲਾ ਢਾਹੂ ਸ਼ਬਦ ਜਾਂ ਖ਼ਿਆਲ ਕਦੀ ਆਪਣੇ ਨੇੜੇ ਨਹੀ ਫਟਕਣ ਦਿੱਤਾ।

ਇਕ ਦਿਨ ਮੈ ਪੁਛਿਆ,

"ਪੰਡਿਤ ਜੀ ਧਾਡਾ ਪਿੰਡ ਕਿਹੜਾ" ?

ਜੋਰ ਦੀ ਹੱਸੇ ਤੇ ਕਹਿੰਦੇ "ਹਰ ਪਿੰਡ ਮੇਰਾ!"

ਫਿਰ ਇਕਦਮ ਗੰਭੀਰ ਹੁੰਦਿਆਂ ਬੋਲੇ ," ਮੈਂ ਧਰਮਪੁਰ ਦਾ ਜੰਮਪਲ ਆਂ। ਤਲਵਾੜੇ ਦੇ ਕੋਲ ਆ ਧਰਮਪੁਰ 5-7 ਮੀਲ ਹੋਊ ਤਲਵਾੜਿਓਂ, ਪਹਾੜ ਵੱਲ ਨੂੰ। ਪਰ ਮੈਂ ਜੇਲ਼ 'ਚੋਂ ਰਿਹਾ ਹੋ ਕੇ ਸਿੱਧਾ ਇਨਕਲਾਬੀ ਪਾਰਟੀ ਦੇ ਦਫਤਰ ਚਲਾ ਗਿਆ ਤੇ ਅੱਜ ਤਕ ਉਵੇਂ ਚਲੀ ਜਾਂਦਾ। ਉਂਜ

ਮੈਂ ਗਿਆ ਆਪਣੇ ਪਿੰਡ ਵੀ ।'

ਤੇ ਫਿਰ ਜਦ ਮੈਂ 1988 ਵਿਚ ਸਰਕਾਰੀ ਕਾਲਿਜ ਤਲਵਾੜਾ ਵਿਚ ਪੰਜਾਬੀ ਦਾ ਪ੍ਰੋਫੈਸਰ ਲੱਗਾ ਤਾਂ ਮੈਂ ਸਭ ਤੋਂ ਪਹਿਲਾਂ ਧਰਮਪੁਰ ਪਿੰਡ ਬਾਰੇ ਪਤਾ ਕੀਤਾ। ਫਿਰ ਮੈਂ ਧਰਮਪੁਰ ਤੇ ਆਲੇ ਦੁਆਲੇ ਦੇ ਕਾਲਿਜ ਪੜ੍ਹਨ ਆਉਂਦੇ ਮੁੰਡੇ ਕੁੜੀਆਂ ਤੋਂ ਗਾਹੇ ਬਗਾਹੇ ਪੁੱਛਣਾ ਕਿ ; ਬੱਚਿਓ ਤੁਹਾਨੂੰ ਪਤਾ ਹੈ ਕਿ ਧਰਮਪੁਰ ਪਿੰਡ ਦਾ ਇਕ ਬਹੁਤ ਵੱਡਾ ਕੁਰਬਾਨੀ ਵਾਲਾ ਦੇਸ਼ ਭਗਤ ਹੋਇਆ, ਪੰਡਿਤ ਕਿਸ਼ੋਰੀ ਲਾਲ। ਪਰ ਬੱਚਿਆਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਸੀ। ਵੱਡਿਆਂ ਨੂੰ ਵੀ ਨਹੀ ਸੀ।

ਪਰ ਅੱਜ ਇਸ ਗਲੋਂ ਰੂਹ ਰਾਜੀ ਹੈ ਕਿ ਪਿਛਲੇ 2 ਸਾਲਾਂ ਤੋਂ ਧਰਮਪੁਰ ਵਿਖੇ ਹਰ ਸਾਲ ਪੰਡਿਤ ਕਿਸ਼ੋਰੀ ਲਾਲ ਦੀ ਯਾਦ ਵਿਚ ਮੇਲਾ ਲੱਗਣ ਲੱਗ ਪਿਆ ਹੈ। ਤਲਵਾੜੇ ਕਾਲਿਜ ਤੋਂ ਪੜ੍ਹੇ ਵਿਦਿਆਰਥੀ, ਜਿੰਨ੍ਹਾਂ 'ਚੋਂ ਜ਼ਿਆਦਾਤਰ ਅਧਿਆਪਕ ਹਨ, ਇਸ ਦੇ ਪ੍ਰਬੰਧਕਾਂ ਦੇ ਮੋਹਰੀਆਂ ਵਿਚ ਹਨ। ਪਿੰਡ ਦੀ ਪੰਚਾਇਤ ਅਤੇ ਇਲਾਕੇ ਦੇ ਮੋਹਤਬਰ ਵੀ ਇਮਾਨਦਾਰੀ ਨਾਲ ਸਰਗਰਮ ਹਨ। ਦੇਸ਼ ਭਗਤ ਯਾਦਗਾਰ ਹਾਲ ਜੰਲਧਰ ਦੀ ਕਮੇਟੀ ਦਾ ਵੱਡਾ ਸਹਿਯੋਗ ਅਤੇ ਸਿਰ ਤੇ ਹੱਥ ਹੈ। ਹਰ ਸਿਆਸੀ ਪਾਰਟੀ ਪੰਡਿਤ ਜੀ ਦੀਆਂ ਵਤਨ ਲਈ ਕੁਰਬਾਨੀਆਂ ਨੂੰ ਯਾਦ ਕਰਨ ਅਤੇ ਸਿਰ ਝੁਕਾਉਣ ਆਉਂਦੀ ਹੈ।

ਧਰਮਪੁਰ ਵੀ ਦੂਜਾ ਖਟਕੜ ਕਲਾਂ ਹੈ

ਪਹਾੜਾਂ ਦੀ ਇਸ ਧਰਤੀ ਦੇ ਧੀਆਂ ਪੁੱਤਰਾਂ ਨੂੰ ਆਪਣੇ ਵਡੇਰੇ ਅਤੇ ਮਹਾਂਨਾਇਕ ਦੀ ਯਾਦ ਵਿਚ ਮੇਲੇ ਲਾਉਂਦਿਆ ਵੇਖ ਕੇ ਬੜਾ ਚੰਗਾ ਲਗਦਾ ਹੈ। ਪੰਡਿਤ ਜੀ ਦੇ ਵਿਚਾਰਾਂ ਤੇ ਜੀਵਨ ਸ਼ੈਲੀ ਨੂੰ ਅਪਨਾਉਣਾ ਹੀ ਉਸਨੂੰ ਸੱਚੀ ਸ਼ਰਧਾਂਜਲੀ ਹੈ।

***

ਗੱਲਾਂ ਤੁਰ ਪਈਆਂ। ਮੈਂ ਪੁਛਿਆ,"ਪੰਡਿਤ ਜੀ ਵਿਆਹ ਕਿਉਂ ਨਹੀਂ ਕਰਾਇਆ ?" ਉਹ ਹੱਸੇ। ਹਾਸੇ ਦੀਆਂ ਕਿਰਣਾਂ ਉਹਨਾਂ ਦੇ ਸਾਰੇ ਚਿਹਰੇ 'ਤੇ ਫੈਲ ਗਈਆਂ ਤੇ ਮਜ਼ਾਕੀਆ ਅੰਦਾਜ਼ ਵਿਚ ਕਹਿਣ ਲੱਗੇ, "ਭਾਈ ਇਹ ਜ਼ਾਤੀ ਸਵਾਲ ਹੈ। ਫਿਰ ਵੀ ਹੁਣ ਤੂੰ ਪੁੱਛ ਹੀ ਲਿਆ ਹੈ ਤਾਂ ਕੀ ਹੋਇਆ। ਵਿਆਹ ਲਈ ਟਾਂਈਮ ਹੀ ਨਹੀਂ ਮਿਲਿਆ। ਜਵਾਨੀ ਤਾਂ ਲੰਘ ਗਈ ਅੰਗਰੇਜ਼ ਦੀਆਂ ਜੇਲ੍ਹਾਂ ਵਿਚ। ਬਾਹਰ ਆਏ ਤਾਂ ਦੇਸ਼ ਆਜ਼ਾਦੀ ਦੀਆਂ ਬਰੂਹਾਂ 'ਤੇ ਖੜਾ ਸੀ। ਮੈਂ 1946 ਵਿਚ ਜਦੋਂ 18 ਸਾਲ ਦੀ ਜੇਲ੍ਹ ਭੁਗਤ ਕੇ ਬਾਹਰ ਆਇਆ ਤਾਂ ਘਰ ਨਹੀਂ ਗਿਆ। ਸਿੱਧਾ ਲਾਹੌਰ ਪਾਰਟੀ ਦਫ਼ਤਰ ਪਹੁੰਚਾ। ਘਰ ਜਾਂਦੇ ਤਾਂ ਸ਼ਾਇਦ ਘਰ ਦੇ ਵਿਆਹ ਵਾਸਤੇ ਰੱਸੇ ਪੈੜੇ ਵੱਟਦੇ।"

**–ਹਰਭਜਨ ਸਿੰਘ ਹੁੰਦਲ**

"ਸ਼ਹੀਦ ਭਗਤ ਸਿੰਘ ਦਾ ਆਖਰੀ ਸਾਥੀ ਤੁਰ ਗਿਆ ਹੈ। ਕੁਰਬਾਨੀ ਦਾ ਸਾਕਾਰ ਰੂਪ। ਹਰ ਐਜੀਟੇਸ਼ਨ ਵਿਚ ਗ੍ਰਿਫ਼ਤਾਰੀ ਦੇਣ ਲਈ ਸਦਾ ਮੂਹਰੇ। ਹੱਸਦਾ ਚਿਹਰਾ। ਕੰਵਾਰਾ ਰਹਿਣ ਦੇ ਬਾਵਜੂਦ ਕਦੇ ਕਿਸੇ ਕਿਸਮ ਦੇ ਉਲਾਰ ਦਾ ਸ਼ਿਕਾਰ ਨਹੀਂ ਹੋਇਆ। ਪਰ ਬਾਬਾ ਸੋਹਣ ਸਿੰਘ ਭਕਨਾ ਵਾਂਗ ਆਪਣੇ ਬਾਰੇ ਗੱਲ ਘੱਟ ਕਰਦਾ ਸੀ। ਕਦੇ ਕੋਈ ਲੋਭ-ਲਾਲਚ ਨਹੀਂ ਸੀ ਕੀਤਾ, ਨਾ ਖਾਣ ਬਾਰੇ, ਨਾ ਪਹਿਨਣ ਬਾਰੇ। ਦਰਵੇਸ਼ਾਂ ਵਰਗਾ ਜੀਵਨ ਬਤੀਤ ਕੀਤਾ। ਉਹ ਕੁਰਬਾਨੀ ਦਾ ਸੋਮਾ ਸੀ ਤੇ ਉਤਸ਼ਾਹ ਦਾ ਚਸ਼ਮਾ, ਜਿਸ ਚੋਂ ਹਰ ਸਮੇਂ ਤਾਜ਼ਾ ਪਾਣੀ ਉਮਲ ਉਮਲ ਬਾਹਰ ਨਿਕਲਦਾ ਤੇ ਹਿਰਦਿਆਂ ਵਿਚ ਸਮੋਈ ਜਾਂਦਾ ਸੀ। ਉਸ ਦੀ ਕੁਰਬਾਨੀ ਸਾਹਮਣੇ ਅਸੀਂ ਸਾਰੇ ਬਹੁਤ ਪਿਛੇ ਹਾਂ।"

**–ਕਾ. ਦਲੀਪ ਸਿੰਘ ਟਪਿਆਲਾ**

# ਸ਼ਹੀਦ ਭਗਤ ਸਿੰਘ ਦੇ ਸਾਥੀ ਕਾਮਰੇਡ ਕਿਸ਼ੋਰੀ ਲਾਲ ਜੀ

*ਇਹ ਬਿਆਨ ਡਾ. ਕ੍ਰਿਪਾਲ ਸਿੰਘ, ਪ੍ਰਾਜੈਕਟ ਅਫ਼ਸਰ ਤੇ ਸ. ਬਲਬੀਰ ਸਿੰਘ, ਰੀਸਰਚ ਐਸਿਸਟੈਂਟ ਨੇ ਮਿਤੀ 3-3-1976 ਨੂੰ ਜਲੰਧਰ ਵਿਖੇ ਟੇਪ ਕੀਤਾ ਜੋ ਡਾ. ਚਮਨ ਲਾਲ ਦੀ ਪੁਸਤਕ 'ਭਗਤ ਸਿੰਘ: ਵਿਚਾਰਵਾਨ ਇਨਕਲਾਬੀ' ਵਿਚੋਂ ਧੰਨਵਾਦ ਸਹਿਤ ਲਿਆ ਗਿਆ।*

**ਪ੍ਰ: ਤੁਸੀਂ ਦੱਸੋ ਕਿ ਤੁਹਾਡਾ ਜਨਮ ਕਦੋਂ, ਕਿੱਥੇ ਤੇ ਵਿੱਦਿਆ ਕਿੱਥੇ ਪ੍ਰਾਪਤ ਕੀਤੀ ਤੇ ਆਪਣੇ ਪਿਤਾ ਜੀ ਬਾਰੇ ਦੱਸੋ।**

ਉ: ਮੇਰਾ ਜਨਮ 1910 ਦੇ ਕਰੀਬ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਧਰਮਪੁਰ ਪਿੰਡ ਵਿਚ ਹੋਇਆ। ਤਹਿਸੀਲ ਮੁਕੇਰੀਆ ਹੈ। ਮੇਰੇ ਪਿਤਾ ਜੀ ਰਘੁਵੀਰ ਦੱਤ ਸ਼ਾਸਤਰੀ ਕੋਇਟੇ ਸਕੂਲ ਵਿੱਚ ਮਾਸਟਰ ਸਨ। ਪਹਿਲਾਂ ਮੁਲਤਾਨ ਟੀਚਰ ਸਨ। ਮੁਲਤਾਨ ਜਦ 1907-08 ਵਿਚ "ਪਗੜੀ ਸੰਭਾਲ ਜੱਟਾ" ਤਹਿਰੀਕ ਚੱਲੀ ਤਾਂ ਉਨ੍ਹਾਂ ਨੂੰ ਕਿਸੇ ਜਲਸੇ ਵਿੱਚ ਹਿੱਸਾ ਲੈਣ ਕਰਕੇ ਕੋਇਟੇ ਬਦਲ ਦਿੱਤਾ ਗਿਆ। ਦਸਵੀਂ ਤੱਕ ਦੀ ਤਾਲੀਮ ਮੈਂ ਕੋਇਟੇ ਵਿੱਚ ਪ੍ਰਾਪਤ ਕੀਤੀ। ਫਿਰ ਮੈਂ ਲਾਹੌਰ ਆ ਗਿਆ ਤੇ ਡੀ.ਏ.ਵੀ. ਕਾਲਜ ਵਿੱਚ ਪੜ੍ਹਨ ਲੱਗ ਪਿਆ। ਮੈਂ ਹੋਸਟਲ ਵਿੱਚ ਰਹਿੰਦਾ ਸੀ। ਮੇਰਾ ਵੱਡਾ ਭਰਾ ਸਤਪਾਲ ਆਰੀਆ ਸਮਾਜ ਦਾ ਪ੍ਰਚਾਰਕ ਸੀ। ਮੇਰੇ ਪਿਤਾ ਜੀ ਸਨਾਤਨ ਧਰਮੀ ਪੰਡਤ ਸਨ। ਲਾਲਾ ਜਗਤ ਨਰਾਇਣ ਜੀ ਦੇ ਕਾਰਣ ਮੈਂ ਲਾਹੌਰ ਦਾਖ਼ਲ ਹੋਇਆ।

**ਪ੍ਰ: ਫਿਰ ਤੁਸੀਂ ਡੀ.ਏ.ਵੀ. ਕਾਲਜ ਰਹਿੰਦਿਆਂ ਕੌਮੀ ਲਹਿਰ ਵਿੱਚ ਕਿਵੇਂ ਆਏ?**

ਉ: ਉਨ੍ਹਾਂ ਦਿਨਾਂ ਵਿੱਚ 1921 ਦੀ ਮੂਵਮੈਂਟ ਵਿੱਚ ਸਟੇਅ ਆ ਗਿਆ ਸੀ। ਮਹਾਤਮਾ ਗਾਂਧੀ ਜੀ ਦਾ ਅੰਦੋਲਨ ਵਾਪਸ ਲੈਣ ਦੀ ਜੋ ਗੱਲ ਹੋਈ। ਫਿਰ 1923 ਵਿਚ ਲਹਿਰ ਨੇ ਬਹੁਤ ਉਭਾਰ ਖਾਧਾ। ਕੋਈ ਕਿਸੇ ਕਿਸਮ ਦੀ ਫ਼ਿਰਕੇਦਾਰੀ ਨਹੀਂ ਸੀ। ਸਾਡਾ ਹੋਸਟਲ ਨੌਜਵਾਨਾਂ ਦਾ ਗੜ੍ਹ ਸੀ। ਉਸ ਵੇਲੇ ਦੇ ਨੌਜਵਾਨਾਂ ਵਿੱਚ ਇੱਕ ਉਭਾਰ ਆਇਆ ਤੇ ਫਿਰ 'ਨੌਜਵਾਨ ਭਾਰਤ ਸਭਾ' ਬਣੀ। ਪਹਿਲਾਂ-ਪਹਿਲਾਂ ਨਿੱਕੇ-ਨਿੱਕੇ ਜਲਸੇ ਹੁੰਦੇ ਰਹੇ। ਫਿਰ ਇਹ1927-28 ਵਿੱਚ ਉਭਰ ਕੇ ਆਈ ਤੇ ਫਿਰ ਇਸ ਦੀ ਬਣਤਰ ਜਲ੍ਹਿਆਂਵਾਲੇ ਬਾਗ਼ ਵੇਲੇ ਆਈ।

**ਪ੍ਰ: ਤੁਸੀਂ ਦੱਸੋ ਕਿ ਇਸ ਨੌਜਵਾਨ ਸਭਾ ਦਾ ਕੋਈ ਵਿਧਾਨ ਵੀ ਸੀ ਕਿ ਨਹੀਂ?**

ਉ: ਮੈਂ ਉਸ ਦੇ ਬਣਾਉਣ ਵਿੱਚ ਕੋਈ ਪਾਰਟ ਨਹੀਂ ਲਿਆ। ਮੇਰਾ ਸਬੰਧ ਭਗਤ ਸਿੰਘ ਗਰੁੱਪ ਨਾਲ ਸੀ। ਇਹ ਜੋ ਸਾਰਾ ਗਰੁੱਪ ਸੀ, ਉਹ ਇੱਕ ਤਰ੍ਹਾਂ ਦਾ ਇਨਕਲਾਬੀ ਗਰੁੱਪ ਸੀ। ਕਿਵੇਂ ਬਣਾਇਆ ਜਾਵੇ, ਕਿੱਦਾਂ ਬਣਾਇਆ ਜਾਵੇ, ਇਸ ਦੇ ਮੈਂਬਰ ਅੱਧੇ ਤੋਂ ਵੱਧ ਅੰਡਰ-ਗਰਾਊਂਡ ਸਨ। ਕੁਝ ਖੁੱਲ੍ਹੇ ਵੀ ਸਨ।

**ਪ੍ਰ: ਇਸ ਨੌਜਵਾਨ ਸਭਾ ਨੂੰ ਬਣਾਉਣ ਦੀ ਲੋੜ ਕਿਉਂ ਪਈ?**

ਉ: ਨੌਜਵਾਨ ਸਮਝਦੇ ਸਨ ਕਿ ਕਾਂਗਰਸ ਦੀ ਹੁਣ ਬੱਸ ਹੋ ਗਈ ਹੈ। ਨੌਜਵਾਨਾਂ ਵਿੱਚ ਉਭਾਰ ਸੀ। ਉਹ ਸਮਝਦੇ ਸਨ ਕਿ ਕਾਂਗਰਸ ਹੁਣ ਕਿਸੇ ਮੰਜ਼ਲ 'ਤੇ ਨਹੀਂ ਪਹੁੰਚ ਸਕਦੀ। ਕਿਉਂਕਿ ਕੋਈ ਜਲਸਾ-ਜਲੂਸ ਨਹੀਂ ਸੀ। ਨੌਜਵਾਨ ਸਮਝਦੇ ਸਨ ਕਿ ਕਾਂਗਰਸ ਮੁੱਕ ਗਈ ਹੈ। ਛੋਟੇ-ਛੋਟੇ ਜਲਸੇ ਲਾਹੌਰ ਹੀ ਹੁੰਦੇ ਸਨ। ਉਸ ਵਿੱਚ ਸੋਸ਼ਲਿਜ਼ਮ ਦਾ ਪ੍ਰਚਾਰ ਹੁੰਦਾ ਸੀ ਕਿ ਇਹ

ਤਰੀਕਾ ਨਹੀਂ ਚੱਲੇਗਾ।

**ਪ੍ਰ: ਸੋਸ਼ਲਿਜ਼ਮ ਪ੍ਰਚਾਰ ਤੋਂ ਤੁਹਾਡਾ ਕੀ ਭਾਵ ਹੈ ?**

ਉ: ਉਸ ਵੇਲੇ ਇਕੋ ਸੋਸ਼ਲਿਜ਼ਮ ਸਮਝਿਆ ਜਾਂਦਾ ਸੀ। ਸਾਥੋਂ ਪਹਿਲਾਂ ਕਾਕੋਰੀ ਵਾਲੇ ਸਮਝਦੇ ਸਨ ਕਿ ਇਹ ਰਾਹ ਹੁਣ ਬਦਲਣਾ ਪਵੇਗਾ।

**ਪ੍ਰ: ਇਹ ਕਾਕੋਰੀ ਵਾਲੇ ਕੌਣ ਸਨ ?**

ਉ: ਭਾਰਤ ਵਿੱਚ ਇਕ ਟੈਰੋਰਿਸਟ ਮੂਵਮੈਂਟ ਚੱਲੀ। ਇਨ੍ਹਾਂ ਨੇ ਡਾਕੇ ਮਾਰੇ, ਚੋਰੀਆਂ ਵੀ ਕੀਤੀਆਂ। ਅੰਗਰੇਜ਼ਾਂ ਦੇ ਬਰਖ਼ਿਲਾਫ਼ ਉਹ ਬਹੁਤੇ ਹੋ ਗਏ ਸਨ। ਕਾਕੋਰੀ ਖ਼ੁਦ ਯੂ.ਪੀ. ਵਿਚ ਇਕ ਜ਼ਿਲ੍ਹਾ ਹੈ। ਇਹ ਈਸਟਰਨ ਯੂ.ਪੀ. ਵਿੱਚ ਹੈ। ਇਹ 1923-24 ਦੀ ਗੱਲ ਹੈ। ਸਾਡੇ ਵਿੱਚ ਇਹ ਵਿਚਾਰ ਚਲਦੀ ਸੀ ਕਿ ਆਇਰਲੈਂਡ ਵਾਲਿਆਂ ਦਾ ਤਰੀਕਾ ਠੀਕ ਹੈ ਕਿ ਨਹੀਂ ? ਪਰ ਅਸੀਂ ਸੋਚਦੇ ਸਾਂ ਕਿ ਰੂਸ ਦੀ ਥਿਊਰੀ ਠੀਕ ਸੀ। ਲਾਲਾ ਲਾਜਪਤ ਰਾਇ ਦੀ ਕੋਠੀ ਹਰ ਮਹੀਨੇ ਇਹ ਚਰਚਾ ਹੁੰਦੀ ਸੀ ਕਿ ਰੂਸ ਵਾਲਿਆਂ ਦਾ ਕੀ ਤਰੀਕਾ ਹੈ ? ਸਾਨੂੰ ਕੀ ਕਰਨਾ ਚਾਹੀਦਾ ਹੈ ? ਸਾਰੇ ਨਵੇਂ ਤੇ ਪੁਰਾਣੇ ਵਰਕਰ ਇਥੇ ਆਉਂਦੇ ਸਨ। ਲਾਹੌਰ ਬਰੈਡਲਾ ਹਾਲ ਵਿਚ ਨੈਸ਼ਨਲ ਸਕੂਲ ਸੀ ਜਿਸ ਵਿੱਚ ਸੋਸ਼ਲਿਜ਼ਮ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ। ਸਾਡੇ ਵਿਚ ਇਹ ਵਿਚਾਰ ਚਲਦੀ ਸੀ ਕਿ ਕਿਹੜਾ ਤਰੀਕਾ ਆਜ਼ਾਦੀ ਲੈਣ ਲਈ ਠੀਕ ਰਹੇਗਾ, ਰੂਸੀ ਕਿ ਆਇਰਲੈਂਡ ਵਾਲਾ ? ਜਲਸੇ ਵਗੈਰਾ ਹੁੰਦੇ ਸਨ ਤੇ ਅੰਦਰ ਰਹਿ ਕੇ ਮੈਂਬਰ ਆਪਣਾ ਕੰਮ ਕਰਦੇ ਸਨ। ਧਨਵੰਤਰੀ ਇਕ ਜੰਮੂ ਦਾ ਰਹਿਣ ਵਾਲਾ ਸੀ। ਇਹ ਗਰੈਜੂਏਟ ਵੈਦਿਕ ਕਾਲਜ ਦਾ ਸੀ। ਇਹ ਵੀ ਇਸ ਮੁਹਿਮ ਵਿੱਚ ਹਿੱਸਾ ਲੈਂਦੇ ਸਨ।

**ਪ੍ਰ: ਤੁਸੀਂ ਭਗਤ ਸਿੰਘ ਨਾਲ ਕਿਵੇਂ ਸੰਪਰਕ ਵਿੱਚ ਆਏ ?**

ਉ: ਜਦੋਂ ਮੈਂ ਕਾਲਜ ਵਿੱਚ ਪੜ੍ਹਦਾ ਸੀ ਤਾਂ ਉਦੋਂ ਇੱਕ ਕੇਸ ਹੋਇਆ। ਯੂ.ਪੀ. ਤੋਂ ਇੱਕ ਆਦਮੀ ਆਇਆ ਤੇ ਉਸ ਨੇ ਗੁਰਦਿੱਤ ਭਵਨ ਫਿਰੋਜ਼ਪੁਰ ਦੇ ਲੜਕਿਆਂ ਨਾਲ ਸਕੀਮ ਬਣਾਈ ਕਿ ਡਾਕਾ ਮਾਰਾਂਗੇ ਤੇ ਸਮਾਨ ਲੁੱਟ ਕੇ ਲਿਆਵਾਂਗੇ। ਫਿਰ ਉਸ ਨਾਲ ਅੰਗਰੇਜ਼ਾਂ ਨੂੰ ਕੱਢਾਂਗੇ। ਪਰ ਉਹ ਸੀ.ਆਈ.ਡੀ. ਦਾ ਬੰਦਾ ਸੀ। ਉਹ ਇਥੇ ਮੈਡੀਕਲ ਕਾਲਜ ਦੇ ਇਕ ਵਿਦਿਆਰਥੀ ਕੋਲ ਠਹਿਰਿਆ। ਉਹ ਵੀ ਅਗੇ ਸੀ.ਆਈ.ਡੀ. ਦਾ ਬੰਦਾ ਸੀ। ਉਸ ਨੇ ਮੁੰਡਿਆਂ ਨੂੰ ਤਿਆਰ ਕਰ ਕੇ ਕਿਹਾ ਕਿ ਮੈਂ ਹੋਰ ਹਥਿਆਰ ਲੈਣ ਚਲਿਆ ਹਾਂ ਤੇ ਹੋਰ ਹਥਿਆਰ ਲਿਆ ਕੇ ਫਿਰ ਡਾਕਾ ਮਾਰਾਂਗੇ। ਜਦੋਂ ਉਹ ਸਟੇਸ਼ਨ ਨੂੰ ਵਾਪਸ ਜਾ ਰਿਹਾ ਸੀ ਤਾਂ ਉਸ ਨੂੰ ਮੈਡੀਕਲ ਦੇ ਵਿਦਿਆਰਥੀ ਨੇ ਗ੍ਰਿਫ਼ਤਾਰ ਕਰਵਾ ਦਿੱਤਾ। ਉਸ ਕੋਲੋਂ ਪਿਸਤੌਲ ਨਿਕਲਣਾ ਹੀ ਸੀ। ਉਹ ਲਈ ਫਿਰਦਾ ਸੀ। ਉਸ ਨੂੰ ਫੜ ਲਿਆ ਤੇ ਦੂਸਰੀ ਹੀ ਪੇਸ਼ੀ ਤੇ ਮੈਜਿਸਟਰੇਟ ਟੈਲਬੂਸ ਨੇ ਉਸ ਨੂੰ 7 ਸਾਲ ਦੀ ਸਜ਼ਾ ਦੇ ਦਿੱਤੀ। ਉਸ ਨੇ ਅੰਦਰੋਂ ਫਿਰ ਸੁਪਰਡੈਂਟ ਨੂੰ ਲਿਖਿਆ ਤੇ ਉਹ ਲੈਟਰ ਬਾਹਰ ਗਏ ਪੋਲੀਟੀਕਲ ਵਰਕਰਾਂ ਰਾਹੀਂ। ਅਸੀਂ ਉਸ ਨੂੰ ਡੀਫੈਂਸ ਕਰ ਰਹੇ ਸੀ। ਸਰਕਾਰ ਨੇ ਉਸ ਨੂੰ ਪਹਿਲਾਂ ਹੀ ਛੱਡ ਦਿੱਤਾ। ਸਜ਼ਾ ਨਹੀਂ ਹੋਈ। ਉਹ ਤਿੰਨ ਮਹੀਨਿਆਂ ਮਗਰੋਂ ਵਾਪਸ ਆ ਗਿਆ। ਉਹ ਪੱਤਰ ਫਿਰ 'ਟ੍ਰੀਬਿਊਨ' ਵਿਚ ਛਪਿਆ। ਇਹ ਇਕ ਸਕੈਂਡਲ ਸੀ। ਉਹ ਆਦਮੀ ਇਕ ਏਜੰਟ ਸੀ।

**ਪ੍ਰ: ਤੁਸੀਂ ਭਗਤ ਸਿੰਘ ਨੂੰ ਪਹਿਲਾਂ ਕਿਹੜੇ ਸਾਲ ਮਿਲੇ ?**

ਉ: ਮੈਂ ਭਗਤ ਸਿੰਘ ਨੂੰ ਪਹਿਲੀ ਵਾਰ 1928 ਵਿਚ ਮਿਲਿਆ। ਮੈਂ ਉਸ ਨੂੰ ਲਾਹੌਰ ਹੀ

ਮਿਲਿਆ। ਮੇਰਾ ਭਾਈ ਉਸ ਨੂੰ ਨਾਲ ਲੈ ਆਇਆ ਤੇ ਮੇਰੇ ਨਾਲ ਮੁਲਾਕਾਤ ਕਰਵਾਈ। ਭਗਤ ਸਿੰਘ ਮੈਨੂੰ ਵੇਖ ਕੇ ਕਹਿਣ ਲੱਗਾ ਕਿ ਕਮਜ਼ੋਰ ਹੈ। ਮੈਂ ਕਿਹਾ ਕਿ ਗੱਲ ਇਹ ਹੈ ਕਿ ਇਕ ਕੌਮੀ ਇਮਾਰਤ ਆਜ਼ਾਦੀ ਲਈ ਬਣ ਰਹੀ ਹੈ। ਇਹਦੇ ਵਿੱਚ ਇੱਟਾਂ ਵੀ ਲੱਗਣਗੀਆਂ, ਰੋੜੇ ਵੀ ਲੱਗਣਗੇ। ਮੈਂ ਕਿਹਾ ਕਿ ਤੁਹਾਡਾ ਖ਼ਿਆਲ ਹੈ ਕਿ ਮੈਂ ਕਿਤੇ ਵੀ ਕੰਮ ਨਹੀਂ ਆਵਾਂਗਾ ? ਫਿਰ ਉਨ੍ਹਾਂ ਨੂੰ ਮਿਲਦੇ ਰਹੇ ਤੇ ਕੰਮ ਕਰਦੇ ਰਹੇ। ਫਿਰ ਉਨ੍ਹਾਂ ਹੀ ਦਿਨਾਂ ਵਿਚ ਸਾਈਮਨ ਕਮਿਸ਼ਨ ਆ ਗਿਆ। ਅਸੀਂ ਸ਼ਾਮਲ ਹੋਏ ਸਾਂ। ਪਹਿਲਾਂ ਜਦੋਂ ਸਾਈਮਨ ਕਮਿਸ਼ਨ ਬੰਬਈ ਆਇਆ ਤਾਂ ਹੜਤਾਲ ਨਾ ਹੋਈ। ਉਦੋਂ ਲਾਹੌਰ ਵਿਚ ਕੇਵਲ ਬੇਲੀ ਰਾਮ ਤੇਲ ਵਾਲੇ ਦੀ ਦੁਕਾਨ ਬੰਦ ਸੀ। ਪਰ ਜਦੋਂ ਫਿਰ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਜਲੂਸ ਨਿਕਲਿਆ ਤੇ ਹੜਤਾਲ ਵੀ ਹੋਈ। ਸ਼ਹਿਰ ਵਿਚ 144 ਲੱਗੀ ਸੀ। ਵਿਦਿਆਰਥੀ ਵੀ ਸ਼ਾਮਲ ਹੋਏ ਸਨ। ਰੇਲਵੇ ਦੇ ਕਰਮਚਾਰੀ ਵੀ ਸ਼ਾਮਲ ਹੋਏ ਸਨ। ਪਹਿਲਾਂ ਸ਼ਹਿਰ ਅੰਦਰ ਲਾਠੀਚਾਰਜ ਹੋਇਆ। ਲਛਮਨ ਦਾਸ ਹਿੰਦੂ ਮਹਾਸਭਾ ਦਾ ਲੀਡਰ ਸੀ, ਉਹ ਸਾਈਮਨ ਕਮਿਸ਼ਨ ਨੂੰ ਜੀ ਆਇਆ ਕਹਿਣ ਗਿਆ। ਉਸ ਦੇ ਘਰ ਦੇ ਸਾਹਮਣੇ ਲੋਕਾਂ ਨੇ ਮੁਜ਼ਾਹਰਾ ਕੀਤਾ। ਫਿਰ ਦੁਬਾਰਾ ਲਾਠੀਚਾਰਜ ਸਟੇਸ਼ਨ ਦੇ ਕੋਲ ਹੋਇਆ।

**ਪ੍ਰ: ਇਹ ਦੱਸੋ ਕਿ ਲਾਲਾ ਲਾਜਪਤ ਰਾਇ 'ਤੇ ਲਾਠੀਚਾਰਜ ਕਿਉਂ ਹੋਇਆ ?**

ਉ: ਸਭ ਤੋਂ ਪਹਿਲਾਂ ਅਸੀਂ ਜਦੋਂ ਉਥੇ ਗਏ ਤਾਂ ਪੁਲਿਸ ਬੜੀ ਤੇਜ਼ੀ ਨਾਲ ਕੰਡਿਆਂ ਵਾਲੀ ਵਾੜ ਲਾ ਰਹੀ ਸੀ ਤੇ ਇਕ ਰੇਲਿੰਗ ਜਿਹੀ ਵੀ ਲਾਈ ਹੋਈ ਸੀ। ਸਭ ਤੋਂ ਪਹਿਲਾਂ ਰਾਏਜ਼ਾਦਾ ਹੰਸਰਾਜ (ਜਲੰਧਰ ਵਾਲੇ) ਨੇ ਰੇਲਿੰਗ 'ਤੇ ਹੱਥ ਰੱਖ ਦਿੱਤਾ ਤਾਂ ਸਾਂਡਰਸ ਨੇ ਦੋ-ਤਿੰਨ ਡੰਡੇ ਮਾਰ ਦਿੱਤੇ। ਇਸ ਤੋਂ ਲਾਲਾ ਲਾਜਪਤ ਰਾਏ ਨੇ ਕਿਹਾ ਕਿ ਤੂੰ ਇਸ ਨੂੰ ਕਿਉਂ ਮਾਰਿਆ ਹੈ ? ਤੂੰ ਕੌਣ ਹੈਂ ਤੇ ਤੇਰੀ ਕੀ ਅਥਾਰਿਟੀ ਹੈ ? ਉਨ੍ਹਾਂ ਨੇ ਆਪਣਾ ਨਾਮ ਨਹੀਂ ਦਸਿਆ ਸੀ। ਉਸ ਨੇ ਲਾਲਾ ਜੀ 'ਤੇ ਵੀ ਦੋ-ਤਿੰਨ ਲਾਠੀਆਂ ਮਾਰੀਆਂ। ਇੰਨੀ ਹੀ ਦੇਰ ਵਿੱਚ ਡਾਕਟਰ ਸਤਪਾਲ ਨੇ ਉਨ੍ਹਾਂ ਨੂੰ ਪਿਛੇ ਜਿਹੇ ਕਰ ਦਿੱਤਾ ਤੇ ਫਿਰ ਸਤਪਾਲ ਦੇ ਕਈ ਲਾਠੀਆਂ ਲੱਗੀਆਂ।

**ਪ੍ਰ: ਡਾਕਟਰ ਸਤਪਾਲ ਤੇ ਲਾਲਾ ਲਾਜਪਤ ਰਾਏ ਦੇ ਕੀ ਤਅੱਲਕ ਸਨ ?**

ਉ: ਇਹ ਇਕ-ਦੂਸਰੇ ਦੇ ਵਿਰੋਧੀ ਸਨ। ਡਾਕਟਰ ਸਤਪਾਲ ਅੰਮ੍ਰਿਤਸਰ ਦੇ ਲੀਡਰ ਸਮਝੇ ਜਾਂਦੇ ਸਨ ਤੇ ਲਾਲਾ ਲਾਜਪਤ ਰਾਏ ਲਾਹੌਰ ਦੇ ਲੀਡਰ ਸਮਝੇ ਜਾਂਦੇ ਸਨ। ਇਨ੍ਹਾਂ ਦੀ ਇਕ-ਦੂਸਰੇ ਨਾਲ ਪੂਰੀ ਵਿਰੋਧਤਾ ਰਹਿੰਦੀ ਸੀ। ਇਨ੍ਹਾਂ ਦਾ ਝਗੜਾ ਲੀਡਰਸ਼ਿਪ ਦਾ ਸੀ। ਉਸ ਵੇਲੇ ਲੋਕ ਹੈਰਾਨ ਵੀ ਹੋਏ ਕਿ ਡਾ. ਸਤਪਾਲ ਨੇ ਲਾਲਾ ਲਾਜਪਤ ਰਾਏ ਦੀ ਮਦਦ ਕਿਉਂ ਕੀਤੀ। ਫਿਰ ਰਾਤ ਨੂੰ ਲਾਲਾ ਲਾਜਪਤ ਰਾਏ ਨੇ ਤਕਰੀਰ ਕੀਤੀ ਤੇ ਕਿਹਾ ਕਿ ਅੱਜ ਤਾਂ ਅਸੀਂ ਇਹ ਰੋਸ ਪ੍ਰਗਟ ਕੀਤਾ ਹੈ ਤੇ ਜਲਸਾ ਵੀ ਕੀਤਾ ਹੈ। ਇਕ ਸਮਾਂ ਆਵੇਗਾ ਜਦੋਂ ਅਸੀਂ ਨਹੀਂ ਹੋਵਾਂਗੇ ਪਰ ਇਹ ਨੌਜਵਾਨ ਹੋਣਗੇ। ਅਸੀਂ ਨੌਜਵਾਨਾਂ ਨੂੰ ਉਤਸ਼ਾਹ ਦੇਵਾਂਗੇ ਕਿ ਉਹ ਪੂਰਾ ਹਿੱਸਾ ਲੈਣ। ਅਤਾ ਉੱਲਾ ਸ਼ਾਹ ਬੁਖ਼ਾਰੀ ਵੀ ਉਸ ਦਿਨ ਬੋਲਿਆ।

**ਪ੍ਰ: ਅਤਾ ਉੱਲਾ ਸ਼ਾਹ ਬੁਖ਼ਾਰੀ ਬਾਰੇ ਦੱਸੋ ?**

ਉ: ਅਤਾ ਉੱਲਾ ਸ਼ਾਹ ਬੁਖ਼ਾਰੀ ਮੁਲਤਾਨ ਦੇ ਰਹਿਣ ਵਾਲੇ ਸਨ। ਉਹ ਅੰਮ੍ਰਿਤਸਰ ਵੀ ਰਹਿੰਦੇ ਸਨ। ਮੈਂ ਉਨ੍ਹਾਂ ਦੇ ਦਰਸ਼ਨ ਦੋ ਵਾਰ ਲਾਹੌਰ ਹੀ ਕੀਤੇ ਸਨ। ਲਾਹੌਰੀ ਗੇਟ ਦੇ ਬਾਹਰ ਬਹੁਤ ਵੱਡਾ ਜਲਸਾ ਸੀ, ਉਥੇ ਉਹ ਬੋਲੇ ਸਨ।

ਪ੍ਰ: ਤੁਹਾਡਾ ਫਿਰ ਸਿਆਸਤ ਵੱਲ ਝੁਕਾਅ ਕਿਵੇਂ ਬਣਦਾ ਗਿਆ ?

ਉ: ਮੈਂ ਸਟੂਡੈਂਟ ਯੂਨੀਅਨ ਵਿੱਚ ਵੀ ਕੰਮ ਕਰਦਾ ਸੀ। ਪਠਾਨ ਜੋ ਅੰਗਰੇਜ਼ਾਂ ਦੇ ਬਹੁਤ ਵਿਰੋਧੀ ਸਨ। ਇਥੋਂ ਤੱਕ ਕਿ ਅੰਗਰੇਜ਼ ਇੰਜੀਨੀਅਰ ਇਕ ਪਠਾਨ ਨੂੰ ਕਹਿਣ ਲੱਗਿਆ ਕਿ ਦੇਖੋ ਹਮਨੇ ਤੁਮ੍ਹਾਰੇ ਲੀਏ ਸੜਕ ਬਣਾਈ ਹੈ। ਹਮਨੇ ਕਿਤਨਾ ਤਰੱਕੀ ਕੀਆ ਹੈ। ਸਕੂਲ ਬਣਾਏ ਹੈਂ। ਉਹ ਪਠਾਨ ਕਹਿਣ ਲੱਗਾ ਕਿ ਤੂੰ ਇਧਰ ਸੇ ਜਬ ਜਾਏਗਾ ਤੋ ਹਮ ਇਸ ਸਕੂਲ ਮੇਂ ਗਧੇ ਬਾਂਧੇਗਾ। ਇਹ ਸੜਕ ਜੋ ਸਾਡੇ ਸਕੂਲ ਦੇ ਸਾਹਮਣੇ ਬਣੀ ਸੀ। ਉਹ ਪਠਾਨ ਕਹਿਣ ਲੱਗਿਆ ਕਿ ਇਸ ਸੜਕ ਕੋ ਲੇ ਜਾਓ ਸਾਥ ਇੰਗਲੈਂਡ ਕੋ। ਇਹ ਜੋ ਪਠਾਨ ਹਨ ਇਨ੍ਹਾਂ ਵਿਚ ਸਾਡੇ ਨਾਲੋਂ ਅੰਗਰੇਜ਼ਾਂ ਦੇ ਬਹੁਤ ਵਿਰੋਧੀ ਸਨ। ਪਠਾਨਾਂ ਕੋਲ ਹਥਿਆਰ ਸਨ। ਉਹ ਸ਼ਹਿਰ ਨੂੰ ਛੱਡ ਕੇ ਬਾਕੀ ਤਾਂ ਇਹ ਲਗਦਾ ਸੀ ਕਿ ਅੰਗਰੇਜ਼ ਹੈ ਹੀ ਨਹੀਂ ਹਨ। ਮੇਰੇ 'ਤੇ ਬਲੋਚਿਸਤਾਨ ਵਿਚ ਰਹਿਣ ਕਰ ਕੇ ਵੀ ਅਸਰ ਪਿਆ ਸੀ ਤੇ ਦੂਸਰੇ ਲਾਹੌਰ ਯੂਨੀਅਨ ਵਿਚ ਆਉਣ ਕਰ ਕੇ ਲਾਲਾ ਲਾਜਪਤ ਰਾਏ ਦੇ ਸਟੱਡੀ ਸਰਕਲ ਦਾ ਵੀ ਅਸਰ ਹੋਇਆ।

**ਪ੍ਰ: ਲਾਲਾ ਲਾਜਪਤ ਰਾਏ ਬਾਰੇ ਸੁਣਿਆ ਹੈ ਕਿ ਉਹ ਅਖ਼ੀਰ ਵਿਚ ਆ ਕੇ ਕਮਿਊਨਲ ਬਣ ਗਏ ਸਨ, ਇਸ ਬਾਰੇ ਦੱਸੋ।**

ਉ: ਜਿਥੋਂ ਤੱਕ ਪੁਲੀਟੀਕਲ ਜ਼ਿੰਦਗੀ ਬਾਰੇ ਹੈ, ਉਹ ਅਮਰੀਕਾ ਵਿਚੋਂ ਪੜ੍ਹ ਕੇ ਆਏ ਸਨ। ਇਹ ਆਦਮੀ ਸੀ, ਜਿਸ ਨੇ ਕਿਹਾ ਸੀ ਕਿ ਜਦ ਤੱਕ ਮਜ਼ਦੂਰਾਂ ਵਲੋਂ ਤਹਿਰੀਕ ਨਹੀਂ ਚਲਦੀ ਉਦੋਂ ਤੱਕ ਆਜ਼ਾਦੀ ਦੀ ਤਹਿਰੀਕ ਕਾਮਯਾਬ ਨਹੀਂ ਹੋ ਸਕਦੀ। ਪਹਿਲਾਂ ਉਹ ਆਰੀਆ ਸਮਾਜ ਦੇ ਲੀਡਰ ਸਨ ਫਿਰ ਉਹ ਨੈਸ਼ਨਲਿਸਟ ਲੀਡਰ ਸਨ। ਲਾਲਾ ਜੀ ਤਹਿਰੀਕ ਦੇ ਵਿੰਡ-ਕਲਾਕ (wind clock) ਸਨ। ਜੋ ਵੀ ਲਹਿਰ ਚੱਲੀ, ਉਸ ਦੇ ਉਹ ਚੋਟੀ ਦੇ ਲੀਡਰ ਹੁੰਦੇ ਸਨ। ਲਾਲਾ ਲਾਜਪਤ ਰਾਏ ਏਨਾ ਹਰਮਨ ਪਿਆਰਾ ਸੀ ਕਿ ਉਹ ਦੋਨਾਂ ਪੰਜਾਬਾਂ ਦੀਆਂ ਸੀਟਾਂ 'ਤੇ ਕਾਂਗਰਸ ਦੇ ਉਲਟ ਖੜੇ ਸਨ ਤੇ ਦੋਵੇਂ ਥਾਵਾਂ ਤੋਂ ਜਿੱਤ ਗਏ ਸਨ। ਕਿਉਂਕਿ ਹਿੰਦੂ ਮਹਾਸਭਾ ਸਿਰ ਚੁੱਕ ਰਹੀ ਸੀ। ਜਿਧਰ ਲੋਕ ਹੁੰਦੇ ਸਨ, ਉਹ ਉਧਰ ਹੋ ਜਾਂਦੇ ਸਨ। ਰਾਏਜ਼ਾਦਾ ਹੰਸਰਾਜ ਤੇ ਚਮਨ ਲਾਲ ਦੋਨਾਂ ਨੂੰ ਹੀ ਹਰਾ ਦਿੱਤਾ ਸੀ। ਉੱਤਰ ਤੇ ਦੱਖਣ ਦੀਆਂ ਦੋਨਾਂ ਸੀਟਾਂ ਤੋਂ ਜਿੱਤੇ ਸਨ। ਸੋ ਮੈਂ ਕਹਾਂਗਾ ਕਿ ਉਹ ਬਾਅਦ ਵਿੱਚ ਹੀ ਕਮਿਊਨਲ ਨਹੀਂ ਹੋਇਆ, ਉਹ ਹਮੇਸ਼ਾ ਹੀ ਕਮਿਊਨਲ ਰਿਹਾ। ਲਾਹੌਰ ਰਾਵੀ ਉਤੇ ਔਰਤਾਂ ਨੰਗੀਆਂ ਨਹਾਉਂਦੀਆਂ ਸਨ, ਉਸ ਦੇ ਵਿਰੁੱਧ ਵੀ ਅੰਦੋਲਨ ਚਲਿਆ। ਲਾਲਾ ਜੀ ਉਸ ਦੇ ਵੀ ਲੀਡਰ ਸਨ। ਇਹ 1926-27 ਦੀ ਗੱਲ ਹੈ। ਸੋ ਲਾਲਾ ਜੀ ਕੋਈ ਵੀ ਤਹਿਰੀਕ ਚਲਦੀ ਉਸ ਦੇ ਲੀਡਰ ਹੁੰਦੇ ਸਨ। ਲਾਲਾ ਜੀ ਕੋਈ ਕਾਂਗਰਸੀ ਨਹੀਂ ਸਨ, ਉਹ ਅਜ਼ਾਦ ਖ਼ਿਆਲ ਨਾਲ ਚਲਦੇ ਸਨ। ਉਦੋਂ ਲੋਕ ਨੈਸ਼ਨਲਿਸਟਾਂ ਨੂੰ ਇਹ ਨਹੀਂ ਸਮਝਦੇ ਸਨ ਕਿ ਉਹ ਗਾਂਧੀ ਜੀ ਦੇ ਨੇੜੇ ਹੋਏ ਹਨ ਕਿ ਨਹੀਂ।

**ਪ੍ਰ: ਲਾਲਾ ਲਾਜਪੰਤ ਰਾਏ ਦੀ ਮੌਤ ਫਿਰ ਲਾਠੀਚਾਰਜ ਹੋਣ ਕਰ ਕੇ ਤਾਂ ਨਾ ਹੋਈ, ਇਸ ਬਾਰੇ ਦੱਸੋ ?**

ਉ: ਲਾਠੀਚਾਰਜ ਤੋਂ ਬਾਅਦ ਇਕ ਤਹਿਰੀਕ ਚੱਲੀ ਕਿ ਇਸ ਦੀ ਨਿਰਪੱਖ ਇਨਕੁਆਰੀ ਹੋਣੀ ਚਾਹੀਦੀ ਹੈ। ਪਰ ਗੌਰਮਿੰਟ ਨਾ ਮੰਨੀ। ਫਿਰ ਉਸ ਵੇਲੇ ਲੋਕਾਂ ਵਿਚ ਇਸ ਤਹਿਰੀਕ ਦਾ ਇੰਨਾ ਉਭਾਰ ਸੀ ਕਿ ਹਰ ਇਕ ਪਾਰਟੀ ਨੇ ਇੰਡੀਆ ਲੈਵਲ 'ਤੇ ਕਿਹਾ ਕਿ ਇਨਕੁਆਰੀ ਨਿਰਪੱਖ ਹੋਣੀ ਚਾਹੀਦੀ ਹੈ। ਇਥੋਂ ਤੱਕ ਕਿ ਗਵਰਨਰ ਦੇ ਐਡਵਾਈਜ਼ਰਾਂ ਨੇ ਵੀ ਕਿਹਾ ਕਿ

ਇਨਕੁਆਰੀ ਨਿਰਪੱਖ ਹੋਣੀ ਚਾਹੀਦੀ ਹੈ। ਪਰ ਗੌਰਮਿੰਟ ਨਾ ਮੰਨੀ। ਲਾਲਾ ਲਾਜਪਤ ਰਾਏ ਜੀ ਤਕਰੀਬਨ ਡੇਢ ਮਹੀਨਾ ਜ਼ਿੰਦਾ ਰਹੇ। ਉਹ ਸ਼ਿਮਲਾ ਅਸੈਂਬਲੀ ਦੇ ਸੈਸ਼ਨ ਤੋਂ ਆਏ ਸਨ, ਜਿਸ ਦਿਨ ਉਨ੍ਹਾਂ ਦੀ ਮੌਤ ਹੋਈ। ਉਹ ਪੰਜ-ਸੱਤ ਦਿਨ ਪਹਿਲਾਂ ਹੀ ਕਹਿਣ ਲੱਗ ਪਏ ਸਨ ਕਿ ਹੁਣ ਇਸ ਮੁਲਕ ਵਿੱਚ ਜੀਣ ਦਾ ਕੋਈ ਹੱਕ ਨਹੀਂ। ਮੈਂ ਆਪ ਉਨ੍ਹਾਂ ਨੂੰ ਮਿਲਿਆ ਹਾਂ।

**ਪ੍ਰ: ਲਾਲਾ ਲਾਜਪਤ ਰਾਇ ਇਹ ਕਿਉਂ ਕਹਿਣ ਲੱਗ ਪਏ ਸਨ ?**

ਉ: ਉਹ ਸਮਝਦੇ ਸਨ ਕਿ ਮੈਂ ਆਮ ਜਨਤਾ ਦਾ ਲੀਡਰ ਹਾਂ। ਏਨਾ ਹਰਮਨ ਪਿਆਰਾ ਹਾਂ। ਇਥੇ ਮੈਂ ਕੰਮ ਕਰਨ ਵਾਲੀ ਜਮਾਤ ਦਾ ਲੀਡਰ ਹਾਂ ਤੇ ਮੈਨੂੰ ਇਕ ਮਾਮੂਲੀ ਸਾਰਜੰਟ (ਸਾਂਡਰਸ) ਨਾਲ ਤੋਲ ਦਿੱਤਾ ਹੈ। ਉਹ ਕਹਿੰਦੇ ਸਨ ਕਿ ਮੈਂ ਕੌਮ ਦਾ ਲੀਡਰ ਹਾਂ ਤੇ ਇਹ ਵਤੀਰਾ ਮੇਰੇ ਨਾਲ ਇਨ੍ਹਾਂ ਅੰਗਰੇਜ਼ਾਂ ਨੇ ਕੀਤਾ ਹੈ।

**ਪ੍ਰ: ਉਨ੍ਹਾਂ ਦੀ ਨੈਸ਼ਨਲਿਸਟ ਲੀਡਰਾਂ ਵਿਚ ਕੀ ਪੋਜ਼ੀਸ਼ਨ ਸੀ ?**

ਉ: ਇਕ ਤਾਂ ਉਹ ਨੈਸ਼ਨਲਿਸਟ ਲੀਡਰ ਸਨ ਤੇ ਬ੍ਰਿਟਿਸ਼ ਕਾਰਸਪੋਂਡੈਂਟ ਸਨ, ਅਮਰੀਕਨ ਅਖ਼ਬਾਰ ਜੋ ਨਿਕਲਦਾ ਸੀ। ਇਕ ਲੇਖ ਜੋ 1921 ਦੇ ਵਿਚ ਕੰਨਟਰੋਵਰਸ਼ੀਅਲ ਸੀ ਜੋ 'ਟਾਈਮਜ਼ ਆਫ਼ ਇੰਡੀਆ' ਵਿਚ ਛਪਿਆ ਸੀ। ਅਜੇ ਮੂਵਮੈਂਟ ਵਾਪਸ ਨਹੀਂ ਸੀ ਹੋਈ। ਉਨ੍ਹਾਂ ਦਾ ਲੇਖ 'ਨਿਊਯਾਰਕ ਟਾਈਮਜ਼' 'ਚ ਛਪਿਆ ਸੀ। ਇਹ ਵੀ ਉਨ੍ਹਾਂ ਦੀ ਆਮਦਨ ਸੀ।

**ਪ੍ਰ: ਤੁਸੀਂ ਭਗਤ ਸਿੰਘ ਨਾਲ ਫਿਰ ਕਿਉਂ ਜੁੜੇ ?**

ਉ: ਜਦ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਤਾਂ ਸਾਰੇ ਹਿੰਦੁਸਤਾਨ ਵਿਚ ਇਕ ਰੋਸ ਉਠਿਆ ਕਿ ਇਸ ਮੌਤ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਹੈ। ਸਾਰੇ ਹੀ ਲੀਡਰ, ਡਾ. ਸਤਪਾਲ ਤੇ ਕਿਚਲੂ ਹੁਰੀਂ ਕਹਿਣ ਲੱਗੇ ਕਿ ਨੌਜਵਾਨੋਂ ਕੁਝ ਕਰੋ। ਫਿਰ ਸਾਡੀ ਮੀਟਿੰਗ ਲਾਹੌਰ ਵਿਖੇ ਸ. ਭਗਤ ਸਿੰਘ ਦੀ ਅਗਵਾਈ ਹੇਠ ਹੋਈ ਤੇ ਭਗਤ ਸਿੰਘ ਨੇ ਕਿਹਾ ਕਿ ਕੁਝ ਕਰਨਾ ਚਾਹੀਦਾ ਹੈ। ਪਰ ਉਸ ਨੇ ਕਿਹਾ ਇਕ ਗੱਲ ਮੈਂ ਤੁਹਾਨੂੰ ਦੱਸ ਦਿਆ ਕਿ ਗੌਰਮਿੰਟ ਦਾ ਜੋ ਜਵਾਬੀ ਹਮਲਾ ਹੋਵੇਗਾ, ਉਹ ਅਸੀਂ ਸਹਿਣ ਜੋਗੇ ਨਹੀਂ ਹੋਵਾਂਗੇ। ਇਸ ਵਾਸਤੇ ਇਸ ਬਾਰੇ ਸੋਚੋ। ਪਰ ਲੋਕਾਂ ਦੀ ਇਸ ਵੇਲੇ ਮੰਗ ਸੀ ਕਿ ਸਾਨੂੰ ਕੁਝ ਕਰਨਾ ਚਾਹੀਦਾ ਹੈ। ਫਿਰ ਅਸੀਂ ਮਤਾ ਪਾਸ ਕੀਤਾ ਤੇ ਸੈਂਟਰ ਤੋਂ ਇਜਾਜ਼ਤ ਲਈ। ਇਹ ਸਾਡੀ ਨੌਜਵਾਨ ਸਭਾ ਦੀ ਸੋਸ਼ਲਿਸਟ ਰੀਪਬਲਿਕਨ ਆਰਮੀ ਜੋ ਸੀ, ਉਸ ਕੋਲੋਂ ਇਜਾਜ਼ਤ ਲਈ। ਇਹ ਗੁਪਤ ਸੀ ਤੇ ਇਸ ਦਾ ਪੰਜਾਬ ਵਿਚ ਕਿਸੇ ਸ਼ਹਿਰ ਵਿਚ ਹੈਡ-ਕੁਆਟਰ ਸੀ। ਇਸ ਦਾ ਇਕ ਲੀਡਰ ਚੰਦਰ ਸ਼ੇਖਰ ਆਜ਼ਾਦ ਵੀ ਸੀ।

**ਪ੍ਰ: ਫਿਰ ਅੱਗੇ ਤੁਸੀਂ ਕੀ ਕੀਤਾ ?**

ਉ: ਫਿਰ ਅਸੀਂ ਕੁਝ ਘਰ ਕਿਰਾਏ 'ਤੇ ਲਏ। ਉਨ੍ਹਾਂ ਵਿਚੋਂ ਕੁਝ ਗੁਪਤ ਜਗ੍ਹਾਵਾਂ ਦਾ ਇੰਚਾਰਜ ਮੈਂ ਵੀ ਸਾਂ। ਲਾਹੌਰ ਮੈਂ ਪੰਜ-ਛੇ ਗੁਪਤ ਘਰਾਂ ਦਾ ਇੰਚਾਰਜ ਸੀ। ਪਹਿਲਾਂ ਤਾਂ ਜੋ ਵਰਕਰ ਬਾਹਰੋਂ ਆਉਂਦਾ ਸੀ, ਉਸ ਨੂੰ ਸੰਭਾਲਦੇ ਸੀ। ਮਹਾਂਵੀਰ ਵੀ ਇਕ ਸਾਡਾ ਵਰਕਰ ਸੀ ਤੇ ਆਉਂਦਾ ਰਹਿੰਦਾ ਸੀ। ਉਸ ਦੀ ਮੌਤ ਕਾਲੇ ਪਾਣੀ ਹੋਈ। ਅੱਡੋ-ਅੱਡ ਨਾਂਵਾਂ 'ਤੇ ਕਿਰਾਏ 'ਤੇ ਲੈਂਦੇ ਸਾਂ। ਫਿਰ ਜਿਸ ਦਿਨ ਐਕਸ਼ਨ ਹੋਇਆ ਤਾਂ ਫਿਰ ਲਾਹੌਰ ਤੋਂ ਹੀ ਇਹ ਗਏ ਸਨ। ਇਹ ਹਮਲਾ ਕਰਨ ਗਏ ਸਨ। ਸੁਪਰਡੈਂਟ ਪੁਲਿਸ ਦਾ ਜੋ ਦਫ਼ਤਰ ਸੀ, ਉਹ ਲਾਹੌਰ ਕਚਹਿਰੀਆਂ ਦੇ ਨਾਲ ਸੀ। ਇਹ ਸਕਾਟ ਤੇ ਸਾਂਡਰਸ ਦੋਨਾਂ ਨੂੰ ਮਾਰਨਾ ਚਾਹੁੰਦੇ ਸਨ। ਸਕਾਟ ਐਸ.ਪੀ. ਅਤੇ

ਸਾਂਡਰਸ ਡੀ.ਐਸ.ਪੀ. ਸੀ।

**ਪ੍ਰ: ਸਾਂਡਰਸ ਨੂੰ ਮਾਰਨ ਵਾਲੇ ਕੌਣ ਸਨ ?**

ਉ: ਸਾਂਡਰਸ ਨੂੰ ਮਾਰਨ ਵਾਲੇ ਸਰਦਾਰ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਤੀਜਾ ਰਾਜਗੁਰੂ ਸੀ।

**ਪ੍ਰ: ਰਾਜਗੁਰੂ ਬਾਰੇ ਕੁਝ ਦੱਸੋ ?**

ਉ: ਰਾਜਗੁਰੂ ਪਹਿਲਾਂ ਬਨਾਰਸ ਦਾ ਵਿਦਿਆਰਥੀ ਸੀ। ਫਿਰ ਉਥੇ ਹੀ ਫਿਜ਼ੀਕਲ ਟਰੇਨਰ ਲੱਗ ਪਿਆ, ਪੂਨੇ ਦਾ ਰਹਿਣ ਵਾਲਾ ਇਹ ਮਰਹੱਟਾ ਸੀ।

**ਪ੍ਰ: ਰਾਜਗੁਰੂ ਭਗਤ ਸਿੰਘ ਨੂੰ ਫਿਰ ਕਿਵੇਂ ਮਿਲਿਆ ਤੇ ਉਸ ਦਾ ਮਿੱਤਰ ਕਿਵੇਂ ਬਣਿਆ ?**

ਉ: ਇਹ ਕਾਕੋਰੀ ਤਹਿਰੀਕ ਦੇ ਕਾਰਨ ਮੇਲ ਹੋਇਆ। ਉਥੇ ਕਾਨਪੁਰ ਭਗਤ ਸਿੰਘ ਨਾਲ ਮੇਲ ਹੋਇਆ, ਉਸ ਤੋਂ ਮਗਰੋਂ ਇਸ ਨੂੰ ਫਿਰ ਇਥੇ ਲਿਆਏ।

**ਪ੍ਰ: ਚੰਦਰਸ਼ੇਖਰ ਆਜ਼ਾਦ ਬਾਰੇ ਵੀ ਕੁਝ ਦੱਸੋ ?**

ਉ: ਚੰਦਰਸ਼ੇਖਰ ਆਜ਼ਾਦ ਪੁਰਾਣਾ ਰੈਵੂਲੇਸ਼ਨਰੀ ਸੀ। ਕਾਕੋਰੀ ਕੇਸ ਵਿਚ ਇਸ ਦੀ ਭਾਲ ਵੀ ਸੀ। ਇਹ ਨੈਸ਼ਨਲਿਸਟ ਸੀ। ਇਸ 'ਤੇ ਕਮਿਊਨਿਜ਼ਮ ਦਾ ਕੋਈ ਅਸਰ ਨਹੀਂ ਸੀ। ਇਹ ਕਾਕੋਰੀ ਵਰਗਾ ਹੀ ਗਰੁੱਪ ਬਣਾਉਣਾ ਚਾਹੁੰਦਾ ਸੀ।

**ਪ੍ਰ: ਸੁਖਦੇਵ ਬਾਰੇ ਦੱਸੋ ਕਿ ਇਹ ਭਗਤ ਸਿੰਘ ਹੁਰਾਂ ਨਾਲ ਕਿਵੇਂ ਰਲ ਗਿਆ ?**

ਉ: ਇਹ ਲਾਹੌਰ ਨੈਸ਼ਨਲ ਕਾਲਜ ਦਾ ਗਰੈਜੂਏਟ ਸੀ। ਇਹ ਭਗਤ ਸਿੰਘ ਦੇ ਸਾਥੀਆਂ ਵਿਚੋਂ ਸੀ। ਇਹ ਦੁਬਾਰਾ ਜਦੋਂ ਗਰੁੱਪ ਆਰਗੇਨਾਈਜ਼ ਕੀਤਾ ਗਿਆ ਉਦੋਂ ਇਹ ਇਕ ਲੀਡਰ ਸੀ। ਇਹ ਸੋਸ਼ਲਿਜ਼ਮ ਦਾ ਹਾਮੀ ਸੀ। ਜੇਲ੍ਹ ਵਿੱਚ ਜਾ ਕੇ ਸਾਨੂੰ ਸੋਸ਼ਲਿਜ਼ਮ ਬਾਰੇ ਪਤਾ ਲੱਗਿਆ ਜਦੋਂ ਅਸੀਂ ਇਸ ਬਾਰੇ ਗਹੁ ਨਾਲ ਵਾਚਿਆ। ਸੁਖਦੇਵ ਤੇ ਭਗਤ ਸਿੰਘ ਦੋ ਪਹਿਲੇ ਆਦਮੀ ਸਨ ਜੋ ਪੂਰੀ ਤਰ੍ਹਾਂ ਨਾਲ ਸੋਸ਼ਲਿਜ਼ਮ ਬਾਰੇ ਪੂਰੀ ਵਾਕਫ਼ੀਅਤ ਰਖਦੇ ਸਨ।

**ਪ੍ਰ: ਸੁਖਦੇਵ ਕਿੱਥੋਂ ਦਾ ਰਹਿਣ ਵਾਲਾ ਸੀ ?**

ਉ: ਇਨ੍ਹਾਂ ਦੀ ਲਾਇਲਪੁਰ ਵਿਚ ਆੜ੍ਹਤ ਦੀ ਦੁਕਾਨ ਸੀ। ਇਨ੍ਹਾਂ ਦੇ ਚਾਚਾ ਜੀ ਦੀ ਦੁਕਾਨ ਸੀ। ਉਹ ਵੀ ਨੈਸ਼ਨਲਿਸਟ ਸੀ। ਸੁਖਦੇਵ ਪਿੱਛੋਂ ਲੁਧਿਆਣੇ ਦੇ ਰਹਿਣ ਵਾਲੇ ਸਨ।

**ਪ੍ਰ: ਤੁਸੀਂ ਸਾਂਡਰਸ ਨੂੰ ਮਾਰਨ ਤੋਂ ਬਾਅਦ ਫਿਰ ਕੀ ਕੀਤਾ ?**

ਉ: ਫਿਰ ਇਹ ਸਾਰੇ ਆਪਣੇ ਡੇਰੇ ਆ ਗਏ। ਉਥੇ 5–7 ਦਿਨ ਰਹੇ। ਫਿਰ ਅਸੀਂ ਇਨ੍ਹਾਂ ਨੂੰ ਕਲਕੱਤੇ ਵੱਲ ਕੱਢ ਦਿੱਤਾ, ਉਥੇ ਕਾਂਗਰਸ ਦਾ ਸੈਸ਼ਨ ਹੋ ਰਿਹਾ ਸੀ। ਪੁਲਿਸ ਦਾ ਪੂਰਾ ਪਹਿਰਾ ਸੀ। ਹਰ ਚੌਂਕ 'ਤੇ ਪੁਲਿਸ ਦੇ ਟੈਂਟ ਲੱਗੇ ਹੋਏ ਸਨ। ਸਾਰਾ ਸ਼ਹਿਰ ਪੁਲਿਸ ਨਾਲ ਭਰਿਆ ਪਿਆ ਸੀ। ਇਸ ਦੇ ਬਾਵਜੂਦ ਅਸੀਂ ਉਨ੍ਹਾਂ ਨੂੰ ਅੰਗਰੇਜ਼ੀ ਡਰੈਸ ਪੁਆਈ ਤੇ ਫਸਟ ਕਲਾਸ ਦੇ ਡੱਬੇ ਵਿਚ ਬਿਠਾ ਦਿੱਤਾ। ਰਾਜਗੁਰੂ ਇਨ੍ਹਾਂ ਦੇ ਨੌਕਰ ਦੇ ਤੌਰ 'ਤੇ ਨਾਲ ਗਿਆ। ਭਗਵਤੀ ਚਰਣ ਵੋਹਰਾ ਦੀ ਪਤਨੀ, ਦੁਰਗਾ ਭਾਬੀ ਉਸ ਦੀ ਪਤਨੀ ਦੇ ਤੌਰ 'ਤੇ ਨਾਲ ਗਈ।

**ਪ੍ਰ: ਸਾਂਡਰਸ ਨੂੰ ਮਾਰਨ ਮਗਰੋਂ ਲਾਹੌਰ ਏਨੇ ਦਿਨ ਰਹਿਣਾ ਠੀਕ ਨਹੀਂ ਸੀ ਪਰ ਭਗਤ ਸਿੰਘ ਹੁਰੀਂ ਕਿਉਂ ਠਹਿਰੇ ਰਹੇ ਜਦੋਂ ਕਿ ਹਰ ਪਾਸੇ ਪੁਲਿਸ ਹੀ ਪੁਲਿਸ ਸੀ ?**

ਉ: ਅਸੀਂ ਸੋਚਦੇ ਸਾਂ ਕਿ ਹੌਲੀ-ਹੌਲੀ ਠੰਢ ਵਰਤ ਜਾਵੇਗੀ ਤੇ ਗੱਲ ਢਿੱਲੀ ਪੈ ਜਾਵੇਗੀ। ਪਰ ਜਦੋਂ ਸਾਨੂੰ ਠੰਢ ਨਾ ਹੁੰਦੀ ਦਿਖਾਈ ਦਿੱਤੀ, ਕਿਉਂਕਿ ਹਾਲਤ ਇਹ ਹੋ ਗਈ ਕਿ ਜਿਸ ਦਿਨ

ਇਹ ਘਟਨਾ ਹੋਈ ਅਗਲੇ ਦਿਨ ਸਾਰੇ ਪੰਜਾਬ ਦੀ ਪੁਲਿਸ ਉਥੇ ਪਹੁੰਚ ਗਈ ਤੇ ਦੂਰ-ਦੂਰ ਤੱਕ ਸਾਰੇ ਪਿੰਡਾਂ ਵਿੱਚ ਤਲਾਸ਼ੀ ਹੋਈ। ਰਾਤੋ-ਰਾਤ ਸਾਰੇ ਹੋਸਟਲਾਂ ਦੀ ਤਲਾਸ਼ੀ ਹੋਈ। ਸਾਰਾ ਸ਼ਹਿਰ ਘੇਰ ਲਿਆ। ਹੋਸਟਲਾਂ ਵਿਚ ਲਿਸਟ ਬਣਵਾਈ ਗਈ ਕਿ ਕਿਹੜੇ-ਕਿਹੜੇ ਗੈਰ-ਹਾਜ਼ਰ ਸਨ ਪਰ ਕੁਦਰਤੀ ਲਿਸਟ ਲਗਭਗ ਚਾਰ-ਪੰਜ ਹਜ਼ਾਰ ਤੋਂ ਉਪਰ ਬਣ ਗਈ ਕਿਉਂਕਿ ਲੜਕੇ ਉਥੇ ਨਹੀਂ ਸਨ। ਨਹੀਂ ਤਾਂ ਉਸੇ ਰਾਤ ਹੀ ਸਾਰੇ ਸਾਥੀਆਂ ਨੇ ਗ੍ਰਿਫ਼ਤਾਰ ਹੋ ਜਾਣਾ ਸੀ। ਫਿਰ ਇਸ ਤਰੀਕੇ ਨਾਲ ਭਗਤ ਸਿੰਘ ਹੁਰਾਂ ਨੂੰ ਕੱਢਿਆ ਗਿਆ। ਅਜ਼ਾਦ ਤੇ ਭਗਵਤੀ ਚਰਨ ਵੋਹਰਾ ਵੀ ਉਦੋਂ ਇਥੇ ਹੀ ਸਨ। ਫਿਰ ਸਾਰਿਆਂ ਨੇ ਸਕੀਮ ਬਣਾਈ ਕਿ ਅੰਗਰੇਜ਼ੀ ਡਰੈਸ ਪਾ ਕੇ ਹੀ ਬਾਹਰ ਨਿਕਲਿਆ ਜਾਵੇ ਤੇ ਉਹ ਸਕੀਮ ਉਨ੍ਹਾਂ ਦੀ ਕਾਮਯਾਬ ਹੋ ਗਈ। ਉਂਝ ਸਟੇਸ਼ਨ 'ਤੇ ਬਹੁਤ ਚੈਕਿੰਗ ਸੀ।

ਉਸ ਤੋਂ ਮਗਰੋਂ ਫਿਰ ਮੈਂ ਆਜ਼ਾਦ ਸਾਹਿਬ ਨੂੰ ਛੱਡਣ ਲਈ ਮੇਰਠ ਗਿਆ। ਮੇਰੇ ਨਾਲ ਸੁਖਦੇਵ ਦੇ ਮਾਤਾ ਜੀ ਵੀ ਸਨ। ਅਸੀਂ ਹਰਿਦੁਆਰ ਉਤਰ ਗਏ ਤੇ ਉਹ ਅਗੇ ਚਲੇ ਗਏ ਅਤੇ ਅਸੀਂ ਫਿਰ ਵਾਪਸ ਆ ਗਏ।

**ਪ੍ਰ: ਚੰਦਰਸ਼ੇਖਰ ਆਜ਼ਾਦ ਫਿਰ ਪਕੜਿਆ ਗਿਆ ਕਿ ਨਹੀਂ ?**

ਉ: ਚੰਦਰਸ਼ੇਖਰ ਆਜ਼ਾਦ, ਜਦ ਦੂਜਿਆਂ ਸਾਥੀਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਜ਼ਾਵਾਂ ਹੋ ਗਈਆਂ ਤਾਂ ਫਿਰ ਆਜ਼ਾਦ ਪੰਡਤ ਨਹਿਰੂ ਕੋਲ ਇਲਾਹਾਬਾਦ ਗਿਆ ਕਿ ਕਿਸੇ ਤਰ੍ਹਾਂ ਇਨ੍ਹਾਂ ਦੀ ਫਾਂਸੀ ਤੁੜਵਾਈ ਜਾਵੇ। ਇਲਾਹਾਬਾਦ ਫਿਰ ਆਜ਼ਾਦ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ। ਕਿਸੇ ਨੇ ਉਸ ਬਾਰੇ ਦੱਸ ਦਿੱਤਾ ਤੇ ਉਹ ਪੁਲਿਸ ਮੁਕਾਬਲੇ ਵਿਚ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ। ਉਹ ਨਹਿਰੂ ਨੂੰ ਨਹੀਂ ਮਿਲ ਸਕਿਆ। ਚੰਦਰਸ਼ੇਖਰ ਆਜ਼ਾਦ ਸਾਧੂ ਦੇ ਭੇਸ ਵਿਚ ਗਿਆ ਸੀ ਤੇ ਉਥੇ ਇਕ ਬਾਗ਼ ਵਿਚ ਠਹਿਰਿਆ ਸੀ, ਜਿਸ ਨੂੰ ਪੁਲਿਸ ਨੇ ਘੇਰ ਲਿਆ ਸੀ। ਉਸ ਕੋਲ ਪਿਸਤੌਲ ਸੀ। ਵੈਸੇ ਤਾਂ ਉਹ ਆਪਣੇ ਕੋਲ ਮਾਊਜਰ ਰੱਖਦਾ ਹੁੰਦਾ ਸੀ ਪਰ ਉਸ ਦਿਨ ਉਸ ਕੋਲ ਮਾਮੂਲੀ ਪਿਸਤੌਲ ਸੀ।

**ਪ੍ਰ: ਇਸ ਤੋਂ ਮਗਰੋਂ ਫਿਰ ਅੱਗੇ ਤੁਸੀਂ ਕੀ ਸੋਚਿਆ ?**

ਉ: ਫਿਰ ਮੈਂ ਆਪਣਾ ਕੰਮ ਸ਼ੁਰੂ ਕਰ ਦਿੱਤਾ। ਬੰਬ ਬਣਾਉਣ ਦੇ ਸਬੰਧ ਵਿਚ ਅਸੀਂ ਫੜੇ ਗਏ ਸੀ। ਬੰਬ ਬਣਾਉਣ ਦੀ ਫੈਕਟਰੀ ਸਾਡੀ ਲਾਹੌਰ ਸੀ। ਕਸ਼ਮੀਰ ਬਿਲਡਿੰਗ ਕਿਲ੍ਹਾ ਗੁਜਰ ਸਿੰਘ ਕੋਲ ਜਗ੍ਹਾ ਸੀ। ਉਸ ਵਿਚ ਡੈਨ (den) ਸੀ। ਜਦੋਂ ਸੈਂਟਰਲ ਅਸੈਂਬਲੀ ਵਿਚ ਬੰਬ ਸੁੱਟਿਆ ਗਿਆ ਫਿਰ ਸਰਕਾਰ ਕਾਫ਼ੀ ਗੰਭੀਰ ਹੋ ਗਈ। ਪਹਿਲਾਂ ਉਹ ਕਲਕੱਤੇ ਗਏ ਸਨ, ਫਿਰ ਆ ਕੇ ਬੰਬ ਸੁਟਿਆ ਸੀ। ਸਾਡਾ ਖ਼ਿਆਲ ਸੀ ਕਿ ਪੁਲਿਸ ਦਾ ਪਹਿਰਾ ਏਨਾ ਹੋਵੇਗਾ ਕਿ ਬੰਬ ਸੁੱਟਣ ਮਗਰੋਂ ਆਪਣੇ ਬੰਦਿਆਂ ਨੂੰ ਅਸੀਂ ਨਹੀਂ ਕੱਢ ਸਕਾਂਗੇ। ਖ਼ਿਆਲ ਇਹੀ ਸੀ ਕਿ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿਉ। ਬੰਬ ਸੁੱਟਣ ਮਗਰੋਂ ਭਗਤ ਸਿੰਘ ਤੇ ਦੱਤ ਨੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

**ਪ੍ਰ: ਦੱਤ ਦਾ ਪੂਰਾ ਨਾਮ ਕੀ ਸੀ ? ਇਸ ਬਾਰੇ ਕੁਝ ਦਸੋ।**

ਉ: ਇਹ ਕਾਨਪੁਰ ਏਰੀਏ ਦਾ ਯੂ.ਪੀ. ਦਾ ਰਹਿਣ ਵਾਲਾ ਸੀ। ਇਸ ਦਾ ਪੂਰਾ ਨਾਂ ਬਟੁਕੇਸ਼ਵਰ ਦੱਤ ਸੀ। ਇਸ ਦੀ ਸਿਹਤ ਕਾਫ਼ੀ ਖ਼ਰਾਬ ਹੋ ਗਈ ਸੀ ਤੇ ਇਸ ਨੇ ਕਿਹਾ ਸੀ ਕਿ ਉਂਝ ਵੀ ਮਰ ਜਾਣਾ ਹੈ, ਕਿਉਂ ਨਾ ਕੁਝ ਕਰਾਂ। ਜਦੋਂ ਭੰਗੀਆਂ ਦੀ ਹੜਤਾਲ ਹੋਈ (ਇਹ

ਹੜਤਾਲ ਕੋਈ ਡੇਢ ਮਹੀਨਾ ਚੱਲੀ) ਤਾਂ ਉਦੋਂ ਜੇਹਲ ਵਿਚ ਇਸ ਨੂੰ ਟੀ.ਬੀ. ਦਾ ਰੋਗ ਲੱਗ ਗਿਆ। ਇਹ ਬੰਗਾਲੀ ਸੀ, ਨਾਜ਼ੁਕ ਤਬੀਅਤ ਦਾ ਸੀ। ਇਸ ਨੇ ਫਿਰ ਇਹ ਮਨ ਬਣਾ ਲਿਆ ਸੀ ਕਿ ਕੁਝ ਕਰਨਾ ਹੈ। ਭਗਤ ਸਿੰਘ ਨੂੰ ਸਾਂਡਰਸ ਕੇਸ ਕਰਕੇ ਫਾਂਸੀ ਹੋਈ ਸੀ ਤੇ ਦੱਤ ਨੂੰ ਬਰੀ ਕਰ ਦਿੱਤਾ ਗਿਆ ਸੀ, ਕਿਉਂਕਿ ਉਹ ਸਾਂਡਰਸ ਨੂੰ ਮਾਰਨ ਵਿਚ ਨਹੀਂ ਸੀ।

**ਪ੍ਰ: ਜਦੋਂ ਤੁਸੀਂ ਬੰਬ ਬਣਾਉਂਦੇ ਹੋਏ ਫੜੇ ਗਏ ਸੀ ਤਾਂ ਤੁਹਾਡੇ ਨਾਲ ਹੋਰ ਕੌਣ ਸੀ ?**

ਉ: ਉਦੋਂ ਮੈਂ, ਸੁਖਦੇਵ ਤੇ ਜੈ ਗੁਪਾਲ ਸਾਂ। ਜੈ ਗੁਪਾਲ ਵਾਇਦਾ-ਮਾਫ਼ ਹੋ ਗਿਆ ਸੀ। ਉਸ ਦਾ ਮਨ ਡੋਲ ਗਿਆ। ਜਦੋਂ ਉਸ ਨੂੰ ਪਹਿਲੇ ਹੀ ਰੇਲਵੇ ਪੁਲਿਸ ਅੰਦਰ ਬੰਦ ਕੀਤਾ ਗਿਆ ਤਾਂ ਉਹ ਘਬਰਾ ਗਿਆ ਤੇ ਉਸ ਨੇ ਸਾਰਾ ਕੁਝ ਦੱਸ ਦਿੱਤਾ ਤੇ ਉਸ ਨੂੰ ਫਿਰ ਛੱਡ ਦਿੱਤਾ ਗਿਆ।

**ਪ੍ਰ: ਤੁਸੀਂ ਬੰਬ ਕਿਵੇਂ ਬਣਾਉਂਦੇ ਸੀ ?**

ਉ: ਅਸੀਂ ਬੰਬ ਦਾ ਖੋਲ ਬਾਹਰੋਂ ਲਿਆਉਂਦੇ ਸਾਂ। ਇਹ ਖੋਲ ਬ੍ਰਿਟਿਸ਼ ਬੰਬ ਦੇ ਖੋਲ ਤੋਂ ਵੱਡਾ ਸੀ। ਖੋਲ ਬਾਹਰੋਂ ਢਲਵਾਂ ਹੁੰਦਾ ਸੀ ਤੇ ਉਸ ਵਿੱਚ ਬਾਰੂਦ ਭਰਦੇ ਸਾਂ। ਸਾਡਾ ਇਕ ਦਾਸ ਨਾਮੀਂ ਆਦਮੀ ਵੀ ਬਾਰੂਦ ਬਣਾਉਣਾ ਜਾਣਦਾ ਸੀ। ਇਕ ਹੋਰ ਆਦਮੀ ਕਾਨਪੁਰ ਤੋਂ ਸੀ। ਸਾਡੇ ਅਸਲੀ ਨਾਮ ਹੋਰ ਰੱਖੇ ਹੋਏ ਸਨ। ਇਸ ਤਰ੍ਹਾਂ ਅਸੀਂ ਬੰਬ ਤਿਆਰ ਕਰਦੇ ਸਾਂ। ਸਾਨੂੰ ਬੰਬ ਤਿਆਰ ਕਰਦਿਆਂ ਨੂੰ ਫੜਿਆ ਗਿਆ ਸੀ।

**ਪ੍ਰ: ਫਿਰ ਤੁਹਾਨੂੰ ਫੜ ਕੇ ਕਿੱਥੇ ਲੈ ਗਏ ?**

ਉ: ਮੈਨੂੰ ਤਾਂ ਲਾਹੌਰ ਕਿਲ੍ਹੇ ਵਿਚ ਲੈ ਗਏ ਤੇ ਉਨ੍ਹਾਂ ਨੂੰ ਲਾਹੌਰ ਹਵਾਲਾਤ ਲੈ ਗਏ।

**ਪ੍ਰ: ਫਿਰ ਜੇਲ੍ਹ ਵਿਚ ਤੁਹਾਡੇ ਨਾਲ ਕੀ ਬੀਤੀ ?**

ਉ: ਲਾਹੌਰ ਦੇ ਕਿਲ੍ਹੇ ਦੀ ਸਜ਼ਾ ਤਾਂ ਇੰਨੀ ਭਿਆਨਕ ਸੀ ਕਿ ਮੈਂ ਅੱਜ ਵੀ ਕਹਿ ਦਿੰਦਾ ਹਾਂ ਕਿ ਜਿਹੜਾ ਲਾਹੌਰ ਦੇ ਕਿਲ੍ਹੇ ਵਿਚ ਰਹਿ ਆਇਆ ਹੈ, ਜੇ ਰੋਟੀ ਖਾਂਦੇ ਨੂੰ ਲਾਹੌਰ ਦੇ ਕਿਲ੍ਹੇ ਦਾ ਨਾਮ ਲੈ ਦੇਈਏ ਤਾਂ ਰੋਟੀ ਛੁੱਟ ਜਾਂਦੀ ਏ। 1914 ਵਿਚ ਇਕ ਸਜਨ ਅੰਬਾਲੇ ਦਾ ਸੀ, ਉਹ ਗ਼ਦਰੀਆਂ ਦੇ ਅੰਦੋਲਨ ਵਿਚ ਫੜਿਆ ਗਿਆ ਸੀ। ਉਸ ਤੋਂ ਮਗਰੋਂ ਉਸ ਨੂੰ ਛੱਡ ਦਿੱਤਾ ਗਿਆ। ਉਸ ਨੂੰ ਕਿਲ੍ਹੇ ਵਿਚ ਦੋ ਮਹੀਨੇ ਰਖਿਆ ਸੀ ਤੇ ਉਸ ਨੂੰ ਛੱਡਣ ਸਮੇਂ ਕਿਹਾ ਕਿ ਰੇਲਵੇ ਲਾਈਨ ਦੇ ਨਾਲ ਨਾਲ ਤੁਰਿਆ ਜਾਵੀਂ, ਕਿਤੇ ਨਾ ਖਲੋਵੀ ਤੇ ਗੱਡੀ ਨਾ ਚੜ੍ਹੀਂ। ਅੰਬਾਲੇ ਤੱਕ ਉਹ ਪੈਦਲ ਤੁਰਦਾ ਰਿਹਾ। ਇਸ ਤਰ੍ਹਾਂ ਕੁੱਟ-ਕੁੱਟ ਕੇ ਸਿਰ ਫੇਂਹ ਦਿੰਦੇ ਸੀ। ਸਭ ਤੋਂ ਵੱਡੀ ਸਜ਼ਾ ਉਹ ਜਗਰਾਤਾ ਕਰਾਉਂਦੇ ਸਨ। ਬਲਬ ਲਾ ਦੇਣੇ, ਪਾਣੀ ਨਾ ਦੇਣਾ, ਕਮਰਾ ਛੋਟਾ ਹੋਣਾ, ਗੱਲਾਂ ਬਾਰੇ ਕਹਿਣਾ, ਫਿਰ ਕੁੱਟਣਾ। ਗੱਲ ਕਰਦਿਆਂ-ਕਰਦਿਆਂ ਇਕ ਥੱਪੜ ਇਧਰੋਂ ਮਾਰਨਾ ਇਕ ਦੂਸਰੇ ਪਾਸਿਉਂ। ਮੈਨੂੰ ਵੀ ਸਜ਼ਾ ਦਿੱਤੀ ਗਈ। ਮੈਨੂੰ ਜਗਾਣ ਲਈ ਲੰਮਾ ਪਾਇਆ ਤਾਂ ਸਵੇਰ ਦੇ ਵੇਲੇ ਇਕ ਥਾਣੇਦਾਰ ਮੇਰੇ ਵਾਲ ਖਿੱਚਣ ਲੱਗ ਪਿਆ ਤੇ ਕਹਿਣ ਲੱਗਿਆਂ ਕਿ ਪਹਾੜੀਆ ਪਿਆ ਹੈਂ। ਸੂਰ ਬੋਲਦਾ ਹੀ ਨਹੀਂ। ਮੈਂ ਉਸ ਦੇ ਮੂੰਹ 'ਤੇ ਥੁੱਕ ਦਿੱਤਾ। ਕਹਿਣ ਲੱਗਿਆ ਕਿ ਇਹ ਸ਼ਰਾਫਤ ਹੈ ? ਮੈਂ ਕਿਹਾ ਕਿ ਤੂੰ ਤਾਂ ਜਿਵੇਂ ਮੈਨੂੰ ਛੁਹਾਰਾ ਦੇ ਰਿਹਾ ਹੈਂ। ਫਿਰ ਮੈਨੂੰ ਕੁੱਟਿਆ ਗਿਆ।

**ਪ੍ਰ: ਤੁਸੀਂ ਜੇਲ੍ਹ ਵਿਚ ਕਿੰਨਾ ਚਿਰ ਰਹੇ ?**

ਉ: ਮੈਂ ਕੋਈ 17 ਸਾਲ ਜੇਲ੍ਹ ਵਿਚ ਰਿਹਾ। ਮੈਨੂੰ ਉਮਰ ਕੈਦ ਦਿੱਤੀ ਸੀ। ਕਿਉਂਕਿ ਮੈਨੂੰ ਕਾਨਸੀਪੀਰੇਸੀ ਕਰ ਕੇ ਸਜ਼ਾ ਦਿੱਤੀ ਸੀ। ਇਕ ਮੇਰੇ ਤੋਂ ਹੋਰ ਵੀ ਛੋਟਾ ਸੀ, ਉਸ ਦਾ ਨਾਮ ਪ੍ਰੇਮ

ਦੱਤ ਵਰਮਾ ਸੀ। ਉਹ ਅੱਜਕਲ੍ਹ ਚੰਡੀਗੜ੍ਹ ਰਹਿੰਦਾ ਹੈ। ਕਈ ਵਾਰੀ ਅਸੀਂ ਕੋਰਟ ਵਿਚ ਹੀ ਜੱਜ ਦੀ ਬੇਇੱਜ਼ਤੀ ਕਰ ਦਿੰਦੇ ਸੀ। ਫਿਰ ਸਾਡੇ 'ਤੇ ਲਾਠੀਚਾਰਜ ਵੀ ਹੁੰਦਾ ਸੀ।

**ਪ੍ਰ: ਤੁਹਾਡੇ ਉਤੇ ਕਿਸ ਵਿਅਕਤੀ ਦਾ ਬਹੁਤ ਅਸਰ ਹੋਇਆ? ਕੀ ਤੁਹਾਡੇ 'ਤੇ ਲਾਲਾ ਲਾਜਪਤ ਰਾਏ ਦਾ ਵੀ ਕੋਈ ਅਸਰ ਸੀ?**

ਉ: ਲਾਲਾ ਲਾਜਪਤ ਰਾਏ ਦਾ ਸਾਡੇ 'ਤੇ ਕੋਈ ਬਹੁਤਾ ਅਸਰ ਨਹੀਂ ਸੀ। ਉਸ ਵੇਲੇ ਸੋਸ਼ਲਿਜ਼ਮ ਦਾ ਪ੍ਰਚਾਰ ਸੀ। ਰੂਸ ਦੇ ਸੋਸ਼ਲਿਜ਼ਮ ਦਾ ਸਾਡੇ 'ਤੇ ਅਸਰ ਸੀ। ਸਾਡੀ ਬਹੁਤੀ ਮਸ਼ਹੂਰੀ ਇਸ ਲਈ ਵੀ ਹੋਈ ਕਿ ਸਾਥੋਂ ਪਹਿਲਾਂ ਜੋ ਫਾਂਸੀ 'ਤੇ ਚਾੜ੍ਹੇ ਗਏ ਉਨ੍ਹਾਂ ਦਾ ਰਸਤਾ ਇਹ ਸੀ ਕਿ ਅੰਗਰੇਜ਼ਾਂ ਨੂੰ ਬੰਦੂਕ ਔਰ ਗੋਲੀ ਨਾਲ ਕੱਢੋ। ਪਰ ਅਸੀਂ ਕਿਹਾ ਕਿ ਇਹ ਰਾਹ ਗਲਤ ਹੈ। ਜਿੰਨਾ ਚਿਰ ਤੱਕ ਲੋਕ ਇਕਮੁੱਠ ਨਾ ਕੀਤੇ ਜਾਣ ਓਨਾ ਚਿਰ ਕੋਈ ਕਾਮਯਾਬੀ ਨਹੀਂ ਮਿਲਣੀ।

**ਪ੍ਰ: ਮੈਂ ਸੁਣਿਆ ਸੀ ਕਿ ਭਗਤ ਸਿੰਘ ਕਾਫ਼ੀ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਉਹ ਕਿਸ ਕਿਸਮ ਦੀਆਂ ਕਿਤਾਬਾਂ ਪੜ੍ਹਦਾ ਸੀ?**

ਉ: ਸਾਡੇ ਵੇਲੇ ਜਿੰਨੇ ਵੀ ਇਨਕਲਾਬੀ ਸਨ ਉਹ ਫਰਾਂਸ ਦੇ ਇਨਕਲਾਬੀਆਂ ਤੋਂ ਬਹੁਤ ਪ੍ਰਭਾਵਿਤ ਸਨ। ਉਦੋਂ ਹੀ ਫਿਰ ਰੂਸ ਵਿਚ ਇਨਕਲਾਬ ਆਇਆ, ਇਹ 1917 ਦੀ ਗੱਲ ਹੈ। ਫਿਰ ਇਸ ਵੱਲ ਵਧੇ ਲੋਕ। ਸਾਡੇ ਜੋ ਟੈਰੋਰਿਸਟ ਸਨ, ਉਨ੍ਹਾਂ 'ਤੇ ਆਇਰਲੈਂਡ ਦੇ ਇਨਕਲਾਬ ਦਾ ਡੂੰਘਾ ਅਸਰ ਸੀ। ਸਾਡਾ ਝੁਕਾਅ ਇਹ ਸੀ ਕਿ ਕਿਹੜਾ ਰਾਹ ਸਾਡੇ ਲਈ ਵਧੀਆ 'ਤੇ ਢੁਕਵਾਂ ਸੀ। ਭਗਤ ਸਿੰਘ 'ਤੇ ਰੂਸ ਦੇ ਇਨਕਲਾਬ ਦਾ ਅਸਰ ਸੀ।

**ਪ੍ਰ: ਭਗਤ ਸਿੰਘ ਪੜ੍ਹਨ ਲਈ ਇਨਕਲਾਬੀ ਕਿਤਾਬਾਂ ਕਿੱਥੋਂ ਲੈਂਦੇ ਸਨ, ਜਦੋਂਕਿ ਸੋਸ਼ਲਿਜ਼ਮ ਦੀਆਂ ਕਿਤਾਬਾਂ ਮਿਲਦੀਆਂ ਹੀ ਨਹੀਂ ਸਨ?**

ਉ: ਦੋ ਲਾਇਬ੍ਰੇਰੀਆ ਸਨ-ਇਕ ਤਾਂ ਦਵਾਰਕਾ ਲਾਇਬ੍ਰੇਰੀ ਸੀ ਤੇ ਦੂਜੀ ਐਫ.ਸੀ. ਕਾਲਜ ਦੀ ਲਾਇਬ੍ਰੇਰੀ ਵੀ ਬਹੁਤ ਵਧੀਆ ਸੀ। ਕਿਤਾਬਾਂ ਦੀ ਕੀਮਤ ਬਹੁਤ ਜ਼ਿਆਦਾ ਸੀ ਜਿਵੇਂ ਕਿ ਲੈਨਿਨਇਜ਼ਮ ਬਾਈ ਸਟਾਲਿਨ, ਇਸ ਦੀ ਕੀਮਤ 35/- ਰੁਪਏ ਹੁੰਦੀ ਸੀ, ਜੋ ਅੱਜ-ਕੱਲ੍ਹ ਦੋ-ਤਿੰਨ ਰੁਪਏ ਵਿਚ ਮਿਲ ਸਕਦੀ ਹੈ। ਇਹ ਕਿਤਾਬ ਇੰਗਲੈਂਡ ਤੋਂ ਆਉਂਦੀ ਸੀ ਤੇ ਕੇਵਲ ਵਕੀਲਾਂ ਕੋਲੋਂ ਹੀ ਮਿਲਦੀ ਸੀ। ਭਗਤ ਸਿੰਘ ਇਨ੍ਹਾਂ ਲਾਇਬ੍ਰੇਰੀਆਂ 'ਚੋਂ ਕਿਤਾਬਾਂ ਪੜ੍ਹਦਾ ਹੁੰਦਾ ਸੀ। ਉਸ 'ਤੇ ਇਸ ਇਨਕਲਾਬ ਦਾ ਪ੍ਰਭਾਵ ਪਿਆ। ਉਸ ਦਾ ਰੂਸ ਦੀ ਕਿਸੇ ਪਾਰਟੀ ਨਾਲ ਸੰਬੰਧ ਨਹੀਂ ਸੀ। ਉਸ 'ਤੇ ਰੂਸ ਦੇ ਸਿਧਾਂਤ ਦਾ ਅਸਰ ਪਿਆ ਕਿ ਉਨ੍ਹਾਂ ਨੇ ਕਿਵੇਂ ਆਜ਼ਾਦੀ ਲਈ ਹੈ। ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਹੁਰਾਂ ਨੇ ਵੀ ਕਿਤੇ ਵਿਦਿਆਰਥੀਆਂ ਨੂੰ ਕਿਹਾ ਕਿ ਪਹਿਲਾਂ ਲੋਕਾਂ ਨੂੰ ਇੱਕ ਮੁੱਠ ਕਰੋ ਫਿਰ ਅਗਲਾ ਕਦਮ ਉਠਾਉ, ਕਿਉਂਕਿ ਇਹ ਦੋਵੇਂ ਵਿਅਕਤੀ ਰੂਸ ਜਾ ਕੇ ਆਏ ਸਨ। ਦੇਖੋ ਕਿ ਜਿਵੇਂ ਮਹਾਤਮਾ ਗਾਂਧੀ ਦਾ ਹਰ ਇਕ ਵਿਅਕਤੀ ਦੀ ਨਬਜ਼ 'ਤੇ ਹੱਥ ਸੀ, ਤੇ ਨਮਕ ਇਕ ਮਾਮੂਲੀ ਜਿਹੀ ਚੀਜ਼ ਸੀ। ਪਰ ਵਰਤਦੇ ਸਾਰੇ ਸਨ। ਸੋ ਨਮਕ ਦਾ ਸੱਤਿਆਗ੍ਰਹਿ ਸਾਰਿਆਂ 'ਤੇ ਲਾਗੂ ਹੁੰਦਾ ਸੀ।

**ਪ੍ਰ: ਹੁਣ ਤੁਸੀਂ ਸਾਨੂੰ ਜੋ ਤੁਹਾਡੇ ਭਗਤ ਸਿੰਘ ਬਾਰੇ ਜਾਤੀ ਪ੍ਰਭਾਵ ਹਨ, ਉਨ੍ਹਾਂ ਬਾਰੇ ਦੱਸੋ।**

ਉ: ਭਗਤ ਸਿੰਘ ਇਕ ਜੱਟ ਖਾਨਦਾਨ ਵਿਚੋਂ ਸੀ, ਜਿਸ ਵਿਚ ਪਾਲੇਟਿਕਸ ਪਹਿਲਾਂ ਹੀ ਜਨਮ ਲੈ ਚੁੱਕੀ ਸੀ। ਉਨ੍ਹਾਂ ਦੇ ਚਾਚਾ ਇਕ ਨੈਸ਼ਨਲਿਸਟ ਲੀਡਰ ਸਨ। ਬਾਪ ਵੀ ਕੈਦ

ਹੋਇਆ। ਇਸ ਤਰ੍ਹਾਂ ਉਸ 'ਤੇ ਇਹ ਅਸਰ ਵੀ ਸੀ ਕਿ ਹਿੰਦੁਸਤਾਨ ਕਿਵੇਂ ਆਜ਼ਾਦ ਹੋਵੇ। ਭਗਤ ਸਿੰਘ ਬੀ.ਏ. ਪਾਸ ਸੀ। ਭਗਤ ਸਿੰਘ ਪਹਿਲਾਂ ਅਕਾਲੀ ਤਹਿਰੀਕ ਵਿਚ ਗ੍ਰਿਫ਼ਤਾਰ ਹੋਇਆ। ਲਾਇਲਪੁਰ ਦਾ ਜੋ ਪਹਿਲਾ ਜੱਥਾ ਆਇਆ, ਉਸ ਵਿੱਚ ਇਹ ਇਕ ਲੀਡਰਾਂ 'ਚੋਂ ਸੀ। ਇਹ ਜੱਥਾ ਗੁਰੂ ਕੇ ਬਾਗ਼ ਵੀ ਆਇਆ ਸੀ। ਇਹ ਕਾਕੋਰੀ ਕੇਸ ਵਿੱਚ ਵੀ ਸੀ ਪਰ ਫੜਿਆ ਨਹੀਂ ਗਿਆ ਸੀ। ਫਿਰ ਜਦੋਂ ਕਾਕੋਰੀ ਕੇਸ ਤੋਂ ਬਾਅਦ ਇਥੇ ਆਇਆ ਤਾਂ ਫਿਰ ਇਹ ਗ੍ਰਿਫ਼ਤਾਰ ਹੋਇਆ ਤੇ ਇਕ ਲੱਖ ਦੀ ਜ਼ਮਾਨਤ 'ਤੇ ਰਿਹਾਅ ਹੋਇਆ। ਇਹ 1926 ਦੀ ਗੱਲ ਹੈ। ਭਗਤ ਸਿੰਘ ਨੂੰ ਪਿੰਡ ਸਾਂਦੇ ਤੋਂ ਫੜਿਆ ਗਿਆ ਸੀ।

**ਪ੍ਰ: ਰਾਜਗੁਰੂ ਬਾਰੇ ਵੀ ਕੁਝ ਦੱਸੋ।**

ਉ: ਬਾਹਰ ਤਾਂ ਮੈਂ ਰਾਜਗੁਰੂ ਨੂੰ ਕਾਫ਼ੀ ਘੱਟ ਮਿਲਿਆ ਪਰ ਜੇਲ੍ਹ ਵਿਚ ਅਸੀਂ ਮਿਲਦੇ ਰਹੇ ਹਾਂ ਕਿਉਂਕਿ ਮੁਕੱਦਮਾ ਤਾਂ ਇਕੱਠਾ ਹੀ ਚਲਦਾ ਰਿਹਾ। ਮੈਂ ਤਾਂ 1929 ਵਿਚ ਪਕੜਿਆ ਗਿਆ ਸੀ ਤੇ ਰਾਜਗੁਰੂ 1930 ਵਿਚ ਪਕੜਿਆ ਗਿਆ ਸੀ। ਬਹੁਤ ਹੀ ਦਿਮਾਗੀ ਇਨਸਾਨ ਸੀ। ਮੈਂ ਬੰਬ ਕੇਸ ਤੋਂ ਮਗਰੋਂ ਫੜਿਆ ਗਿਆ ਸੀ। ਰਾਜਗੁਰੂ ਸੰਸਕ੍ਰਿਤ ਦਾ ਸਕਾਲਰ ਸੀ ਪਰ ਅੰਗਰੇਜ਼ੀ ਦਾ ਇਕ ਲਫ਼ਜ਼ ਵੀ ਨਹੀਂ ਜਾਣਦਾ ਸੀ। ਪਰ ਜਦੋਂ ਸਾਡਾ ਮੁਕੱਦਮਾ ਚੱਲਣ ਲੱਗਿਆ ਤਾਂ 7 ਮਹੀਨੇ ਮਗਰੋਂ ਉਹ ਆਇਆ ਤਾਂ ਅੰਗਰੇਜ਼ੀ ਦਾ ਅਖ਼ਬਾਰ ਵੀ ਪੜ੍ਹ ਲੈਂਦਾ ਸੀ ਤੇ ਆਪਣੇ ਕੇਸ ਬਾਰੇ ਜੱਜਾਂ ਨਾਲ ਗੱਲਬਾਤ ਵੀ ਕਰ ਲੈਂਦਾ ਸੀ। ਅਸੀਂ ਸਾਰੇ ਮੰਨ ਗਏ ਕਿ ਕਮਾਲ ਦੀ ਗੱਲ ਹੈ ਕਿ ਜੇ ਇਸ ਨੂੰ ਕਿਤੇ ਪਹਿਲੇ ਟਾਈਮ ਮਿਲ ਜਾਂਦਾ ਤਾਂ ਇਸ ਨੇ ਹੋਰ ਵੀ ਪ੍ਰਸੰਸਾ ਲੈਣੀ ਸੀ।

**ਪ੍ਰ: ਸੁਖਦੇਵ ਬਾਰੇ ਕੁਝ ਹੋਰ ਵੀ ਦੱਸੋ।**

ਉ: ਜਿਥੋਂ ਤੱਕ ਮਾਰਕਸਇਜ਼ਮ ਦੀ ਥਿਊਰੀ ਦਾ ਸਵਾਲ ਸੀ, ਇਹ ਤੇ ਭਗਤ ਸਿੰਘ ਦੋਵੇਂ ਬਿਲਕੁਲ ਜਾਣੂ ਸਨ। ਭਾਵੇਂ ਕਿਤਾਬਾਂ ਉਦੋਂ ਘੱਟ ਮਿਲਦੀਆਂ ਸਨ। ਇਸ ਨੂੰ ਭਗਤ ਸਿੰਘ ਦੇ ਨਾਲ ਹੀ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ।

**ਪ੍ਰ: ਭਗਵਤੀ ਚਰਨ ਬਾਰੇ ਵੀ ਦੱਸੋ। ਇਹ ਕੌਣ ਸੀ ?**

ਉ: ਭਗਵਤੀ ਚਰਨ ਦਾ ਬਾਪ ਰੇਲਵੇ 'ਚ ਮੁਲਾਜ਼ਮ ਸੀ। ਰਿਟਾਇਰ ਹੋਣ ਮਗਰੋਂ ਉਹ ਲਾਹੌਰ ਹੀ ਰਹਿੰਦਾ ਸੀ। ਇਸ ਦਾ ਆਪਣਾ ਮਕਾਨ ਸੀ। ਭਗਵਤੀ ਚਰਨ ਨੈਸ਼ਨਲਿਸਟਾਂ ਦਾ ਇਕ ਵਰਕਰ ਸੀ। ਪੜ੍ਹਾਉਣ ਦਾ ਕੰਮ ਵੀ ਕਰਦਾ ਸੀ। ਪ੍ਰਾਈਵੇਟ ਟਿਊਸ਼ਨਾਂ ਕਰ ਲੈਂਦਾ ਸੀ। ਉਸ ਕੋਲ ਜਾਇਦਾਦ ਵੀ ਸੀ। ਉਸ ਦਾ ਵਿਆਹ ਦੁਰਗਾ ਭਾਬੀ ਨਾਲ ਹੋਇਆ। ਇਹ ਯੂ.ਪੀ. ਦੇ ਰਹਿਣ ਵਾਲੇ ਸਨ। ਪੰਜਾਬ ਵਿਚ ਕਾਫ਼ੀ ਲੋਕ ਯੂ.ਪੀ. ਦੇ ਵੱਸੇ ਹੋਏ ਸਨ। ਦੁਰਗਾ ਭਾਬੀ ਵੀ ਇਸ ਆਜ਼ਾਦੀ ਦੀ ਲਹਿਰ ਵਿਚ ਪੂਰਾ ਹਿੱਸਾ ਲੈਂਦੀ ਸੀ। ਇਹ ਦੋਵੇਂ ਵਿਅਕਤੀ ਪੂਰੀ ਲਗਨ ਨਾਲ ਕੰਮ ਕਰਦੇ ਸਨ ਤੇ ਇਹ ਦੋਵੇਂ ਹੀ ਸੋਸ਼ਲਿਸਟ ਖਿਆਲਾਂ ਦੇ ਸਨ।

**ਪ੍ਰ: ਭਗਵਤੀ ਚਰਨ ਇਸ ਅਜ਼ਾਦੀ ਦੀ ਲਹਿਰ ਵੱਲ ਕਿਵੇਂ ਉਤਸ਼ਾਹਿਤ ਹੋਇਆ ?**

ਉ: ਲਾਹੌਰ ਨੌਜਵਾਨਾਂ ਦਾ ਸੈਂਟਰ ਸੀ। ਇਥੇ ਇਹ ਨੌਜਵਾਨ ਆਪਣੇ ਖ਼ਿਆਲਾਂ ਦਾ ਵਿਚਾਰ-ਵਟਾਂਦਰਾ ਕਰਦੇ ਸਨ। ਭਗਵਤੀ ਚਰਨ ਵੀ ਇਥੇ ਆਉਣ ਲੱਗ ਪਿਆ ਤੇ ਫਿਰ ਇਸ ਲਹਿਰ ਦੇ ਪ੍ਰਭਾਵ ਥੱਲੇ ਗੱਲਾਂਬਾਤਾਂ ਕਰਕੇ ਆਇਆ ਤੇ ਫਿਰ ਦੁਰਗਾ ਭਾਬੀ ਵੀ ਇਸ ਲਹਿਰ ਵੱਲ ਆ ਗਈ ਸੀ। ਇਹ ਦੋਵੇਂ ਕਾਕੋਰੀ ਕੇਸ ਵਿਚ ਵੀ ਸਨ।

ਪ੍ਰ: ਤੁਸੀਂ ਦੁਰਗਾ ਦਾਸ ਖੰਨਾ ਦਾ ਜ਼ਿਕਰ ਕੀਤਾ ਸੀ। ਇਸ ਬਾਰੇ ਦੱਸੋ ਕਿ ਇਹ ਕੌਣ ਸੀ ? ਇਸ ਦਾ ਕੀ ਰੋਲ ਰਿਹਾ ਹੈ ?

ਉ: ਇਹ ਵੀ ਇਕ ਵਿਦਿਆਰਥੀ ਸੀ। ਇਹ ਲਾਹੌਰ ਦਾ ਹੀ ਰਹਿਣ ਵਾਲਾ ਸੀ। ਲਾਹੌਰ ਵਿਚ ਇਸ ਦਾ ਆਪਣਾ ਮਕਾਨ ਸੀ। ਪਹਿਲਾਂ ਤਾਂ ਇਹ ਸਾਡੇ ਕੇਸ ਵੇਲੇ ਪਾਲੇਟਿਕਸ ਛੱਡ ਗਿਆ ਸੀ ਪਰ ਫਿਰ ਇਸ ਨੇ ਡਿਫੈਂਸ ਕਮੇਟੀ ਬਣਨ ਸਮੇਂ ਪੂਰਾ ਕੰਮ ਕੀਤਾ ਸੀ। ਇਹ ਅੱਜ ਕੱਲ੍ਹ ਚੰਡੀਗੜ੍ਹ ਰਹਿੰਦੇ ਨੇ। ਇਹ ਪਿੱਛੇ ਅਪਰ ਹਾਊਸ ਦੀ ਪ੍ਰਧਾਨਗੀ 'ਤੇ ਵੀ ਸੀ।

ਪ੍ਰ: ਕੁਝ ਵਰਿੰਦਰ ਬਾਰੇ ਦੱਸੋ।

ਉ: ਇਹ ਕ੍ਰਿਸ਼ਨ ਦਾ ਲੜਕਾ ਹੈ। ਇਹ ਸਾਡੇ ਨਾਲ ਕਾਫ਼ੀ ਚਿਰ ਰਿਹਾ। ਇਹ ਭਗਤ ਸਿੰਘ ਪਰੋ-ਪਾਰਟੀ ਦਾ ਸੀ। ਇਸ ਨੇ ਸਾਡੇ ਡੀਫੈਂਸ ਵਿਚ ਕਾਫ਼ੀ ਕੰਮ ਕੀਤਾ। ਇਹੀ ਦਰਅਸਲ ਜਾ ਕੇ ਮਾਲਵੀਆ ਜੀ ਨੂੰ ਲੈ ਕੇ ਆਏ। ਪੰਜਾਬ ਦੇ ਤਾਂ ਸਾਰੇ ਲੀਡਰ ਡਰ ਗਏ ਸਨ। ਮਾਲਵੀਆ ਜੀ ਨੇ 1914 ਵਿਚ ਵੀ ਗ਼ਦਰੀਆਂ ਬਾਰੇ ਦਖ਼ਲ ਦਿੱਤਾ ਸੀ ਤੇ ਵਾਇਸਰਾਏ ਨੂੰ ਮਿਲੇ ਸਨ ਕਿ ਤੁਸੀਂ ਐਵੇਂ ਹੀ ਕਈ ਨਿਰਦੋਸ਼ਿਆਂ ਨੂੰ ਫਾਂਸੀ ਲਾਈ ਜਾ ਰਹੇ ਹੋ। ਮਾਲਵੀਆ ਜੀ ਦੇ ਦਖ਼ਲ ਦੇਣ 'ਤੇ ਕਈ ਜਾਨਾਂ ਬਚ ਗਈਆਂ ਸਨ। ਮਾਲਵੀਆ ਜੀ ਫਿਰ ਲਾਹੌਰ ਆਏ ਤੇ ਉਨ੍ਹਾਂ ਨੇ ਇਕ ਜਲਸਾ ਕੀਤਾ ਤੇ ਕਿਹਾ ਕਿ ਇਹ ਸਾਰੇ ਸਾਡੇ ਬੱਚੇ ਹਨ। ਜਦ ਤੱਕ ਇਨ੍ਹਾਂ ਨੂੰ ਅਦਾਲਤ ਕੋਈ ਸਜ਼ਾ ਨਹੀਂ ਦਿੰਦੀ ਉਨਾ ਚਿਰ ਤੱਕ ਅਸੀਂ ਇਨ੍ਹਾਂ ਬੱਚਿਆਂ ਦੇ ਲਈ ਪੂਰਾ ਡੀਫੈਂਸ ਕਰਾਂਗੇ। ਉਦੋਂ ਤੱਕ ਇਹ ਸਾਡੇ ਲਈ ਬੇਗੁਨਾਹ ਹਨ। ਸਾਨੂੰ ਅਜ਼ਾਦੀ ਲਈ ਲੜਨ ਦਾ ਪੂਰਾ ਹੱਕ ਹੈ। ਫਿਰ ਹੌਸਲਾ ਪਿਆ ਲਾਲਾ ਲਾਜਪਤ ਰਾਏ ਤੇ ਗੋਪੀ ਚੰਦ ਭਾਰਗੋ ਨੂੰ। ਗੋਪੀ ਚੰਦ ਭਾਰਗੋ ਲਾਲਾ ਲਾਜਪਤ ਰਾਏ ਦਾ ਲੈਫਟੀਨੈਂਟ ਸੀ। ਫਿਰ ਮਾਲਵੀਆ ਜੀ ਨੇ ਜਲਸਾ ਕਰ ਕੇ ਕਿਹਾ ਕਿ ਜੇ ਪੰਜਾਬ 'ਚੋਂ ਵਕੀਲ ਨਹੀਂ ਮਿਲਣਗੇ ਤਾਂ ਮੈਂ ਬਨਾਰਸ ਵਿਚੋਂ ਵਕੀਲ ਲਿਆਵਾਂਗਾ ਤੇ ਕੇਸ ਨੂੰ ਪੂਰਾ ਡੀਫੈਂਡ ਕਰਾਂਗਾ। ਮਸ਼ਹੂਰ ਵਕੀਲ ਜੋ ਮਾਲਵੀਆ ਜੀ ਨੇ ਲਿਆਂਦਾ ਉਹ ਸਿਆਲਕੋਟ ਦਾ ਸੀ। ਉਸ ਦਾ ਨਾਂਮ ਲਾਲਾ ਅਮਰ ਨਾਥ ਸੀ।

ਪ੍ਰ: ਰਣਬੀਰ ਬਾਰੇ ਦੱਸੋ। ਇਸ ਦਾ ਕੀ ਰੋਲ ਰਿਹਾ ਹੈ ?

ਉ: ਨੌਜਵਾਨ ਸਭਾ ਦੇ ਲੀਡਰਾਂ 'ਚੋਂ ਇਹ ਵੀ ਇਕ ਸੀ। ਸਟੂਡੈਂਟ ਯੂਨੀਅਨ ਦਾ ਲੀਡਰ ਸੀ। ਨੌਜਵਾਨ ਸਭਾ ਦਾ ਕੰਮ ਇਹੀ ਚਲਾਉਂਦਾ ਸੀ। ਸਾਡਾ ਮੰਤਵ ਇਹ ਸੀ ਕਿ ਨੌਜਵਾਨ ਸਭਾ ਖੁੱਲ੍ਹੇ ਤੌਰ 'ਤੇ ਕਿਸਾਨਾਂ ਵਗੈਰਾ 'ਚ ਕੰਮ ਕਰੇਗੀ ਤੇ ਅੰਡਰ-ਗਰਾਊਂਡ, ਜਿਨ੍ਹਾਂ 'ਤੇ ਸਾਨੂੰ ਪੂਰਾ ਵਿਸ਼ਵਾਸ ਸੀ, ਉਹ ਸਨ। ਸਾਡਾ ਇਹ ਵਿਸ਼ਵਾਸ ਸੀ ਕਿ ਬਦੇਸ਼ੀਆਂ ਨੂੰ ਮਾਰ ਮਾਰ ਕੇ ਮੁਕਾਉਣ ਨਾਲ ਉਹ ਜਿੱਤ ਨਹੀਂ ਮਿਲ ਸਕਦੀ। ਕਾਕੋਰੀ ਵਾਲੇ ਕਹਿੰਦੇ ਸਨ ਕਿ ਅਸੀਂ ਮਾਰ-ਮਾਰ ਕੇ ਹੀ ਜਿੱਤ ਪ੍ਰਾਪਤ ਕਰਾਂਗੇ। ਅਸੀਂ ਦੇਖ ਲਿਆ ਸੀ ਕਿ ਕਾਕੋਰੀ ਵਾਲੇ ਇਕ ਹਫ਼ਤੇ ਦੇ ਅੰਦਰ-ਅੰਦਰ 900 ਬੰਦੂਕਾਂ ਵਾਲੇ ਇਕੱਠੇ ਕਰ ਸਕਦੇ ਸਨ। ਪਰ ਉਹ ਕੁਝ ਵੀ ਨਾ ਕਰ ਸਕੇ। ਅਸੀਂ ਸਮਝਦੇ ਸਾਂ ਕਿ ਜਦੋਂ ਉਹ ਕਾਮਯਾਬੀ ਪ੍ਰਾਪਤ ਨਹੀਂ ਕਰ ਸਕੇ ਤਾਂ ਫਿਰ ਇਹ ਰਸਤਾ ਗ਼ਲਤ ਹੈ। ਕਾਕੋਰੀ ਵਾਲਿਆਂ ਨੇ ਹਰਦੋਈ ਕਸਬੇ ਵਿਚ 4 ਤੋਂ 6 ਵਜੇ ਤੱਕ ਦੋ ਘੰਟੇ ਲੁੱਟ ਕੀਤੀ ਤੇ ਲੋਕ ਸਗੋਂ ਕਹਿੰਦੇ ਸਨ ਕਿ ਸਾਨੂੰ ਇਨ੍ਹਾਂ ਤੋਂ ਬਚਾਉ। ਇਸ ਲਈ ਇਹ ਰਸਤਾ ਠੀਕ ਨਹੀਂ ਸੀ।

ਪ੍ਰ: ਤੁਹਾਡੇ 'ਤੇ ਕਿਸ ਵਿਅਕਤੀ ਦਾ ਪ੍ਰਭਾਵ ਪਿਆ ?

ਉ: ਸਾਡੇ 'ਤੇ ਬਹੁਤਾ ਅਸਰ ਤਾਂ ਕਰਤਾਰ ਸਿੰਘ ਸਰਾਭਾ ਦਾ ਸੀ। ਉਸ ਨੂੰ ਪਹਿਲੇ ਫਾਂਸੀ ਹੋ ਚੁੱਕੀ ਸੀ। ਉਸ ਦਾ ਬਹੁਤਾ ਅਸਰ ਸੀ। ਅਸੀਂ ਉਸ ਨੂੰ ਕੌਮੀ ਹੀਰੋ ਸਮਝਦੇ ਸਾਂ। ਭਗਤ ਸਿੰਘ ਤਾਂ ਕਰਤਾਰ ਸਿੰਘ ਸਰਾਭਾ ਦੀ ਆਪਣੇ ਕੋਲ ਤਸਵੀਰ ਰੱਖਦਾ ਹੁੰਦਾ ਸੀ। ਉਹ ਸਮਝਦਾ ਸੀ ਕਿ ਜਿਸ ਬਹਾਦਰੀ ਨਾਲ ਕਰਤਾਰ ਸਿੰਘ ਨੇ ਕੋਰਟ ਵਿਚ ਆਪਣੇ ਆਪ ਨੂੰ 'ਰਾਈਟ ਆਫ਼ ਇੰਡੀਪੈਂਡੈਂਸ' ਨੂੰ ਡੀਫੈਂਡ ਕੀਤਾ, ਉਨਾ ਕਿਸੇ ਹੋਰ ਨੇ ਨਹੀਂ ਕੀਤਾ ਕਿਉਂਕਿ ਜਦ ਜੱਜ ਨੇ ਉਸ ਨੂੰ ਕਿਹਾ ਕਿ "ਨੌਜਵਾਨ ਤੂੰ ਸੋਚ ਲੈ ਕੇ ਜੋ ਕੁਝ ਤੂੰ ਕਹਿ ਰਿਹਾ ਹੈਂ ਇਸ ਤੋਂ ਫਾਂਸੀ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦਾ।" ਕਰਤਾਰ ਸਿੰਘ ਨੇ ਸਾਫ਼ ਕਹਿ ਦਿੱਤਾ ਕਿ ਮੇਰਾ ਸਭ ਕੁਝ ਸੋਚਿਆ ਹੋਇਆ ਹੈ। ਇਹ ਸਭ ਕੁਝ ਠੀਕ ਹੈ। ਇਸ ਲਈ ਭਗਤ ਸਿੰਘ 'ਤੇ ਉਸ ਦਾ ਬਹੁਤਾ ਪ੍ਰਭਾਵ ਸੀ। 1914 ਵਿਚ ਸੈਂਕੜੇ ਗ਼ਦਰੀ ਫਾਂਸੀ ਲੱਗੇ ਸਨ। ਉਨ੍ਹਾਂ ਦੀ ਬੜੀ ਕੁਰਬਾਨੀ ਸੀ। ਉਨ੍ਹਾਂ ਸਭ ਦਾ ਵੀ ਸਾਡੇ 'ਤੇ ਪੂਰਾ ਅਸਰ ਸੀ। ਉਨ੍ਹਾਂ ਦੀਆਂ ਕੁਰਬਾਨੀਆਂ ਅਸੀਂ ਵਾਰ-ਵਾਰ ਦੁਹਰਾਉਂਦੇ ਸਾਂ।

***

# ਪੰਡਿਤ ਜੀ ਦੇ ਅਮਰ ਬੋਲ/ਜੋਧ ਸਿੰਘ

ਸਾਡੇ ਜਿਹਨ ਦੀਆਂ ਜੂਹਾਂ ਅੰਦਰ
ਮੌਲ ਸਰੀ ਦੇ ਰੁਖੜੇ ਵਾਂਗੂੰ,
ਹਰਾ ਭਰਾ ਹੀ ਝੂਲਦਾ ਰਹਿਣਾ,
ਕ੍ਰਾਂਤੀਕਾਰੀ ਬੋਲਾਂ ਦਾ ਇਹ
ਕਿਸ਼ੋਰੀ ਲਾਲ ਦਾ ਸੋਨ ਸੁਨੇਹਾ।
ਮੌਤ ਤਾਂ ਕੇਵਲ ਜਿਸਮਾਂ ਉਪਰ
ਆਪਣੇ ਡੰਕੇ ਰਹੀ ਵਜਾਉਂਦੀ।
ਪਰ ਅਮਲਾਂ ਦੀ ਅਮਰ ਕਹਾਣੀ
ਮੌਤ ਕੋਲੋਂ ਨਹੀਂ ਮੇਟੀ ਜਾਣੀ
ਲਿਸ਼ ਲਿਸ਼ ਕਰਦਾ ਅਮਲਾਂ ਦਾ ਸੂਰਜ
ਧਰਤ ਨੂੰ ਹੈ ਰੁਸ਼ਨਾਉਂਦਾ ਰਹਿਣਾ
ਔਕੜਾਂ ਦੇ ਅੰਧਕਾਰਾਂ ਅੰਦਰ
ਸਾਨੂੰ ਰਾਹ ਵਿਖਾਉਂਦਾ ਰਹਿਣਾ।
ਕਿਸ਼ੋਰੀ ਲਾਲ ਦੇ ਬੋਲ ਇਹ ਸਾਰੇ
ਅਮਲ ਲਈ ਹੀ ਕਰਨ ਇਸ਼ਾਰੇ।
"ਚਾਪਲੂਸੀ ਕਰਨੀ ਵੀ ਮਾੜੀ,
ਚਾਪਲੂਸੀ ਜਰਨੀ ਵੀ ਮਾੜੀ।
ਤਿਜਾਬੀ ਜ਼ਹਿਰ ਦੀ ਮਿੱਠੀ ਗੋਲੀ,
ਫਟਾ ਸਕਦੀ ਦੁੱਧਾਂ ਦੀ ਖਾੜੀ।
ਕੱਛਾਂ 'ਚ ਅਹੁਦੇ ਵਾਲੀ ਵਸਾਖੀ।
ਲੈ ਕੇ ਜੀਭ ਨਾ ਗਹਿਣੇ ਧਰਨੀ।
ਜ਼ਬਤ ਦੀਆਂ ਹੱਦਾਂ ਵਿਚ ਰਹਿ ਕੇ
ਸੱਚ ਦੀ ਹੀ ਪਰਕਰਮਾ ਕਰਨੀ।
ਮਨੁੱਖਤਾ ਦੇ ਹਿੱਤ ਹੀ ਨੇ ਘਸਵੱਟੀ,
ਜਿਸ ਤੇ ਸੱਚ ਦੀ ਪਰਖ ਹੈ ਕਰਨੀ।
ਤੇ ਫਿਰ ਪਰਖੇ ਸੱਚ ਦੀ ਖਾਤਿਰ,
ਨਿੱਜ ਦੀ ਕੀ ਪਰਵਾਹ ਹੈ ਕਰਨੀ।
ਪਰਚਮ ਪਾਰਟੀ, ਤਨਜੀਮ ਤਿੰਨੇ,
ਵਿਅਕਤੀ ਤੋਂ ਹੁੰਦੇ ਨੇ ਉੱਚੇ।
ਕਰਨ ਕੁਤਾਹੀਆਂ ਹਉਮੇਂ ਦੇ ਰੋਗੀ,
ਜਿਓਂ ਅੰਬਰਾਂ ਨੂੰ ਘੂਰਨ ਕੁੱਤੇ
ਇਤਿਹਾਸ, ਲੋਕਾਂ ਦੀ ਜਿੱਤ ਕਹਾਣੀ,
ਨੀਲ ਵੋਲਗਾ, ਗੰਗਾ ਦੇ ਪਾਣੀ।

ਵਗਦੇ ਰਹਿਣੇ ਨੇ ਅਜਲਾਂ ਤਾਣੀ,
ਇਤਿਹਾਸ ਅਮਲ ਦੀ ਅਮਰ ਰਵਾਨੀ।
ਲੋਕਾਂ ਵਿਚ 'ਰਖ ਕੇ ਅਟੱਲ ਭਰੋਸਾ
ਤਕਣਾ ਇਤਿਹਾਸ ਦੇ ਨੈਣਾਂ ਥਾਣੀ,
ਵਧਦੇ ਰਹਿਣਾ ਉੱਚੇ ਮੱਥੇ,
ਫਾਂਸੀਆਂ ਜੇਲਾਂ ਬਾਰੂਦਾਂ ਥਾਣੀ।"
ਕਿਸ਼ੋਰੀ ਲਾਲ ਦੇ ਬੋਲ ਇਹ ਸਾਰੇ,
ਜਿਓਂ ਚਾਨਣ ਦੇ ਹੋਣ ਮੁਨਾਰੇ।
ਯੂਰਪ ਦੀਆਂ ਜੰਮੀਆਂ ਬਰਫਾਂ ਹੇਠੋਂ,
ਉਡ ਰਹੇ ਮਿੱਟੀ ਘੱਟੇ ਅੰਦਰ,
ਜਦੋਂ ਕੰਧ ਇਕ ਹੋਈ ਖੰਡਰ,
ਟੀ.ਵੀ. ਵਿਹੰਦਿਆਂ ਪੰਡਤ ਜੀ ਬੋਲੇ,
"ਇਹਦੇ ਨਾਲ ਕੀ ਪੈਣਾ ਅੰਤਰ,
ਹੈ ਚਲਦਾ ਰਹਿਣਾ ਘੋਲ ਨਿਰੰਤਰ।
ਜਦ ਤਕ ਜਮਾਤੀ ਕੰਧ ਖੜੀ ਹੈ,
ਜਮਾਤੀ ਜੰਗ ਅਟੱਲ ਬੜੀ ਹੈ।
ਆਰਜ਼ੀ ਹਾਰਾਂ ਹੁੰਦੀਆਂ ਰਹੀਆਂ,
ਫਿਰ ਯਲਗਾਰਾਂ ਫੁਟਦੀਆਂ ਰਹੀਆਂ।
ਜ਼ਬਰ ਜ਼ੁਲਮ ਤੇ ਟੁਟਕੇ ਪਈਆਂ।
ਜਦ ਤੱਕ ਜਜ਼ਬੇ ਖੌਲਦੇ ਰਹਿਣੇ,
ਜ਼ਿੰਦਗੀ 'ਚ ਫੁਲ ਨੇ ਮੌਲਦੇ ਰਹਿਣੇ,
ਗੰਦਮੰਦ ਵਹਿਸ਼ਤ ਦਾ ਮਲਬਾ
ਮਨੁੱਖਤਾ ਦਾ ਵਹਿਣ ਰੋਹੜ ਲਿਜਾਂਦਾ।
ਮਨੁੱਖਤਾ ਦੀ ਸਰਦਾਰੀ ਵਿਚ ਹੀ
ਫਤਵਾ ਪੁਖਤਾ ਤੋੜ ਨਿਭਾਂਦਾ।
ਮਨੁੱਖਤਾ ਨੂੰ ਸਿਰ ਮੱਥੇ ਤੇ ਰੱਖ ਕੇ
ਆਪਣੀ ਮਨੁੱਖਤਾ ਨੂੰ ਉਚਿਆਓ!
ਨਿਜਤਾ ਦੀ ਪੰਡ ਹੀ ਸਿਰੀਂ ਰੱਖ ਕੇ
ਆਪਣੇ ਕੱਦ ਨਾ ਹੋਰ ਘਟਾਓ!
ਤੇ ਬੌਨੇ ਨਾ ਬਣਦੇ ਜਾਓ!!"
ਦੇਸ਼ ਦੀ ਜਵਾਨੀ ਦੇ ਮਸੀਹੇ
ਪੰਡਿਤ ਜੀ ਦੇ ਬੋਲ ਇਹ ਸਾਰੇ
ਕ੍ਰਾਂਤੀ ਦੇ ਪੈਂਡੇ ਵੱਲ ਇਸ਼ਾਰੇ
ਮੌਲ ਸਰੀ ਦੇ ਰੁਖੜੇ ਵਾਂਗੂੰ
ਹਰੇ ਭਰੇ ਨੇ ਸਦਾ ਬਹਾਰੇ

## ਲਾਲਾਂ ਵਿਚੋਂ ਲਾਲ/ਡਾ. ਗੁਰਿਦਆਲ ਸਿੰਘ ਲੋਹਟਬੱਦੀ

ਚੰਦ ਕਹਾਂ ਕਿ ਸੂਰਜ ਆਖਾਂ, ਕਿਸ ਦਾ ਦੇਵਾਂ ਹਵਾਲਾ।
ਲਾਲਾਂ ਵਿਚੋਂ ਲਾਲ ਅਮੋਲਕ, ਪੰਡਤ ਕਿਸ਼ੋਰੀ ਲਾਲਾ।

ਰਾਜਗੁਰੂ, ਸੁਖਦੇਵ ਬਰਾਤੀ, ਭਗਤ ਸਿੰਘ ਸਿਰ ਸਿਹਰੇ।
ਫਾਂਸੀ ਚੜ੍ਹੇ ਆਜ਼ਾਦੀ ਖਾਤਰ ਲਏ ਮੌਤ ਨਾਲ ਫੇਰੇ।
ਤੈਨੂੰ ਕੀਤੀ ਉਮਰ ਕੈਦ, ਕਹਿੰਦੇ ਨਾਬਾਲਗ ਸਰਬਾਲਾ।
ਲਾਲਾਂ ਵਿਚੋਂ ਲਾਲ ਅਮੋਲਕ ਪੰਡਤ ਕਿਸ਼ੋਰੀ ਲਾਲਾ।

ਜਿਹਲੋਂ ਆ ਕੇ ਲੋਕ ਹਿਤੈਸ਼ੀ, ਲਾਲ ਝੰਡਾ ਤੂੰ ਫੜਿਆ।
ਮਿਹਨਤਕਸ਼ਾਂ ਦੇ ਰਾਜ-ਕਾਜ ਲਈ, ਆਖਰ ਦਮ ਤੱਕ ਲੜਿਆ।
ਤੇਰੀ ਉੱਜਲੀ ਚਾਦਰ ਉੱਤੇ ਕੋਈ ਧੱਬਾ ਨਹੀਂ ਕਾਲਾ।
ਲਾਲਾਂ ਵਿਚੋਂ ਲਾਲ ਅਮੋਲਕ ਪੰਡਤ ਕਿਸ਼ੋਰੀ ਲਾਲਾ।

ਕਈ 'ਲਾਲ' ਕੁਰਬਾਨੀ ਤੋਂ ਵਧ, ਕੀਮਤ ਆਪਣੀ ਲੈ ਗਏ।
ਗੋਰੇ ਦੇ ਨਾਲ ਸਾਜਬਾਜ਼ ਕਰ, ਹਾਕਮ ਬਣ ਕੇ ਬਹਿ ਗਏ।
ਤੂੰ ਆਖਿਆ ਸੀ ਚੋਰ ਕਰ ਗਏ, ਲੋਕੋ ਘਾਲਾ ਮਾਲਾ।
ਲਾਲਾਂ ਵਿਚੋਂ ਲਾਲ ਅਮੋਲਕ ਪੰਡਤ ਕਿਸ਼ੋਰੀ ਲਾਲਾ।

ਪੁੰਜ ਕੁਰਬਾਨੀ ਦਾ ਤੂੰ ਹੱਸ-ਮੁੱਖ, ਸਿਦਕ ਸਬਰ ਦਾ ਸੋਮਾ
ਚੇਤਨ-ਬੁੱਧੀ, ਨਜ਼ਰ ਪਾਰਖੂ, ਦਿਲ ਤੇਰਾ ਦੁੱਧ ਧੋਮਾ।
ਤੇਰੇ ਸ਼ੁਭ ਗੁਣਾਂ ਦਾ ਹੋਇਆ, ਚਾਰੇ ਤਰਫ ਉਜਾਲਾ।
ਲਾਲਾਂ ਵਿਚੋਂ ਲਾਲ ਅਮੋਲਕ, ਪੰਡਤ ਕਿਸ਼ੋਰੀ ਲਾਲਾ।

"ਜੰਡਿਆਲੇ" ਦਾ ਸਦਮਾਂ ਅਸੀਂ, ਮੁਸ਼ਕਿਲ ਦੇ ਨਾਲ ਜ਼ਰਿਆ।
'ਰੰਧਾਵੇ' ਦਾ ਤੁਰ ਜਾਣਾ ਸੁਣ ਕੇ, ਲੰਮਾ ਹਾਉਕਾ ਭਰਿਆ।
ਅੱਲੇ ਜ਼ਖਮੀਂ ਤੂੰ ਮਾਰ ਗਿਉਂ, ਤੀਰ ਜੁਦਾਈਆਂ ਵਾਲਾ
ਲਾਲਾ ਵਿਚੋਂ ਲਾਲ ਅਮੋਲਕ, ਪੰਡਤ ਕਿਸ਼ੋਰੀ ਲਾਲਾ।

ਲੋਕ ਹਿਤੈਸ਼ੀ ਸੂਰਮਿਆਂ ਨੇ ਸਦਾ ਜਗ 'ਤੇ ਜਿਉਣਾ।
ਅਸੀਂ ਤੁਹਾਡੇ ਸੁਪਨਿਆਂ ਦਾ, ਸਮਾਜਵਾਦ ਹੈ ਲਿਆਉਣਾ।
"ਲੋਹਟਬੱਦੀ" ਰਲ ਤੋੜਾਂਗੇ, ਸਮਰਾਏਦਾਰੀ ਤਾਲਾ।
ਚੰਦ ਕਹਾਂ ਕਿ ਸੂਰਜ ਆਖਾਂ, ਕਿਸ ਦਾ ਦੇਵਾਂ ਹਵਾਲਾ।
ਲਾਲਾਂ ਵਿਚੋਂ ਲਾਲ ਅਮੋਲਕ, ਪੰਡਤ ਕਿਸ਼ੋਰੀ ਲਾਲਾ।

ਦਸਤਾਵੇਜ਼-1

انگریزی سرکار کے جیلوں میں

سیاسی قیدیوں کی

بھوک ہڑتال

ایک زبردست احتجاجی پبلک جلسہ

"آزادی یا موت"

## ਲਾਹੌਰ, ਮੁਲਤਾਨ ਅਤੇ ਮਿੰਟਗੁਮਰੀ ਕੀ ਜੇਲ੍ਹੋਂ ਮੇਂ ਸਿਆਸੀ ਕੈਦੀਓਂ ਕੀ ਭੂਖ ਹੜਤਾਲ ਕੇ ਸੰਦਰਭ ਮੇਂ ਏਕ ਜ਼ਬਰਦਸਤ ਇਤਜ਼ਾਜ਼ੀ ਪਬਲਿਕ ਜਲਸਾ

19 ਜਨਵਰੀ 1938 ਬੁੱਧਵਾਰ ਸ਼ਾਮ ਕੇ 6.30 ਵਜੇ ਆਜ਼ਾਦ ਪਾਰਕ ਮੇਂ ਬਾਬਾ ਕਰਮ ਸਿੰਘ ਜੀ 'ਧੂਤ' (ਭੂਤ ਪੂਰਬ ਸ਼ਾਹੀ ਕੈਦੀ ਜ਼ਲਾਵਤਨ) ਕੀ ਅਧਿਆਕਸ਼ਤਾ ਮੇਂ ਪਬਲਿਕ ਜਲਸਾ ਹੋਗਾ ਜਿਸ ਮੇਂ ਸਾਥੀ ਹੁਕਮ ਸਿੰਘ, ਬਹਾਲ ਸਿੰਘ, ਉਧੇ ਸਿੰਘ ਰਾਵਤ ਭਾਸ਼ਨ ਦੇਗੇਂ ਔਰ ਮਾਤ-ਭੂਮੀ ਕੇ ਇਨ ਨੌਨਿਹਾਲੋਂ ਕੀ ਭੂਖ-ਹੜਤਾਲ ਕੇ ਸਬੰਧ ਮੇਂ ਅਪਨੇ ਵਿਚਾਰ ਪ੍ਰਗਟ ਕਰੇਂਗੇ ਔਰ ਉਨ ਬੀਤੇ ਕੇ ਉਸ ਸੰਦੇਸ਼ ਕੋ, ਜੋ ਉਨੋਂ ਨੇ ਜੇਲ੍ਹ ਕੀ ਅੰਧੇਰੀ-ਕੋਠੜੀਓਂ ਸੇ ਅਪਨੇ ਦੇਸ਼ ਵਾਸੀਉਂ ਕੇ ਨਾਮ ਭੇਜਾ ਹੈ ਆਪ ਤਕ ਪਹੁੰਚਾਏਂਗੇ।

ਸਾਥੀਓ! ਇਸ ਸਮੇਂ ਪੰਜਾਬ ਕੀ ਵਿਭਿੰਨ ਜੇਲੋਂ ਮੇਂ ਹਿੰਦੁਸਤਾਨ ਕੀ ਸੁਤੰਤਰਤਾ ਕੀ ਲੜਾਈ ਕੇ ਲਗਭਗ ਦੋ ਦਰਜਨ ਬਹਾਦਰ ਰਾਜਨੀਤਿਕ ਕੈਦੀ ਭੂਖ-ਹੜਤਾਲ ਪਰ ਹੈਂ। ਅਬ ਉਨੋਂਨੇ ਪੱਕਾ ਨਿਸ਼ੱਚਾ ਕਰ ਲੀਆ ਹੈ ਕਿ ਯਾ ਤੋ ਅੰਗਰੇਜੋਂ ਕੀ ਕੈਦ ਸੇ ਰਿਹਾਈ ਪ੍ਰਾਪਤ ਕਰੇਂਗੇ ਯਾ ਸ਼ਹੀਦ-ਏ-ਆਜ਼ਮ ਜਤਿੰਦਰ ਨਾਥ ਦਾਸ ਕੇ ਪਦ ਚਿੰਨ੍ਹ ਪਰ ਚਲਤੇ ਸ਼ਹਾਦਤ ਕਾ ਜਾਮ ਪੀਏਂਗੇ।

## ਆਜ਼ਾਦੀ ਯਾ ਮੌਤ

ਯਹ ਰੌਂਗਟੇ ਖੜ੍ਹੇ ਕਰ ਦੇਨੇ ਵਾਲੇ ਸ਼ਬਦ ਐਸੇ ਨਹੀਂ ਹੈਂ ਕਿ ਹਮ ਸੁਨੇ ਔਰ ਖਾਮੋਸ਼ ਬੈਠ ਸਕੇ, ਕਿਉਂਕਿ ਇਸ ਮਸਤਾਨੇ ਨਾਰੇ ਕੋ ਬੁਲੰਦ ਕਰਨੇ ਵਾਲੇ ਆਜ਼ਾਦੀ ਕੀ ਸ਼ਮ੍ਹਾਂ ਕੇ ਵੋ ਪ੍ਰਵਾਨੇ ਹੈਂ ਜੋ ਹਮਾਰੀ ਖਾਤਿਰ ਕਈ ਸਾਲੋਂ ਸੇ ਜੇਲ੍ਹੋਂ ਮੇਂ ਸੜ ਰਹੇ ਹੈਂ ਔਰ ਜਿਨਹੋਂ ਨੇ ਕਈ ਸਪਤਾਹ ਸੇ ਮੌਤ ਕੋ ਦਾਬਤ ਦੇਤੇ ਹੁਏ ਭੂਖ-ਹੜਤਾਲ ਕਰ ਰੱਖੀ ਹੈ। ਕਾਮਰੇਡ ਗੁਰਮੁਖ ਸਿੰਘ ਲਲਤੋਂ ਤਥਾ ਬੱਬਰ ਸੁਰੈਣ ਸਿੰਘ ਤੋ ਏਕ ਮਾਹ ਸੇ ਅਧਿਕ ਸਮੇਂ ਸੇ ਭੂਖ-ਹੜਤਾਲ ਪਰ ਹੈਂ। ਸਾਥੀ ਧਨਵੰਤਰੀ (ਦੇਹਲੀ ਸਾਜ਼ਿਸ਼ ਕੇਸ), ਚੌਧਰੀ ਸ਼ੇਰ ਜੰਗ (ਅਹਿਮਦਗੜ੍ਹ, ਟ੍ਰੇਨ ਡਕੈਤੀ ਕੇਸ), ਪੰ. ਕਿਸ਼ੋਰੀ ਲਾਲ (ਸਾਥੀ ਭਗਤ ਸਿੰਘ), ਪ੍ਰੇਮ ਪ੍ਰਕਾਸ਼, ਹਜ਼ਾਰਾ ਸਿੰਘ, ਖੁਸ਼ੀ ਰਾਮ ਮੈਹਤਾ (ਊਟੀ ਬੈਂਕ ਕੇਸ ਮਦਰਾਸ), ਬੱਬਰ ਅਕਾਲੀ ਊਧਮ ਸਿੰਘ, ਬਚਿੰਤ ਸਿੰਘ ਬਹ ਅਨਯ ਸਾਥੀ ਭੀ ਕਈ ਦਿਨੋ ਸੇ ਭੂਖ-ਹੜਤਾਲ ਪਰ ਹੈਂ। ਦੇਸ਼ ਕੀ ਸਵਤੰਤਰਤਾ ਕਾ ਝੰਡਾ ਉਠਾਨੇ ਵਾਲੇ ਯਹੀ ਵਾਸਤਵਿਕ ਸੂਰਬੀਰ ਹੈਂ, ਜਿਨਕੀ ਕੁਰਬਾਨੀਓਂ ਕੇ ਕਾਰਨ ਆਜ ਹਿੰਦੁਸਤਾਨ ਕੇ ਸਾਤ ਪ੍ਰਾਂਤੋਂ ਮੇਂ ਹਮਾਰੇ ਕਾਂਗਰਸੀ ਭਾਈ ਰਾਜਨੈਤਿਕ ਸੱਤਾ ਕੀ ਕੁਰਸੀ ਪਰ ਬਿਰਾਜਮਾਨ ਹੈ। ਫਿਰ ਆਜ਼ਾਦੀ ਕੀ ਸ਼ਮ੍ਹਾਂ ਕੇ ਯੇਹ ਪ੍ਰਵਾਨੇ ਜੇਲੋਂ ਮੇਂ ਕਿਉਂ ? ਇਸ ਲਿਏ ਸਭੀ ਦਿੱਲੀ ਵਾਸੀਓਂ ਸੇ ਨਿਬੇਦਨ ਹੈ ਕਿ ਆਪ ਅਪਨੇ ਬਹਾਦਰ ਨੌਜਵਾਨੋ ਕੀ ਰਿਹਾਈ ਕੇ ਲੀਏ ਸੰਘਰਸ਼ ਕਰੇਂ ਔਰ ਇਸ ਜਲਸੇ ਮੇਂ ਸ਼ਾਮਿਲ ਹੋਕਰ ਅਪਨੀ ਵਾਸਤਵਿਕ ਹਮਦਰਦੀ ਕਾ ਸਬੂਤ ਦੇ।

**ਨੋਟ** : ਕਾਮਰੇਡ ਮਾਸਟਰ ਰਾਮ ਨਾਥ, ਲੇਬਰ ਸੈਕਟਰੀ, ਪੰਜਾਬ ਕਾਂਗਰਸ ਸੋਸ਼ਲਿਸਟ ਪਾਰਟੀ, ਭਗਵਾਨ ਸਿੰਘ ਲੌਂਗੋਵਾਲੀਆ, ਜਲਾਵਤਨ ਪੰਜਾਬ, ਮੀਆਂ ਫਜ਼ਲ ਕਰੀਮ ਵਕੀਲ, ਸੂਰਜ ਪ੍ਰਕਾਸ਼ ਬੀ.ਏ., ਨਰਾਇਣ ਦਾਸ ਗਰਗ ਭੀ ਭਾਸ਼ਣ ਦੇਂਗੇ।

**ਜਾਰੀ ਕਰਤਾ** : ਮਹਾਸਚਿਵ, ਰਾਜਨੈਤਿਕ ਕੈਦੀ ਛੁਡਾਉ ਕਮੇਟੀ, ਦਿੱਲੀ।

## ਦਸਤਾਵੇਜ਼–2

# ਪੰਜਾਬ ਦੇ ਮੈਕਸਵੀਨੀ

*('ਕਿਰਤੀ' ਅਮ੍ਰਿਤਸਰ, ਸਤੰਬਰ 1929 ਦੇ ਅੰਕ ਵਿੱਚੋਂ)*

ਪਿਆਰੇ ਪਾਠਕਾਂ ਨੂੰ ਪਤਾ ਹੀ ਏ ਕਿ ਕੌਮੀ ਯੋਧੇ ਭਾਈ ਭਗਤ ਸਿੰਘ ਜੀ ਅਤੇ ਭਾਈ ਭੱਟ ਕੇਸਵ ਦੱਤ ਜੀ ਨੇ 15ਜੂਨ 1929 ਤੋਂ ਜੇਲ੍ਹ ਅੰਦਰ ਭੁੱਖ ਹੜਤਾਲ ਕਰ ਰੱਖੀ ਏ। ਇਸ ਤਰਾਂ ਅੱਜ 31ਅਗਸਤ ਨੂੰ ਉਹਨਾਂ ਨੂੰ 77 ਦਿਨ ਭੁਖੇ ਭਾਣਿਆ ਹੋ ਗਏ ਨੇ। ਆਇਰਲੈਂਡ ਦੇ ਪ੍ਰੇਮੀ ਮੈਕਸਵੀਨੀ ਨੇ ਭੁੱਖ ਹੜਤਾਲ ਕਰਕੇ 72 ਦਿਨਾਂ ਪਿਛੋਂ ਜਾਨ ਦੇ ਦਿਤੀ। ਉਸ ਦੀ ਸ਼ਹੀਦੀ ਆਇਰਲੈਂਡ ਦੀ ਅਜਾਦੀ ਦੀ ਲਹਿਰ ਵਿਚ ਬਿਜਲੀ ਦਾ ਅਸਰ ਕਰ ਗਈ ਸੀ। ਸਾਡੇ ਇਨ੍ਹਾਂ ਮੈਕਸਵੀਨੀ ਪੂਰਨਿਆਂ ਤੇ ਚਲ ਰਹੇ ਜਵਾਨਾਂ ਦੀ ਹਾਲਤ ਵੀ ਹੁਣ ਅਖ਼ੀਰਲੇ ਸਾਹਾਂ ਤੇ ਆਈ ਹੋਈ ਏ। ਇਨ੍ਹਾਂ ਦੋਹਾਂ ਦੀ ਮੰਗ ਕੇਵਲ ਇਹ ਹੈ ਕਿ ਮੁਲਕੀ ਕੈਦੀਆਂ ਨਾਲ ਆਦਮੀਆਂ ਵਾਲਾ ਸਲੂਕ ਯਾ ਦੂਜੇ ਦੇਸ਼ਾਂ ਦੇ ਮੁਲਕੀ ਕੈਦੀਆਂ ਜਿਹਾ ਵਰਤਾਉ ਕੀਤਾ ਜਾਵੇ, ਅਤੇ ਮੁਲਕੀ ਕੈਦੀਆਂ ਨੂੰ ਚੋਰ ਡਾਕੂ ਆਦਿ ਕੈਦੀਆਂ ਵਾਂਗੂ ਪਸ਼ੂ ਨਾ ਸਮਝਿਆ ਜਾਵੇ।

ਇਨ੍ਹਾਂ ਦੋਹਾਂ ਸ਼ੇਰਾਂ ਦੀ ਮੰਗ ਨਾਲ ਹਮਦਰਦੀ ਵਜੋਂ ਮੁਕੱਦਮਾ ਸਾਂਡਰਸ ਲਾਹੌਰ ਦੇ ਹੇਠ ਲਿਖੇ ਮੁਲਜ਼ਿਮਾਂ ਨੇ ਵੀ 15 ਜੁਲਾਈ 1929 ਤੋਂ ਭੁੱਖ ਹੜਤਾਲ ਕੀਤੀ ਹੋਈ ਏ:

ਭਾਈ ਜਿਤੇਂਦਰ ਨਾਥ ਦਾਸ, ਸ਼ਿਵ ਵਰਮਾ, ਜੈਦੇਵ ਕਪੂਰ , ਅਜੈ ਕੁਮਾਰ ਘੋਸ਼, ਡਾ: ਗਯਾ ਪ੍ਰਸ਼ਾਦ , ਕੰਵਲ ਨਾਥ ਤਿਵਾੜੀ , ਜਿਤੇਂਦਰ ਨਾਥ ਸਾਨਿਆਲ, ਕਿਸ਼ੋਰੀ ਲਾਲ, ਮਾ; ਆਗਿਆ ਰਾਮ, ਮਹਾਂਵੀਰ ਸਿੰਘ ਅਤੇ ਸੁਤੇਂਦਰ ਨਾਥ ਪਾਂਡੇ, ਇਨ੍ਹਾਂ ਸਾਰਿਆਂ ਨੂੰ 40 ਦਿਨ ਭੁੱਖਿਆਂ ਹੋ ਗਏ ਨੇ।

ਮਾ: ਕਾਬਲ ਸਿੰਘ ਨੂੰ 41 ਦਿਨ, ਬਾਬਾ ਸੋਹਨ ਸਿੰਘ ਜੀ ਨੂੰ 33 ਦਿਨ , ਬੀ.ਕੇ ਬੈਨਰਜੀ ਨੂੰ 31 ਦਿਨ , ਬਾਬਾ ਅਰੂੜ ਸਿੰਘ, ਭਾ: ਰਾਮ ਚੰਦ੍ਰ ਬੀ.ਏ , ਗੋਪਾਲ ਸਿੰਘ ਜੀ ਬੀ.ਏ ਕੌਮੀ , ਅਹਿਮਦ ਦੀਨ ਲੁਧਿਆਣਵੀ। ਇਨ੍ਹਾਂ ਵਿਚੋਂ 28 ਦਿਨ ਵਿਜੇ ਕੁਮਾਰ ਸਿਨਹਾ 19 ਦਿਨ, ਦਲਜੀਤ ਸਿੰਘ ਜੀ ਐਡੀਟਰ ਕਿਰਤੀ 14 ਦਿਨ ਭਾ; ਸਤੇਂਦਰ ਨਾਥ ਸੇਨ 37 ਦਿਨ ਭਾ:ਤੇਜਾ ਸਿੰਘ ਅਤੇ ਇਨ੍ਹਾਂ ਤੋਂ ਬਿਨਾਂ ਧੰਨਵੰਤਰੀ ਛਿਆਂ ਸਾਥੀਆਂ ਨੇ ਵੀ 26 ਅਗਸਤ ਤੋਂ ਇਸੇ ਮੰਗ ਲਈ ਭੁੱਖ ਹੜਤਾਲ ਕਰ ਦਿਤੀ ਏ। ਕੁਲ 31 ਕੌਮੀ ਵੀਰ ਭੁੱਖ ਹੜਤਾਲ ਵਿਚ ਸ਼ਾਮਿਲ ਹਨ। ਇਹ ਲੇਖ ਲਿਖਣ ਵੇਲੇ ਤਕ ਭਾ: ਜਿਤੇਂਦਰ ਨਾਥ ਦਾਸ ਦੀ ਹਾਲਤ ਬਹੁਤ ਖਰਾਬ ਹੋ ਗਈ ਏ। ਉਹ ਆਪਣੀਆਂ ਅੱਖਾਂ ਖੋਲ੍ਹ ਨਹੀ ਸਕਦਾ, ਨਾ ਹੀ ਬੋਲ ਸਕਦਾ ਏ। ਕੈ ਤੇ ਕੈ ਆ ਰਹੀ ਏ! ਜੇਲ੍ਹ ਦੇ ਅਫਸਰਾਂ ਨੇ ਸ਼ਿਮਲੇ ਵਿਚ ਹਿੰਦ ਦੇ ਖੁਦਵੰਦਾਂ ਨੂੰ ਤਾਰ ਭੇਜੀ ਏ ਕਿ ਦਾਸ ਦੇ ਬੱਚਣ ਦੀ ਆਸ ਬਹੁਤ ਘੱਟ ਏ! ਬਾਕੀ ਹੜਤਾਲੀਆਂ ਦੀ ਹਾਲਤ ਵੀ ਪੈਰੋ ਪੈਰ ਹੇਠਾਂ ਨੂੰ ਜਾ ਰਹੀ ਏ! ਇਨ੍ਹਾਂ ਕੀਮਤੀ ਜਾਨਾਂ ਨੂੰ ਬਚਾਉਣ ਖਾਤਰ ਦੇਸ਼ ਦੇ ਹਰ ਇਕ ਮਰਦ ਇਸਤਰੀ ਨੂੰ ਚਾਹੀਦਾ ਏ ਕਿ ਉਹ ਹਰ ਇਕ ਵਸੀਲੇ ਨਾਲ ਗਵਰਮਿੰਟ ਉਤੇ ਇਨ੍ਹਾਂ ਦੀ ਮੰਗ ਨੂੰ ਪੂਰਾ ਕਰਨ ਦਾ ਜੋਰ ਪਾਉਣ। ਕਾਂਗ੍ਰਸ, ਨੌਜਵਾਨ ਭਾਰਤ ਸਭਾ ਅਤੇ ਕਿਰਤੀ ਕਿਸਾਨ ਪਾਰਟੀ ਨੂੰ ਖ਼ਾਸ ਕਰਕੇ ਇਧਰ ਧਿਆਨ ਦੇਣ ਦੀ ਲੋੜ ਏ। ਇਨਾਂ ਦੀ ਮੰਗ ਦੀ ਪੂਰਤੀ ਲਈ ਜੇਲ੍ਹਾਂ ਤੋਂ

ਬਾਹਰ ਐਜੀਟੇਸ਼ਨ ਦਾ ਹੜ੍ਹ ਵਗਣਾ ਚਾਹੀਦਾ ਏ। ਕੌਂਸਲਾਂ ਅਤੇ ਅਸੈਂਬਲੀ ਦੇ ਮੈਂਬਰਾਂ ਨੂੰ ਵੀ ਆਪਣੇ ਧਿਆਨ ਦੀ ਵਾਗ ਇਸ ਪਾਸੇ ਮੋੜਨੀ ਅਤੀ ਜਰੂਰੀ ਏ। ਗਵਰਮਿੰਟ ਦੇ ਕੰਨਾਂ ਤੇ ਅਜੇ ਤੀਕ ਜੂੰ ਨਹੀਂ ਹਿੱਲੀ! ਹੁਣ ਤਕ ਜੇਲ੍ਹ ਦੇ ਅਫ਼ਸਰਾਂ ਅਤੇ ਗਵਰਮਿੰਟ ਨੇ ਕਈ ਢੰਗਾਂ ਨਾਲ ਭੁੱਖ ਹੜਤਾਲ ਨੂੰ ਤੁੜਵਾਉਣ ਦਾ ਯਤਨ ਬਹੁਤ ਕੀਤਾ ਏ। ਇਕ ਐਲਾਨ ਕਢਿਆ ਗਿਆ ਸੀ ਕਿ ਮੁੱਕਦਮਾਂ ਸਾਂਡਰਸ ਲਾਹੌਰ ਦੇ ਮੁਲਜਿਮਾਂ ਨੂੰ ਡਾਕਟਰੀ ਖ਼ਿਆਲ ਨਾਲ ਚੰਗੀ ਖੁਰਾਕ ਦਿਤੀ ਜਾਊ। ਫੇਰ ਹੜਤਾਲੀਆਂ ਨੂੰ ਜਬਰਨ ਖੁਰਾਕ ਅੰਦਰ ਘਲੀ ਗਈ। ਕਈਆਂ ਉਪਰ ਜੇਲ੍ਹ ਕਾਇਦਿਆਂ ਹੇਠ ਮੁਕੱਦਮੇ ਚਲਾ ਕੇ ਡਰਾਉਣ ਦਾ ਯਤਨ ਕੀਤਾ ਗਿਆ ਅਤੇ ਹੁਣ ਅੰਤ ਨੂੰ ਇਕ ਜੇਲ੍ਹ ਪੜਤਾਲੀ ਕਮੇਟੀ ਮੁੱਕਰਰ ਕੀਤੀ ਗਈ ਏ । ਇਸ ਕਮੇਟੀ ਵਿੱਚ ਪਹਿਲਾਂ ਤਾਂ ਮੈਂਬਰ ਹੀ ਦੌਲਤ ਰਾਮ ਕਾਲੀਆ ਵਰਗੇ ਪਿਛਾਂਹ ਖਿਚੂ ਲਏ ਗਏ ਹਨ , ਜਿਹੜੇ ਅਗੇ ਹੀ ਇਨ੍ਹਾਂ ਭੁੱਖਹੜਤਾਲੀਆਂ ਵਿਰੁਧ ਇਸ਼ਤਿਹਾਰ ਬਾਜੀ ਕਰਕੇ ਲੋੜ ਤੋਂ ਵਧ ਬਦੂ ਹੋ ਚੁਕੇ ਨੇ । ਨਾਲੇ ਅਜਿਹੀ ਕੁੰਭਕਰਨੀ ਢਿਲੀ ਚਾਲ ਨਾਲ ਅਜਿਹੇ ਅਤੀ ਜਰੂਰੀ ਮਾਮਲੇ ਦਾ ਕੀ ਫ਼ੈਸਲਾ ਹੋ ਸਕਦਾ ਏ ? ਇਹ ਜੇਲ੍ਹੀ ਕਮੇਟੀ ਤਾਂ ਆਪਣੀ ਰਿਪੋਟ ਸ਼ਾਇਦ ਭੁਖ ਹੜਤਾਲੀਆਂ ਦੇ ਸ਼ਹੀਦ ਹੋ ਜਾਣ ਪਿਛੋਂ ਹੀ ਕੱਢ ਸਕੇਗੀ। ਇਸ ਕਰਕੇ ਹੀ ਭੁੱਖ ਹੜਤਾਲੀਆਂ ਨੇ ਇਸ ਕਮੇਟੀ ਅਗੇ ਬਿਆਨ ਦੇਣੋ ਨਾਂਹ ਕਰ ਦਿਤੀ ਏ!

ਅਜਿਹੇ ਨਾਜਕ ਸਮੇਂ ਅਜਿਹੀ ਬੇਇਤਬਾਰੀ ਅਤੇ ਵਲਦਾਰ ਕਮੇਟੀ ਮੁਕਰਰ ਕਰਨਾ ਲੋਕਾਂ ਨੂੰ ਸ਼ਕ ਪਾਉਂਦਾ ਕਿ ਗਵਰਮੈਂਟ ਦੀ ਨੀਯਤ ਭੁੱਖ ਹੜਤਾਲ ਨੂੰ ਲੰਮਾ ਪਾ ਕੇ ਉਸ ਨੂੰ ਅਸਫਲ ਕਰਨ ਦੀ ਏ! ਇਹ ਕਮੇਟੀ ਤਾ ਐਵੇਂ ਸਿਧੇ ਲੋਕਾਂ ਦਾ ਅੱਖ ਪੂੰਝਾ ਅਤੇ ਜਗਤ ਦਿਖਾਵਾ ਏ! ਜੇ ਸਰਕਾਰ ਦਾ ਦਿਲ ਇਸ ਟੰਟੇ ਨੂੰ ਮੁਕਾਉਣ ਦਾ ਹੋਵੇ ਤਾਂ ਕੀ ਕਿਸੇ ਇਤਬਾਰੀ ਆਦਮੀ ਨੂੰ ਵਿਚ ਪਾਕੇ ਭੁਖ ਹੜਤਾਲੀਆਂ ਦੀਆਂ ਯੋਗ ਮੰਗਾਂ ਦਾ ਅੰਤਮ ਪਤਾ ਕਰਕੇ ਉਹਨਾਂ ਮੰਗਾ ਨੂੰ ਪੂਰਾ ਨਹੀ ਕੀਤਾ ਜਾ ਸਕਦਾ ? ਗਵਰਮਿੰਟ ਦੀ ਪੱਥਰ ਦਿਲੀ ,ਬੇ-ਪ੍ਰਵਾਹੀ ਅਤੇ ਹਮਦਰਦੀ ਤੋਂ ਸੱਖਣੇ ਹੋਣ ਵਿਚ ਕੋਈ ਤਿਲ ਭਰ ਵੀ ਸ਼ੱਕ ਨਹੀਂ! ਲੋੜ ਤਾਂ ਪਬਲਿਕ ਦੀ ਜਬਰਦਸਤ ਐਜੀਟੇਸ਼ਨ ਦੀ ਏ ,ਜਿਹੜੀ ਗਵਰਮਿੰਟ ਨੂੰ ਖਬਰਦਾਰ ਕਰ ਦੇਵੇ ਕਿ ਜੇ ਇਨ੍ਹਾਂ ਕੌਮੀ ਪ੍ਰਵਾਨਿਆਂ ਦੀਆ ਜਾਨਾਂ ਇਸ ਪਸ਼ੂ ਬੇਪ੍ਰਵਾਹੀ ਨਾਲ ਭੁੱਖ ਹੜਤਾਲ ਨਾਲ ਹੀ ਜਾਦੀਆਂ ਰਹੀਆਂ, ਤਾਂ ਇਸ ਦੀ ਸਾਰੀ ਜਿਮੇਵਾਰੀ ਗਵਰਮਿੰਟ ਦੀ ਹੋਵੇਗੀ ਅਤੇ ਇਨ੍ਹਾਂ ਬੇਗੁਨਾਹ ਖ਼ੂਨ ਦਾ ਬਦਲਾ ਸਰਕਾਰ ਨੂੰ ਦੇਣਾ ਪਵੇਗਾ! ਅਸੀਂ ਵੇਲੇ ਸਿਰ ਸਰਕਾਰ ਨੂੰ ਖਬਰਦਾਰ ਕਰਦੇ ਹਾਂ ਕਿ ਉਹ ਭੁੱਖ ਹੜਤਾਲੀਆਂ ਦੀਆਂ ਮਾਮੂਲੀ ਮੰਗਾਂ ਨੂੰ ਪੂਰਾ ਕਰਕੇ ਇਸ ਨਾਜਕ ਹਾਲਤ ਤੋਂ ਆਪਣੇ ਆਪ ਨੂੰ ਬਚਾ ਲਵੇ , ਨਹੀਂ ਤਾਂ ਪਿਛੋਂ ਪਛਤਾਉਣਾ ਪਵੇਗਾ।

***

## ਦਸਤਾਵੇਜ਼-3

ਹਿੰਦ ਦੀ ਸ਼ਾਨ ਉਚੀ ਕਰਨ ਵਾਲਾ

# ਮੇਰਾ ਸਾਥੀ ਕਰਨੈਲ ਸਿੰਘ ਈਸੜੂ

(ਗੋਆ ਸਤਿਆਗ੍ਰਹਿ ਸਮੇਂ ਆਖਰੀ ਦੋ ਦਿਨ)

-ਪੰਡਿਤ ਕਿਸ਼ੋਰੀ ਲਾਲ

ਕਲਿਆਣ ਦੇ ਸਟੇਸ਼ਨ ਤੇ ਬੰਬਈ ਤੋਂ ਗੱਡੀ ਵਾਪਸ ਆ ਕੇ ਪੂਨੇ ਜਾਣ ਲਈ ਰੁਕੀ। ਪਲੇਟਫਾਰਮ ਸਤਿਆਗ੍ਰਹੀਆਂ ਤੇ ਉਹਨਾਂ ਦੇ ਵਿਦਾ ਕਰਨ ਵਾਲਿਆਂ ਨਾਲ ਭਰਿਆ ਹੋਇਆ ਸੀ। ਮੈਂ ਆਪਣੇ ਸਾਥੀਆਂ ਸਮੇਤ ਨਾਅਰੇ ਲਾਣ ਵਾਸਤੇ ਪਲੇਟਫਾਰਮ 'ਤੇ ਉਤਰ ਆਇਆ। ਹਰ ਚੀਜ਼ ਮੂਸਲਾਧਾਰ ਬਾਰਸ਼ ਤੋਂ ਬਾਅਦ ਸਾਫ਼ ਤੇ ਧੋਤੀ ਹੋਈ ਸੀ। ਭੀੜ ਚੋਂ ਇਕ ਸਾਥੀ ਨਿਕਲ ਕੇ ਮੇਰੇ ਕੋਲ ਆਇਆ ਤੇ ਕਿਹਾ,"ਮੈਂ ਲੁਧਿਆਣਿਓਂ ਤੁਹਾਡੇ ਜਥੇ ਵਿਚ ਸ਼ਾਮਲ ਹੋਣ ਲਈ ਆਇਆ ਹਾਂ ਤੇ ਮੇਰੇ ਨਾਲ ਇਕ ਸਾਥੀ ਹੋਰ ਹੈ।" ਇਹ ਦੋਨੋ ਸਾਥੀ ਕਲਿਆਣੋਂ ਸਾਡੇ ਨਾਲ ਗੱਡੀ ਵਿਚ ਸਵਾਰ ਹੋ ਗਏ। ਗੱਡੀ ਰਵਾਨਾ ਹੋਈ ਤੇ ਇਕ ਸਾਥੀ ਨੇ ਕਹਿਣਾ ਸ਼ੁਰੂ ਕੀਤਾ,"ਮੈਂ ਜਗਰਾਉਂ ਦੇ ਬੇਸਿਕ ਸਕੂਲ ਵਿਚ ਟਰੇਨਿੰਗ ਪਾ ਰਿਹਾ ਹਾਂ। ਅੰਡਰ ਗਰਾਊਂਡ ਵੇਲੇ ਮੈਂ ਕਿਸਾਨ ਸਭਾ ਦਾ ਹੋਲਟਾਈਮਰ ਸਾਂ ਤੇ ਹੁਣ ਮੈਂ ਆਪਣੀ ਤਾਲੀਮ ਛਡਕੇ ਸਤਿਆਗ੍ਰਹਿ ਲਈ ਆਇਆ ਹਾਂ।" ਸਾਰੇ ਸਾਥੀਆਂ ਨੇ ਉਹਦਾ ਸੁਆਗਤ ਕੀਤਾ। ਉਹਨੇ ਦਸਿਆ ਕਿ ਮੈਂ ਆਪਣਾ ਸਾਈਕਲ ਵੇਚਕੇ ਔਣ ਦੇ ਕਿਰਾਏ ਦਾ ਪ੍ਰਬੰਧ ਕੀਤਾ ਹੈ। ਵਾਪਸ ਜਾਣ ਦਾ ਪ੍ਰਬੰਧ ਸ਼ਾਇਦ ਜਥੇ ਨੂੰ ਕਰਨਾ ਪਵੇ। ਇਸ ਵੇਲੇ ਵਾਪਸ ਜਾਣ ਦੀ ਗੱਲ ਕੋਈ ਸੋਚ ਨਹੀਂ ਰਿਹਾ ਸੀ। ਇਸ ਗੱਡੀ ਵਿਚ ਸਾਡੇ ਨਾਲ ਕਈ ਇਕ ਉਹ ਅੰਗਹੀਨ ਸਤਿਆਗ੍ਰਹੀ ਬੈਠੇ ਸਨ, ਜਿਨ੍ਹਾਂ ਨੇ ਆਪਣੇ ਅੰਗ ਲੱਤਾਂ ਬਾਹਵਾਂ ਤੇ ਇਕ ਸਾਥੀ ਨੇ ਆਪਣੀਆਂ ਅੱਖਾਂ ਇਸ ਸਤਿਆਗ੍ਰਹਿ ਦੇ ਯੱਗ 'ਚ ਅਹੂਤੀ ਦਿੱਤੀਆਂ ਸਨ। ਇਹਨਾਂ ਦੀਆਂ ਵਿਥਾਵਾਂ ਤੋਂ ਸਤਿਆਗ੍ਰਹੀਆਂ ਵਿਚ ਜੋਸ਼ ਤੇ ਗੁੱਸੇ ਦੀ ਲਹਿਰ ਦੌੜ ਰਹੀ ਸੀ।

ਇਹ ਸਤਿਆਗ੍ਰਹਿ ਦੀਆਂ ਕਹਾਣੀਆਂ ਸੁਣਾ ਰਹੇ ਸਨ ਤੇ ਜਗਰਾਉਂ ਦੇ ਸਕੂਲ ਮਾਸਟਰ ਆਪੇ ਤੋਂ ਬਾਹਰ ਹੁੰਦੇ ਜਾ ਰਹੇ ਸਨ। ਇਹ ਬੜੇ ਭਾਵੁਕ ਅਤੇ ਦੂਜੇ ਦੇ ਦੁੱਖ ਤੋਂ ਦੁੱਖੀ ਹੋਣ ਵਾਲੇ ਪ੍ਰਤੀਤ ਹੁੰਦੇ ਸਨ। ਗੱਡੀ ਵਿਚ ਗਾਣੇ ਸ਼ੁਰੂ ਹੋ ਗਏ। ਕਿਸੇ ਨੇ ਗਾਣਾ ਸ਼ੁਰੂ ਕੀਤਾ ਮਾਸਟਰ ਜੀ ਟੱਪ ਕੇ ਉਹਦੇ ਕੋਲ ਪਹੁੰਚ ਗਏ। ਫਿਰ ਸਾਰੀ ਗਡੀ ਦੇਸ਼ ਭਗਤੀ ਦੇ ਗਾਣਿਆਂ ਨਾਲ ਗੂੰਜ ਉਠੀ। ਗਾਣੇ ਪੰਜਾਬੀ, ਹਿੰਦੀ, ਉਰਦੂ ਵਿਚ ਹੋ ਰਹੇ ਸਨ। ਥੋੜੀ ਦੇਰ ਮਾਸਟਰ ਸਾਡੇ ਜਥੇ ਦੀ ਰੂਹੇ ਰਵਾਂ ਹੋ ਗਿਆ। ਪੂਨੇ ਆਗਿਆ ਪੱਤਰ ਹਾਸਲ ਕਰਨ ਤੋਂ ਬਾਅਦ ਅਸੀਂ ਬਾਂਦਾ ਲਈ ਰਵਾਨਾ ਹੋਏ। ਗੱਡੀ ਖਚਾਖਚ ਭਰੀ ਹੋਈ ਸੀ। ਰਸਤੇ ਦੀਆਂ ਔਕੜਾਂ ਅੱਜ ਕਿਸੇ ਦੇ ਸਾਹਮਣੇ ਨਹੀਂ ਸਨ। ਬੈਲਗਾਮ ਤੱਕ ਰੇਲ ਤੇ ਅਗੇ ਟਰੱਕਾਂ ਵਿਚ ਜਾਣਾ ਸੀ। ਬੈਲਗਾਮ ਪਤਾ ਲੱਗਾ ਕਿ ਬੰਬਈ ਦੀ ਸਰਕਾਰ ਨੇ ਸਤਿਆਗ੍ਰਹੀਆਂ ਲਈ ਟਰੱਕਾਂ ਦੀ ਵਰਤੋਂ ਗੈਰਕਾਨੂੰਨੀ ਕਰ ਦਿੱਤੀ। ਸਤਿਆਗ੍ਰਹਿ ਵਿਚ ਦੋ ਦਿਨ ਬਾਕੀ ਸਨ। ਬੰਬਈ ਸਰਕਾਰ ਦੇ ਖਿਲਾਫ਼ ਸਖਤ ਨਫ਼ਰਤ ਦੀ ਲਹਿਰ ਦੌੜ ਗਈ ਅਤੇ ਸਾਰੇ ਸਤਿਆਗ੍ਰਹੀ ਬਾਜ਼ਾਰਾਂ ਵਿਚ ਨਿਕਲ ਆਏ। ਸਤਿਆਗ੍ਰਹੀਆਂ ਦਾ ਅਥਾਹ ਸਾਗਰ ਨਾਅਰੇ ਲਾਉਂਦਾ ਅਤੇ ਰੋਸ ਪ੍ਰਗਟ ਕਰਦਾ ਸਤਿਆਗ੍ਰਹਿ ਕੇਂਦਰ ਵਿਚ ਪੁੱਜਿਆ। ਪੰਜਾਬੀ ਜ਼ੁਬਾਨ

ਦੇ ਨਾਹਰੇ ਇਸ ਮਹਾਨ ਜਲੂਸ ਦੀ ਜਿੰਦ ਜਾਨ ਹੋ ਗਏ। ਗੁੱਸੇ ਦੇ ਇਸ ਸਮੁੰਦਰ ਵਿਚ ਮਾਸਟਰ ਦੀ ਸ਼ਖਸੀਅਤ ਉੱਘੀ ਸੀ। ਅੱਜ ਕੋਈ ਕਿਸੇ ਦੇ ਵਿਚਾਰ ਨਹੀਂ ਸੀ ਪੁੱਛਦਾ ਤੇ ਨਾ ਕੋਈ ਕਿਸੇ ਦੀ ਪਾਰਟੀ। ਸੰਘ ਤੋਂ ਲੈ ਕੇ ਕਮਿਊਨਿਸਟਾਂ ਤੱਕ ਦੇਸ਼ ਦੇ ਪ੍ਰਵਾਨਿਆਂ ਵਾਂਗ ਇਕ ਲੜੀ ਵਿਚ ਬਝੇ ਹੋਏ ਨਾਹਰੇ ਲਾਂਦੇ ਚਲੇ ਜਾ ਰਹੇ ਸਨ।

ਫੌਰਨ ਫੈਸਲਾ ਹੋਇਆ ਕਿ ਬੰਬਈ ਤੇ ਲਾਗੇ ਦੇ ਆਏ ਸਤਿਆਗ੍ਰਹੀ ਇਕ ਦਿਨ ਵਿਚ 70 ਮੀਲ ਦਾ ਪੈਂਡਾ ਤਹਿ ਕਰਨ। ਸਾਡੇ ਸਾਹਮਣੇ ਆਪਣੇ ਛੋਟੇ ਛੋਟੇ ਬਿਸਤਰੇ ਸੰਭਾਲੀ ਬੰਬਈ ਤੋਂ ਆਇਆ ਮਜ਼ਦੂਰਾਂ ਦਾ ਜਥਾ ਮਾਸਟਰ ਜੀ ਨੂੰ ਹੁਣ ਰੋਕਣਾ ਮੁਸ਼ਕਲ ਹੋ ਗਿਆ। ਉਹਨਾਂ ਦਾ ਕਹਿਣਾ ਸੀ ਕਿ ਟਰੱਕ ਮਿਲਣਗੇ ਨਹੀਂ ਅਤੇ ਅਸੀਂ ਪੰਜਾਬੀ ਬਾਂਦਾ ਨਹੀਂ ਪਹੁੰਚ ਸਕਾਂਗੇ। ਬੜੀ ਮੁਸ਼ਕਲ ਨਾਲ ਸਾਥੀਆਂ ਨੂੰ ਰੋਕਿਆ। ਰੋਕਣ ਲਈ ਪਾਰਟੀ ਡਸਿਪਲਨ ਦਾ ਹੀ ਇਕ ਵਾਸਤਾ ਕਾਰਆਮਦ ਹਥਿਆਰ ਸੀ। ਸਾਨੂੰ ਪੰਜਾਬੀਆਂ ਨੂੰ ਆਮ ਮੁਸਾਫਰਾਂ ਦੀ ਕੁਰਬਾਨੀ ਕਰਕੇ ਲਾਰੀ ਦੇ ਟਿਕਟ ਮਿਲ ਗਏ ਅਤੇ ਅਸੀਂ ਬੰਬਈ ਦੇ ਜਥੇ ਨਾਲੋਂ ਪਹਿਲਾਂ ਬਾਂਦਾ ਪਹੁੰਚ ਗਏ। ਇਥੇ ਸੋਸ਼ਲਿਸਟ ਵੀਰ ਜਨਤਕ ਸਤਿਆਗ੍ਰਹਿ ਨਾ ਹੋਣ ਦੇਣ ਦੀ ਚਿੰਤਾ ਵਿਚ ਆਏ ਹੋਏ ਸਤਿਆਗ੍ਰਹੀਆਂ ਨੂੰ ਛੋਟੀਆਂ ਛੋਟੀਆਂ ਟੁਕੜੀਆਂ ਵਿਚ ਬਾਹਰ ਭੇਜ ਰਹੇ ਸਨ।ਇਸ ਦੇ ਖਿਲਾਫ਼ ਜਹਾਦ ਸ਼ੁਰੂ ਹੋਇਆ ਅਤੇ ਜਨਤਕ ਸਤਿਆਗ੍ਰਹਿ ਕਰਨ ਲਈ ਪ੍ਰਚਾਰ ਸ਼ੁਰੂ ਹੋਇਆ। ਕੁਝ ਦੇਰ ਵਿਚ ਹੀ ਹਵਾ ਬਦਲ ਗਈ। ਕੈਂਪ ਦੀ ਇੰਚਾਰਜ ਇਕ ਇਸਤਰੀ ਸੀ ਜੋ ਮਾਸ ਸਤਿਆਗ੍ਰਹਿ ਦੀ ਨੀਤੀ ਦੇ ਫੇਲ੍ਹ ਹੋਣ 'ਤੇ ਬੜੀ ਖੁਸ਼ ਸੀ। ਦਿੱਲੀ ਤੇ ਪੰਜਾਬ ਦੇ ਜਥੇ ਨੇ ਹਵਾ ਬਦਲ ਦਿੱਤੀ ਜਿਸ 'ਤੇ ਉਹ ਸਖਤ ਨਾਰਾਜ਼ ਹੋਈ।

ਮੈਂ ਤੇ ਮਾਸਟਰ ਜੀ ਕੋਲ ਕੋਲ ਬੈਠੇ ਸਾਂ। ਇਸ ਰਾਤ ਦੀਆਂ ਘਟਨਾਵਾਂ ਲਿਖਣ ਲਈ ਦਫ਼ਤਰ ਚਾਹੀਦਾ ਹੈ। ਜਿਸ ਦਿਨ ਸਵੇਰ ਹੋਈ-ਝੰਡਾ ਪੂਜਣ ਤੋਂ ਬਾਅਦ ਜਥਾ ਰਵਾਨਾ ਹੋਇਆ। ਪੰਜਾਬੀ ਜਿਨ੍ਹਾਂ ਨੇ ਅਗੇ ਜਥਿਆਂ 'ਤੇ ਗੋਲੀਆਂ ਚਲਦੀਆਂ ਦੇਖੀਆਂ ਸਨ, ਉਨ੍ਹਾਂ ਦੇ ਮਨ ਵਿਚ ਇਕੋ ਫ਼ਿਕਰ ਸੀ ਕਿ ਭਾਜੜ ਨਾ ਮਚੇ। ਜਥਾਂ ਟਿਕ ਜਾਵੇ। ਅੱਜ ਕੁਲ ਸੰਸਾਰ ਇਸ ਸਤਿਆਗ੍ਰਹਿ ਵੱਲ ਦੇਖ ਰਿਹਾ ਹੈ।

ਭਾਰਤ ਦਾ ਮਾਨ ਅਪਮਾਨ ਇਹਨਾਂ ਆਏ ਮਜ਼ਦੂਰਾਂ ਤੇ ਕਿਸਾਨਾਂ ਦੇ ਕੰਧਿਆਂ 'ਤੇ ਹੈ। ਅਸਾਂ ਆਪਣੇ ਅਜ਼ਮਾਏ ਹੋਏ ਆਦਮੀ ਇਕ ਇਕ ਲਾਈਨ ਛੱਡ ਕੇ ਹਰ ਪਹਿਲੀ ਲਾਈਨ ਵਿੱਚ ਖੜੇ ਕੀਤੇ ਜਿਸ ਪਾਸਿਉਂ ਗੋਲੀ ਆਉਣੀ ਸੀ। ਜੇ ਭਾਜੜ ਮਚੇ ਤਾਂ ਰੋਕ ਸਕਣ। ਮਾਸਟਰ ਜੀ ਭਾਵਕ ਹੋਣ ਕਰਕੇ ਮੈਂ ਬਾਹਰਵੀਂ ਲਾਈਨ ਦੇ ਪਹਿਲੇ ਆਦਮੀਆਂ ਵਿਚ ਖੜੇ ਕੀਤੇ। ਇਹ ਪਹਿਲੀਆਂ ਲਾਈਨਾਂ ਵਿਚ ਖੜੇ ਹੋਣ ਲਈ ਜੂਝਦੇ ਰਹੇ ਅਤੇ ਮੇਰੇ ਨਾਲ ਪਿਛੇ ਖੜੇ ਕੀਤੇ ਜਾਣ 'ਤੇ ਸਖ਼ਤ ਨਾਰਾਜ਼ ਸਨ। ਨਾਲ ਜਾਣ ਵਾਲੇ ਲੋਕ ਰੁਕ ਗਏ ਤੇ ਜਥਾ ਸਰਹੱਦ ਪਾਰ ਕਰ ਗਿਆ।

ਗੋਲੀ ਸ਼ੁਰੂ ਹੋਈ। ਜਿਵੇਂ ਦੀਵਾਲੀ ਵਿਚ ਪਟਾਕੇ ਚਲ ਰਹੇ ਹੋਣ। ਝੰਡੇ ਵਾਲਾ ਜਥਾ ਕੁਝ ਰੁਕਿਆ, ਕਿਉਂਕਿ ਗੋਲੀਆਂ ਇਹਨਾਂ ਦੇ ਪੱਟਾਂ ਵਿਚ ਲਗੀਆਂ ਸਨ। ਹੁਣ ਸਾਨੂੰ ਲੇਟ ਜਾਣ ਦਾ ਹੁਕਮ ਹੋ ਗਿਆ। ਮੈਂ ਪਹਿਲੀ ਲਾਈਨ ਦਾ ਪਹਿਲਾ ਆਦਮੀ ਸਾਂ। ਮੈਥੋਂ ਅਗੇ ਸਿਰਫ਼ ਝੰਡਾ ਸਾਡਾ ਲੀਡਰ ਤੇ ਉਹਨਾਂ ਦੇ ਰਖਸ਼ਕ ਸਨ, ਜੋ ਚਾਰ ਚਾਰ ਦੀਆਂ ਚਾਰ ਲਾਈਨਾਂ ਸਨ। ਗੋਲੀ ਬਾਰਸ਼ ਦੀ ਤਰ੍ਹਾਂ ਲੇਟੇ ਹੋਏ ਸਾਥੀਆਂ ਦੇ ਸਿਰਾਂ ਤੋਂ ਲੰਘ ਰਹੀ ਸੀ। ਸਾਡਾ ਫਿਕਰ ਫਜ਼ੂਲ ਸੀ-ਕੋਈ ਹਿਲਿਆ ਨਹੀਂ। ਸਾਡਾ ਝੰਡਾ ਜਿਸ 'ਤੇ ਸਾਰਿਆਂ ਦੀਆਂ ਅੱਖਾਂ ਸਨ, ਗੋਲੀ ਨਾਲ ਸਾਥੀ

ਮਧੂਕਰ ਦੇ ਜ਼ਖਮੀ ਹੋ ਜਾਣ ਨਾਲ ਗਿਰ ਗਿਆ। ਇਕ ਇਸਤਰੀ ਲਾਈਨਾਂ ਨੂੰ ਚੀਰਦੀ ਹੋਈ ਝੰਡਾ ਚੁਕਣ ਲਈ ਦੌੜੀ। ਦੋ ਗੋਲੀਆਂ ਇਸ ਦੀ ਉਸ ਬਾਂਹ ਵਿਚੋਂ ਲੰਘ ਗਈਆਂ ਜਿਸ ਨਾਲ ਉਹ ਝੰਡਾ ਚੁੱਕਣਾ ਚਾਹੁੰਦੀ ਸੀ। ਸਾਡੇ ਸਜੇ ਇਕ ਪੁਤਰਗੀਜ਼ ਕੋਈ 20 ਗਜ਼ ਤੋਂ ਥਿਰੀ ਨਟ ਥਿਰੀ ਦੀ ਗੋਲੀ ਚਲਾ ਰਹੀ ਸੀ। ਇਸੇ ਨੇ ਇਸ ਤੇ ਹਮਲਾ ਕੀਤਾ ਸੀ। ਗਿਰਦੀ ਹੋਈ ਭਾਰਤ ਦੀ ਇਸ ਵੀਰ ਸਪੁਤਰੀ ਨੂੰ ਸਾਂਭਣ ਲਈ ਡਸਿਪਲਨ ਤੋੜਦਾ ਹੋਇਆ ਸਾਡਾ ਲੀਡਰ ਸਾਥੀ ਚਿਤਲੇ ਖੜਾ ਹੋ ਗਿਆ। ਬਰਾਂਡੇ ਵਾਲੀ ਬੰਦੂਕ ਦਾ ਮੂੰਹ ਹੁਣ ਇਸ ਦੀ ਛਾਤੀ 'ਤੇ ਸੀ। ਮੇਰੇ ਨਾਲ ਦੀ ਦੌੜਦਾ ਹੋਇਆ ਇਕ ਸਾਥੀ ਇਸ ਤੋੜੀ ਪਹੁੰਚਿਆ ਤੇ ਇਸ ਨੂੰ ਧੱਕਾ ਮਾਰਕੇ ਜ਼ਮੀਨ 'ਤੇ ਸੁਟਦਾ ਹੋਇਆ ਅਗੇ ਵਧਿਆ। ਧੱਕਾ ਮਾਰਨ ਦੇ ਵਕਤ ਇਹ ਦਾ ਮੂੰਹ ਬਰਾਂਡੇ ਵੱਲ ਹੋ ਗਿਆ ਸੀ ਅਤੇ ਉਹ ਗੋਲੀਆਂ ਜੋ ਕਿ ਲੀਡਰ ਲਈ ਸਨ-ਇਹਦੀ ਛਾਤੀ ਵਿਚੋਂ ਪਾਰ ਹੋ ਗਈਆਂ। ਗੋਲੀ ਲੱਗਣ ਤੋਂ ਬਾਅਦ ਉਹ ਚਾਰ ਕਦਮ ਅਗੇ ਉਛਲ ਕੇ ਡਿਗਾ। ਸਾਥੀ ਚਿਤਲੇ ਦੇ ਰਖਸ਼ਕਾਂ ਨੇ ਉਸ ਨੂੰ ਦਬਾ ਲਿਆ। ਗਿਰਨ ਵਾਲਾ ਇਹੀ ਕਰਨੈਲ ਸਿੰਘ ਸੀ।

ਭਾਰਤ ਦੀ ਸ਼ਾਨ ਨੂੰ ਉਚਾ ਰੱਖਣ ਲਈ ਹਮੇਸ਼ਾ ਦੀ ਨੀਂਦ ਸੌਂ ਗਿਆ। ਸ਼ਰੀਰ ਦੇ ਕੇ ਸਦਾ ਲਈ ਜੀਵਤ ਹੋ ਗਿਆ। ਇਹ ਮੇਰੇ ਕੋਲੋਂ ਦਸ ਗਜ਼ ਅਗੇ ਡਿਗਿਆ ਸੀ। ਮੈਂ ਸਾਥੀ ਚਿਤਲੇ ਕੋਲੋਂ ਹੁੰਦਾ ਹੋਇਆ ਜਿਹੜਾ ਕਿ ਆਪਣੇ ਰਖਸ਼ਕਾਂ ਥਲਿਉਂ ਨਿਕਲਨ ਲਈ ਸਖਤ ਯਤਨ ਕਰ ਰਿਹਾ ਸੀ-ਮਾਨੋ ਉਹ ਕਿਸੇ ਪਾਗਲ ਨੂੰ ਦਬਾਈ ਬੈਠੇ ਹੋਣ ਜਿਹੜਾ ਉਹਨਾਂ ਕੋਲੋਂ ਛੁਡਾ ਕੇ ਨਸ ਜਾਣਾ ਚਾਹੁੰਦਾ ਹੈ-ਲੰਘਦਾ ਹੋਇਆ ਕਰਨੈਲ ਸਿੰਘ ਵੱਲ ਵਧਿਆ। ਇਹਦੇ ਚਿਹਰੇ ਦਾ ਰੰਗ ਜਰਾ ਨਹੀਂ ਸੀ ਬਦਲਿਆ। ਅਤੇ ਹੋਰ ਸਤਿਆਗ੍ਰਹੀਆਂ ਦੀ ਤਰ੍ਹਾਂ ਇਹ ਅਗੇ ਵੱਧਣ ਦੇ ਹੁਕਮ ਦੀ ਇੰਤਜ਼ਾਰ ਵਿਚ ਲੇਟਿਆ ਹੋਇਆ ਸੀ। ਇਕ ਵਾਰ ਫ਼ਿਰ ਮਧੂਕਰ ਨੇ ਝੰਡਾ ਝੁਕਿਆ। ਇਸ ਵਾਰ ਗੋਲੀ ਗਰਦਨ ਦੇ ਕਰੀਬ ਕੰਧੇ ਨੂੰ ਚੀਰਦੀ ਹੋਈ ਨਿਕਲ ਗਈ ਸੀ। ਹੁਣ ਤੱਕ ਮਧੂਕਰ ਦੇ ਸਤ ਗੋਲੀਆਂ ਲੱਗ ਚੁਕੀਆਂ ਸਨ। ਆਖਰੀ ਗੋਲੀ ਮਧੂਕਰ ਦੇ ਮੱਥੇ ਵਿਚ ਲੱਗੀ ਅਤੇ ਝੰਡਾ, ਜਿਹੜਾ ਕਿ ਉਹਨੇ ਲੰਮੇ ਪਏ ਹੋਏ ਸਜੇ ਪਾਸੇ ਛਾਤੀ ਨਾਲ ਲਾਇਆ ਹੋਇਆ ਸੀ, ਹੁਣ ਟੇਢਾ ਹੋ ਗਿਆ। ਨਾਅਰੇ ਬੰਦ ਹੋ ਗਏ। ਸਾਨੂੰ ਸਰਹੱਦ ਤੋਂ ਹੁਕਮ ਹੋਇਆ ਕਿ ਪਿਛੇ ਮੁੜ ਆਓ। ਇਹ ਸਾਰਾ ਵਾਕਿਆ ਕੋਈ ਪੌਣੇ ਘੰਟੇ ਤੱਕ ਜਾਰੀ ਰਿਹਾ। ਗੋਲੀ ਬੰਦ ਹੋਈ। ਅਸੀਂ ਆਪਣੇ ਜ਼ਖਮੀ ਅਤੇ ਦੋ ਸ਼ਹੀਦਾਂ ਨੂੰ ਲੈ ਕੇ ਪਿਛੇ ਹਟੇ। ਹੁਣ ਹਰ ਇਕ ਦੀ ਜ਼ਬਾਨ 'ਤੇ ਕਰਨੈਲ ਸਿੰਘ ਤੇ ਮਧੂਕਰ ਦਾ ਨਾਂ ਸੀ। ਕਰਨੈਲ ਸਿੰਘ, ਇਕ ਮਾਸਟਰ ਇਕ ਇੰਨੀ ਵੱਡੀ ਮਹਾਨ ਪਦਵੀ ਪਾ ਗਿਆ ਜਿਸ ਦਾ ਵਰਨਣ ਨਹੀਂ ਹੋ ਸਕਦਾ। ਅਜ ਕੋਈ ਨਹੀਂ ਪੁਛਦਾ ਕਿ ਇਹ ਦੋਨੋਂ ਸ਼ਹੀਦ ਕਿਸ ਪਾਰਟੀ ਦੇ ਹਨ। ਇਨ੍ਹਾਂ ਦੇ ਕੀ ਵਿਚਾਰ ਹਨ। ਹਰ ਇਕ ਫੂਲ ਚੜ੍ਹਾਂਦਾ ਸੀ। ਪੈਰਾਂ ਦੀ ਮਿੱਟੀ ਮੱਥੇ ਨੂੰ ਲਾਣਾ ਮਾਣ ਸਮਝਦਾ ਸੀ।

ਹੁਣ ਵਾਪਸ ਜਾਣ ਦੇ ਪ੍ਰਬੰਧ ਦੀ ਗੱਲ ਸਾਹਮਣੇ ਆਈ। ਕਲਿਆਣ ਦੇ ਸਟੇਸ਼ਨ 'ਤੇ ਮਾਸਟਰ ਦੀ ਕਹੀ ਹੋਈ ਗੱਲ ਕਿ ਵਾਪਸ ਜਾਣ ਦਾ ਪ੍ਰਬੰਧ ਜਥੇ ਨੂੰ ਕਰਨਾ ਪਵੇਗਾ ਪੱਥਰ 'ਤੇ ਲਕੀਰ ਹੋ ਗਈ। ਮਹਾਂ ਰਾਸ਼ਟਰ ਸੰਮਤੀ ਨੇ ਲਾਸ਼ਾਂ ਨੂੰ ਬੰਬਈ ਤੱਕ ਪੁਚਾਉਣ ਦਾ ਯਕੀਨ ਦਿਲਾਇਆ। ਪਰ ਭਾਰਤ ਤੇ ਬੰਬਈ ਸਰਕਾਰ ਨੂੰ ਇਹ ਮਨਜ਼ੂਰ ਨਹੀਂ ਸੀ। ਅਸੀਂ ਬੜੀ ਮੁਸ਼ਕਲ ਨਾਲ ਕਰਨੈਲ ਸਿੰਘ ਦੀ ਲਾਸ਼ ਨੂੰ ਪੂਨੇ ਤੱਕ ਲਿਆ ਸਕੇ ਅਤੇ ਇਹ ਵੀ ਟਰੱਕ ਡਰਾਈਵਰ ਦੀ ਚਤੁਰਾਈ ਨਾਲ, ਜਿਹਦਾ ਖਿਆਲ ਸੀ ਕਿ ਤੁਹਾਨੂੰ ਬੈਲਗਾਮ ਤੋਂ ਅਗੇ ਨਹੀਂ ਜਾਣ ਦਿੱਤਾ ਜਾਵੇਗਾ। ਪੂਨੇ ਇਕ ਮਹਾਨ ਹੜਤਾਲ ਤੋਂ ਬਾਅਦ ਅਤੇ ਸਾਰੇ ਸ਼ਹਿਰੀ ਨਿਵਾਸੀਆਂ ਦੇ ਰੋਸ ਤੋਂ

ਬਾਅਦ ਲਾਸ਼ਾਂ ਅਗੇ ਲਿਜਾਣ ਦੀ ਆਗਿਆ ਨਾ ਮਿਲਣ 'ਤੇ ਲਾਸ਼ਾਂ ਉਥੇ ਹੀ ਅਗਨੀ ਦੇ ਭੇਂਟ ਕੀਤੀਆਂ ਗਈਆਂ।

ਇਥੋਂ ਦੇ ਸਤਿਆਗ੍ਰਹਿ ਕੈਂਪ ਤੇ ਹਿੰਦੂ ਸਭਾ ਦਾ ਕਬਜ਼ਾ ਸੀ। ਇਥੇ ਪਹਿਲੀ ਵਾਰ ਪਾਰਟੀ ਅਤੇ ਵਿਚਾਰ ਸਾਹਮਣੇ ਆਏ 'ਕੇਸਰੀ' ਦਫ਼ਤਰ ਵਿਚ ਜਦ ਮੈਂ ਦਸਿਆ ਕਿ ਤਿੰਨ ਸ਼ਹੀਦਾਂ ਵਿਚੋਂ ਦੋ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ ਤੇ ਇਕ ਜੋ ਹਸਪਤਾਲ ਵਿਚ ਜਾ ਕੇ ਸ਼ਹੀਦ ਹੋਇਆ ਜਨ ਸੰਘੀ ਸੀ। ਕੈਂਪ ਦੇ ਇੰਚਾਰਜ ਨੂੰ ਸਖਤ ਦੁੱਖ ਲੱਗਾ ਤੇ ਇਹਨਾਂ ਅਸਥੀਆਂ ਦੇਣ ਤੋਂ ਵੀ ਇਨਕਾਰੀ ਕੀਤੀ ਤੇ ਅਖੀਰ ਤੱਕ ਕਹਿੰਦੇ ਰਹੇ ਕਿ ਕਰਨੈਲ ਸਿੰਘ ਤੇ ਮਧੂਕਰ ਕਮਿਊਨਿਸਟ ਨਹੀਂ ਸਨ। ਜੇ ਦਿੱਲੀ ਦਾ ਜਥਾ ਵਿਚ ਨਾ ਪੈਂਦਾ ਤਾਂ ਇਹਨਾਂ ਦਾ ਪਲੈਨ ਸੀ ਕਿ ਇਕ ਆਦਮੀ ਚੁੱਪ ਚਾਪ ਜਾ ਕੇ ਕਰਨੈਲ ਸਿੰਘ ਦੀਆਂ ਅਸਥੀਆਂ ਉਹਦੇ ਪਿੰਡ ਈਸੜੂ ਦੇ ਆਵੇ। ਹਿੰਦੂ ਸਭਾ ਤੇ ਇਹਨਾਂ ਦੇ ਕਾਰਜ ਕਰਤਾਵਾਂ ਦੀ ਇਹ ਤੰਗ ਦਿਲੀ ਸਭ ਨੂੰ ਬੁਰੀ ਲੱਗੀ। ਦਿੱਲੀ ਦੇ ਜਨ ਸੰਘੀ ਨੇਤਾਵਾਂ ਨੇ ਅਸਥੀਆਂ ਦੇਣ 'ਤੇ ਉਹਨਾਂ ਨੂੰ ਮਜ਼ਬੂਰ ਕੀਤਾ। ਹਿੰਦੂ ਸਭਾ ਦੇ ਇਹ ਨੇਤਾ ਅੱਜ ਮੈਨੂੰ ਦੁੱਖ ਨਾਲ ਲਿਖਣਾ ਪੈਂਦਾ ਹੈ, ਇਸ ਸਾਰੇ ਸਤਿਆਗ੍ਰਹਿ ਨੂੰ ਆਪਣੀਆਂ ਚੋਣਾਂ ਲਈ ਵਰਤਣਾ ਚਾਹੁੰਦੇ ਸਨ। ਕਮਿਊਨਿਸਟਾਂ ਦਾ ਮਾਣ ਵੱਧ ਰਿਹਾ ਹੈ। ਉਹ ਇਸ ਤੋਂ ਕਾਫ਼ੀ ਦੁਖੀ ਸਨ। ਇਕ ਛੋਟੀ ਜਿਹੀ ਸਿਰੋਮਨੀ ਨਾਲ ਇਕ ਪੁਰਾਣੇ ਨੈਸ਼ਨਲ ਫਲੈਗ ਵਿਚ ਬੰਨ੍ਹੀਆਂ ਅਸਥੀਆਂ ਮੇਰੇ ਹਵਾਲੇ ਕੀਤੀਆਂ ਗਈਆਂ। ਠੀਕ ਇਹਨਾਂ ਹੀ ਪੌੜੀਆਂ ਥੱਲੇ ਅਤੇ ਇਸੇ ਜਗ੍ਹਾ ਅਸੀਂ ਰਜਿਸਟਰ ਹੋਏ ਸਾਂ ਅਤੇ ਸਤਿਆਗ੍ਰਹਿ ਦੀਆਂ ਕਸਮਾਂ ਖਾਧੀਆਂ ਸਨ। ਠੀਕ ਓਸੇ ਜਗ੍ਹਾ 'ਤੇ ਖੜੇ ਜਿਥੇ ਮੈਂ ਇਹ ਸਿਪਾਹੀ ਸਤਿਆਗ੍ਰਹਿ ਲਈ ਪੇਸ਼ ਕੀਤਾ ਸੀ। ਅਸਥੀਆਂ ਦੀ ਇਕ ਗਠੜੀ ਮੇਰੇ ਫੈਲਾਏ ਹੱਥਾਂ 'ਤੇ ਰੱਖ ਦਿੱਤੀ ਗਈ। ਮੈਂ ਉਹਨਾਂ ਅਸਥੀਆਂ ਨੂੰ ਚੁੰਮਦੇ ਹੋਏ ਜਗਤਾਰ ਦੇ ਹਵਾਲੇ ਕੀਤੀਆਂ। ਇਹਨਾਂ ਨੂੰ ਇਹੀ ਸਾਡਾ ਕਰਨੈਲ ਸੀ ਜਿਹਦੇ ਨਾਲ ਕਲਿਆਣ ਸਟੇਸ਼ਨ ਤੇ ਸਮੁੱਚੇ ਜਥੇ ਨੇ ਵਾਅਦਾ ਕੀਤਾ ਸੀ ਕਿ ਜੇ ਵਾਪਸ ਆਏ ਤੈਨੂੰ ਪੰਜਾਬ ਪੁਚਾਣ ਦਾ ਪ੍ਰਬੰਧ ਕਰਾਂਗੇ। ਹਿੰਦੂ ਸਭਾ ਦੇ ਲੀਡਰਾਂ ਦੀ ਤੰਗ ਦਿਲੀ ਤੇ ਸਾਥੀ ਦਾ ਵਿਛੋੜਾ ਦੋਨੋਂ ਮਨ 'ਤੇ ਭਾਰੂ ਸਨ। ਅਸੀਂ ਉਹ ਕਰਨੈਲ ਜੋ ਕਮਿਊਨਿਸਟ ਪਾਰਟੀ ਦਾ ਸਿਪਾਹੀ ਸੀ। ਭਾਰਤ ਦੇ ਜਥੇ 'ਤੇ ਆਪਣੇ ਨੇਤਾ ਦੇ ਮਾਨ ਨੂੰ ਕਾਇਮ ਰੱਖਣ ਲਈ, ਜਿਸ ਨੇ ਆਪਣੇ ਸ਼ਰੀਰ ਦੀ ਅਹੁਤੀ ਦਿੱਤੀ, ਉਹਦੀਆਂ ਅਸਥੀਆਂ ਨੂੰ ਲੈ ਕੇ ਪੰਜਾਬ ਲਈ ਰਵਾਨਾ ਹੋਏ।

*(16 ਅਗਸਤ, 1958, ਪੰਨਾ 9, ਨਵਾਂ ਜ਼ਮਾਨਾ)*

ਦਸਤਾਵੇਜ਼-4

# ਇੱਕ ਇਤਿਹਾਸਕ ਭੁੱਖ ਹੜਤਾਲ

-ਕਾਮਰੇਡ ਕਿਸ਼ੋਰੀ ਲਾਲ

1929 ਦਾ ਸਾਲ ਪੰਜਾਬ ਦੇ ਇਤਿਹਾਸ ਵਿਚ ਇਕ ਹੰਗਾਮੀ ਸਾਲ ਹੈ। ਇਸ ਸਾਲ ਨੌਜਵਾਨ ਭਾਰਤ ਸਭਾ ਦੀਆਂ ਸਰਗਰਮੀਆਂ ਆਪਣੇ ਸਿਖਰ ਤੇ ਸਨ ਅਤੇ ਨਾਲੇ ਅੰਗਰੇਜ਼ ਦਾ ਤਸ਼ਦਦ ਵੀ। ਨੌਜਵਾਨ ਭਾਰਤ ਸਭਾ ਦੇ ਵਰਕਰਾਂ ਉੱਤੇ ਝੂਠੇ ਮੁਕੱਦਮੇ ਤੇ ਜ਼ਿਲ੍ਹਾ ਬਦਰ ਕਰਨਾ (ਜ਼ਿਲ੍ਹੇ ਵਿੱਚੋਂ ਕਢ ਦੇਣਾ) ਇਕ ਮਾਮੂਲੀ ਗੱਲ ਸੀ। ਇਹੋ ਜਿਹੇ ਮਾਹੌਲ ਵਿੱਚ ਸਾਈਮਨ ਕਮੀਸ਼ਨ ਦੀ ਆਮਦ ਦਾ ਐਲਾਨ ਹੋਇਆ ਅਤੇ ਦੇਸ਼ ਭਰ ਵਿੱਚ ਉਹਦੇ ਖਿਲਾਫ਼ ਮੁਜ਼ਾਹਰੇ ਹੋਏ। ਜਿਸ ਦੇ ਨਤੀਜੇ ਦੇ ਤੌਰ ਤੇ ਲਾਲਾ ਲਾਜਪਤ ਰਾਏ ਦੀ ਮੌਤ ਅੰਗਰੇਜ਼ੀ ਸਾਮਰਾਜ ਦੀਆਂ ਲਾਠੀਆਂ ਨਾਲ ਹੋ ਗਈ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਨੌਜਵਾਨਾਂ ਨੇ ਉਸ ਮੌਤ ਦਾ ਕੌਮ ਦੀ ਇੱਛਾ ਅਨੁਸਾਰ ਠੀਕ ਬਦਲਾ ਲਿਆ। ਸੈਂਕੜੇ ਨੌਜਵਾਨ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਜਿਹਨਾਂ ਤੇ ਕੋਈ ਦੋਸ਼ ਨਾ ਲਾਇਆ ਜਾ ਸਕਿਆ ਉਹਨਾਂ ਦੀਆਂ 50-50 ਹਜ਼ਾਰ ਦੀਆਂ ਜਮਾਨਤਾਂ, ਕਾਫੀ ਸਮੇਂ ਪਿਛੋਂ ਲਈਆਂ ਗਈਆਂ। ਬਾਕੀਆਂ ਉੱਤੇ "ਲਾਹੌਰ ਸਾਜਸ਼ ਕੇਸ" ਚਲਾਇਆ ਗਿਆ। ਸਾਨੂੰ ਸਭ ਨੂੰ ਬੋਸਟਲ ਜੇਲ੍ਹ ਦੇ ਬਲਾਕ ਨੰ: 26/14 ਵਿਚ ਕੈਦ ਤਨਹਾਈ (ਇਕਾਂਤ) ਵਿੱਚ ਰੱਖਿਆ ਗਿਆ। ਇਕ ਦੂਜੇ ਨੂੰ ਮਿਲਣ ਤੱਕ ਨਹੀਂ ਸੀ ਦਿੱਤਾ ਜਾਂਦਾ। ਜਿਸ ਦਿਨ ਅਸੀਂ ਪਹਿਲੀ ਵਾਰ ਅਦਾਲਤ 'ਚ ਇਕੱਠੇ ਹੋਏ, ਸਰਦਾਰ ਭਗਤ ਸਿੰਘ ਅਤੇ ਸਾਥੀ ਬਟੁਕੇਸ਼ਵਰ ਦੱਤ ਨੂੰ ਸਟਰੈਚਰ ਉੱਤੇ ਪਾ ਕੇ ਅਦਾਲਤ ਵਿੱਚ ਲਿਆਂਦਾ ਗਿਆ, ਕਿਉਂਕਿ ਉਹ ਮਹੀਨਾ ਪਹਿਲਾਂ ਰੱਖੀ ਭੁੱਖ ਹੜਤਾਲ ਕਰਕੇ ਬੜੇ ਕਮਜ਼ੋਰ ਹੋ ਚੁੱਕੇ ਸਨ।

ਫੌਰਨ ਇਕ ਛੋਟੀ ਜਿਹੀ ਮੀਟਿੰਗ ਅਦਾਲਤ ਵਿਚ ਹੀ ਹੋਈ ਅਤੇ ਸਰਕਾਰ ਦੇ ਗੈਰ ਇਨਸਾਨੀ ਸਲੂਕ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ। ਜਿਸ ਦਾ ਕਿ ਅਦਾਲਤ ਅਤੇ ਪੁਲੀਸ ਅਫਸਰਾਂ ਵਲੋਂ ਮਖੌਲ ਉਡਾਇਆ ਗਿਆ। ਇਕ ਪੁਰਾਣੇ ਪੁਲੀਸ ਅਫਸਰ ਨੇ ਮਖੌਲ ਦੇ ਤੌਰ 'ਤੇ ਕਿਹਾ ਕਿ ਇਸੇ ਕਮਰੇ ਵਿਚ 1914 ਵਾਲਿਆਂ ਤੇ ਬੱਬਰ ਅਕਾਲੀਆਂ ਉੱਤੇ ਮੁਕੱਦਮੇ ਚੱਲੇ ਸੀ। ਉਹ ਵੀ ਇਸੇ ਕਿਸਮ ਦੀਆਂ ਗੱਲਾਂ ਕਰਦੇ ਸੀ ਅਤੇ ਜੇਲ੍ਹ ਦੀਆਂ ਕੱਚੀਆਂ ਰੋਟੀਆਂ ਅਦਾਲਤ ਵਿੱਚ ਪੇਸ਼ ਕਰਿਆ ਕਰਦੇ ਸਨ। 4 ਦਿਨ ਤੱਕ, ਭੁੱਖ ਹੜਤਾਲ ਦੇ ਬਾਵਜੂਦ ਸਾਨੂੰ ਅਦਾਲਤ ਵਿਚ ਪੇਸ਼ ਕਰਦੇ ਰਹੇ ਪਰ ਕੋਈ ਕਾਰਵਾਈ ਨਾ ਹੋ ਸਕੀ। ਜੇਲ੍ਹ ਅਫਸਰ ਕਹਿੰਦੇ ਸਨ ਕਿ ਅਸੀਂ ਬੜੇ ਬੜੇ ਹਠੀਆਂ ਅਤੇ ਜਤੀਆਂ ਦੀਆਂ ਭੁੱਖ ਹੜਤਾਲਾਂ ਨਾਕਾਮ ਕਰ ਦਿੱਤੀਆਂ ਹਨ, ਤੁਸੀਂ ਸਾਡੇ ਲਈ ਬਿਲਕੁਲ ਬੱਚੇ ਹੋ। ਕੁਛ ਸਾਥੀਆਂ ਦੀ ਹਾਲਤ ਬਹੁਤ ਜਲਦੀ ਖਰਾਬ ਹੋਣੀ ਅਰੰਭ ਹੋ ਗਈ। ਖ਼ਾਸ ਕਰ ਸਾਥੀ ਜਤਿੰਦਰ ਨਾਥ ਦਾਸ ਦੀ।

ਸਤਾਰ੍ਹਵੇਂ ਦਿਨ, ਜਦ ਡਾਕਟਰਾਂ ਨੇ ਜ਼ਬਰਦਸਤੀ ਖੁਰਾਕ ਦੇਣ ਦਾ ਯਤਨ ਕੀਤਾ, ਤਾਂ ਸਾਥੀ ਦਾਸ ਨੇ ਜ਼ੋਰ ਦੀ ਸਾਹ ਰੋਕ ਲਿਆ, ਨਤੀਜਾ ਇਹ ਹੋਇਆ ਕਿ ਦੁੱਧ ਸਿੱਧਾ ਪੇਟ 'ਚ ਜਾਣ ਦੀ ਬਜਾਏ ਫੇਫੜਿਆਂ ਵਿੱਚ ਚਲਿਆ ਗਿਆ। ਨਾਲੀ ਨੱਕ ਵਿੱਚੋਂ ਨਿਕਲਦਿਆਂ ਹੀ ਸਾਥੀ ਦਾਸ ਨੂੰ ਉਲਟੀ ਆਈ ਅਤੇ ਉਹ ਬੇਹੋਸ਼ ਹੋ ਗਿਆ। ਇਹਨਾਂ ਨੂੰ ਡਬਲ ਨਮੂਨੀਆਂ ਹੋ ਗਿਆ।

ਫੇਰ ਕਦੀ ਉਨ੍ਹਾਂ ਨੂੰ ਖੁਰਾਕ ਨਾ ਦਿੱਤੀ ਜਾ ਸਕੀ।

ਇਹ ਭੁੱਖ ਹੜਤਾਲ ਜੰਗਲ ਦੀ ਅੱਗ ਵਾਂਗ ਸਾਰੀਆਂ ਜੇਲ੍ਹਾਂ ਵਿਚ ਫੈਲ ਗਈ। ਜਿਥੇ ਵੀ ਕੋਈ ਸਿਆਸੀ ਕੈਦੀ ਸੀ, ਉਸਨੇ ਸਰਕਾਰ ਦੇ ਸਾਡੇ ਨਾਲ ਗੈਰ ਇਨਸਾਨੀ ਵਰਤਾ ਵਿਰੁੱਧ ਪਰੋਟੈਸਟ ਕੀਤਾ। ਇਸ ਵਿਚ 1914 ਦੇ ਬਾਬੇ, ਬਾਬਾ ਸੋਹਨ ਸਿੰਘ ਭਕਨਾ ਦੀ ਰਹਿਨੁਮਾਈ ਵਿਚ ਸ਼ਾਮਲ ਹੋਏ। ਸਾਰੇ ਬੱਬਰ ਕੈਦੀ ਸਾਥੀ ਬੂਟਾ ਸਿੰਘ ਪੰਡੋਰੀ ਨਿੱਝਰਾਂ ਦੀ ਰਹਿਨੁਮਾਈ ਹੇਠ ਸ਼ਾਮਲ ਹੋਏ। ਭੁੱਖ ਹੜਤਾਲ ਦੇ ਦੌਰਾਨ ਜੋ ਤਸੀਹੇ ਭੁੱਖ ਹੜਤਾਲੀਆਂ ਨੂੰ ਸਹਿਣੇ ਪਏ ਉਹ ਇੱਕ ਲੰਮੀ ਕਹਾਣੀ ਹੈ ਅਤੇ ਰਾਜਸੀ ਕੈਦੀਆਂ ਦੇ ਇਤਿਹਾਸ ਦਾ ਇਕ ਅਟੁੱਟ ਹਿੱਸਾ ਹੈ।

ਸਾਰੀ ਕੌਮ ਇਸ ਗੈਰ ਇਨਸਾਨੀ ਵਰਤਾ ਵਿਰੁੱਧ ਇਕ ਮੁੱਠ ਹੋ ਕੇ ਸਾਹਮਣੇ ਆਈ। ਸਾਰੇ ਭਾਰਤ ਵਿਚ ਜਲੂਸ ਜਲਸੇ ਹੜਤਾਲਾਂ ਅਤੇ ਨੰਗੇ ਪੈਰ ਦਰਿਆਵਾਂ ਤੇ ਜਾਣ ਦੇ ਰੂਪ ਵਿਚ ਪਰੋਟੈਸਟ ਹੋਇਆ। ਦੋ ਮਹੀਨੇ ਪਿਛੋਂ ਸਰਕਾਰ ਨੂੰ ਝੁਕਣਾ ਪਿਆ। ਇਕ ਕਮੇਟੀ ਮੁਕੱਰਰ ਕੀਤੀ ਗਈ ਜੋ ਪੁਲੀਟੀਕਲ ਕੈਦੀਆਂ ਨਾਲ ਬੇਹਤਰ ਸਲੂਕ ਦਾ ਰਾਹ ਲੱਭੇ। ਇਹ ਕਮੇਟੀ ਸਾਡੇ ਕੋਲ ਜੇਲ੍ਹ ਵਿੱਚ ਆਈ ਅਤੇ ਉਸ ਨੇ ਮੰਗ ਕੀਤੀ ਕਿ ਜਦ ਤਾਈਂ ਅਸੀਂ ਆਪਣੀ ਛਾਣਬੀਣ ਪੂਰੀ ਨਹੀਂ ਕਰ ਲੈਂਦੇ ਤੁਸੀਂ ਆਪਣੀ ਭੁੱਖ ਹੜਤਾਲ ਮੁਲਤਵੀ ਕਰ ਦਿਓ। ਇਸ ਭਰੋਸੇ ਉਤੇ ਸਭ ਸਾਥੀਆਂ ਨੇ ਭੁੱਖ ਹੜਤਾਲ ਮੁਲਤਵੀ ਕਰਨਾ ਮਨਜ਼ੂਰ ਕੀਤਾ। ਪਰ ਸਾਥੀ ਦਾਸ ਨੇ ਕਿਹਾ ਕਿ:

**ਭੁੱਖ ਹੜਤਾਲ ਕਾਰਨ ਮੇਰੀਆਂ ਅੱਖਾਂ ਖਤਮ ਹੋ ਚੁੱਕੀਆਂ ਹਨ, ਲੱਤਾਂ ਅਤੇ ਬਾਹਾਂ ਕੰਮ ਕਰਨੋਂ ਰਹਿ ਚੁੱਕੀਆਂ ਹਨ, ਮੈਂ ਇਸ ਹਾਲਤ ਵਿੱਚ ਜਿਊਂਦਾ ਰਹਿ ਕੇ ਵੀ ਆਪਣੇ ਦੇਸ਼ ਦੀ ਕੋਈ ਸੇਵਾ ਨਹੀਂ ਕਰ ਸਕਾਂਗਾ। ਜਿਹੜਾ ਦੋ ਚਾਰ ਦਿਨ ਜਿਉਣਾ ਹੈ, ਮੈਂ ਇਸੇ ਤਰ੍ਹਾਂ ਹੀ ਜੀਆਂਗਾ। ਡਾਕਟਰਾਂ ਦੇ ਬਹੁਤ ਆਖਣ ਸਮਝਾਣ ਤੇ, ਅਤੇ ਕਈ ਕਹਾਣੀਆਂ ਸੁਨਾਣ ਤੇ ਵੀ ਸਾਥੀ ਜਤਿੰਦਰ ਨੇ ਭੁੱਖ ਹੜਤਾਲ ਨਾ ਛੱਡੀ। ਸਾਥੀ ਜਤਿੰਦਰ ਦੇ ਇਸ ਫੈਸਲੇ ਤੇ ਕਾਮਰੇਡ ਅਜੈ ਕੁਮਾਰ ਘੋਸ਼, ਵਿਜੈ ਕੁਮਾਰ ਸਿਨਹਾ, ਠਾਕੁਰ ਮਹਾਂਵੀਰ ਸਿੰਘ ਅਤੇ ਲੇਖਕ ਨੇ ਭੁੱਖ ਹੜਤਾਲ ਜਾਰੀ ਰਖਵਾਣ ਦਾ ਫੈਸਲਾ ਕੀਤਾ।**

ਹੁਣ ਅਤਿਆਚਾਰ ਦਾ ਨਵਾਂ ਦੌਰ ਅਰੰਭ ਹੋਇਆ। ਜਬਰੀ ਖੁਰਾਕ ਦੇਣੀ ਬੰਦ ਕਰ ਦਿੱਤੀ ਗਈ। ਸਾਡੇ ਸੈੱਲ ਵਿਚੋਂ ਪਾਣੀ ਚੁੱਕ ਲਿਆ ਗਿਆ ਅਤੇ ਉਸ ਦੀ ਬਜਾਏ ਦੁੱਧ ਰੱਖ ਦਿੱਤਾ ਗਿਆ। ਸਖਤ ਗਰਮੀਆਂ ਦੇ ਦਿਨ ਸਨ। ਜਦ ਮੈਨੂੰ ਪਿਆਸ ਲੱਗੀ, ਮੈਂ ਉੱਠ ਕੇ ਵੇਖਿਆ, ਘੜੀ ਵਿੱਚ ਪਾਣੀ ਦੀ ਬਜਾਏ ਦੁੱਧ ਹੈ। ਮੈਂ ਘੜੀ ਉਸੇ ਵਕਤ ਜੰਗਲੇ ਨਾਲ ਮਾਰਕੇ ਤੋੜ ਦਿੱਤੀ। ਇਸੇ ਤਰ੍ਹਾਂ ਦੂਸਰੇ ਸਾਥੀਆਂ ਨੇ ਵੀ ਕੀਤਾ। ਭੁੱਖੇ ਰਹਿਣਾ ਬਹੁਤ ਮੁਸ਼ਕਲ ਕੰਮ ਹੈ, ਤਰ੍ਹਾਂ ਤਰ੍ਹਾਂ ਦੇ ਖਾਣੇ ਯਾਦ ਆਉਂਦੇ ਹਨ। ਸੁਪਨੇ ਵਿੱਚ ਵੀ ਰੋਟੀਆਂ ਦੇ ਪਹਾੜ ਖਲੋਤੇ ਦਿਸਦੇ ਹਨ। ਪਰ ਪਾਣੀ ਸਾਡਾ ਜੀਵਨ ਹੈ। ਦੋ ਦਿਨ ਬਾਅਦ ਨੀਂਦ ਆਉਣੋਂ ਬੰਦ ਹੋ ਗਈ। ਇਹ ਅਮਲ ਚਾਰ ਦਿਨ ਤਕ ਜਾਰੀ ਰਿਹਾ। ਚੌਥੇ ਦਿਨ ਸ਼ਾਮ ਨੂੰ, ਸ਼ਾਇਦ ਕਿਸੇ ਅਫਸਰ ਦੇ ਆਉਣ ਕਰਕੇ ਸਾਡੇ ਸੈਲਾਂ ਵਿਚ ਪਾਣੀ ਰੱਖਿਆ ਗਿਆ। ਅਤੇ ਨਹਾਉਣ ਲਈ ਡੋਲ ਰੱਖ ਦਿੱਤੇ ਗਏ। ਅਫਸਰ ਜਿਹੜੇ ਵਾਰਡ ਵਿੱਚ ਘਬਰਾਹਟ ਨਾਲ ਭੱਜੇ ਫਿਰਦੇ ਸਨ, ਨੰਬਰਦਾਰਾਂ ਅਤੇ ਵਾਰਡਰਾਂ ਨੂੰ ਆਖ ਰਹੇ ਸਨ, ਕਿ ਜਦੋਂ ਇਹ ਕਿਸੇ ਅਫਸਰ ਨੂੰ ਸ਼ਿਕਾਇਤ ਕਰਨ, ਤਾਂ ਆਖੋ ਕਿ ਇਹ ਆਪ ਹੀ ਪਾਣੀ ਨਹੀਂ ਪੀਂਦੇ, ਅਸੀਂ ਤਾਂ ਹਾਜ਼ਰ ਕੀਤਾ ਹੋਇਆ ਹੈ।

ਉਸ ਦਿਨ ਸਾਡੀ ਹਾਲਤ ਪਾਗਲਾਂ ਵਾਂਗ ਸੀ। ਸਾਨੂੰ ਸਟਰੈਚਰਾਂ 'ਤੇ ਪਾ ਕੇ ਹਸਪਤਾਲ

ਦੇ ਉਸ ਕਮਰੇ ਵਿੱਚ ਪਹੁੰਚਾ ਦਿੱਤਾ ਗਿਆ, ਜਿਸ ਵਿਚ ਸਾਥੀ ਦਾਸ ਸੀ। ਦਾਸ ਦੀ ਹਾਲਤ ਅੱਜ ਖਤਰੇ ਵਿੱਚ ਸੀ। ਪਰ ਉਸਨੂੰ ਅਜੇ ਹੋਸ਼ ਸੀ। ਉਸ ਦਿਨ ਦਾਸ ਨੂੰ ਜ਼ਮਾਨਤ ਤੇ ਰਿਹਾ ਕਰਨ ਦਾ ਯਤਨ ਹੋ ਰਿਹਾ ਸੀ। ਸਰਕਾਰ ਦੀ ਨੀਅਤ ਸੀ ਕਿ ਦਾਸ ਦੀ ਮਿਰਤੂ ਜੇਹਲੋਂ ਬਾਹਰ ਜਾ ਕੇ ਹੋਏ, ਪਰ ਸਾਥੀ ਦਾਸ ਇਸ ਗੱਲ ਤੇ ਪੱਕੇ ਸਨ ਕਿ ਮੈਂ ਇਹ ਭਾਂਡਾ ਸਰਕਾਰ ਦੇ ਸਿਰ ਭੰਨਣਾ ਹੈ। ਉਹ ਤਿਲ ਤਿਲ ਕਰਕੇ ਮਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ, ਕਿ ਮੈਂ ਫਿਰ ਭਾਰਤ ਵਿੱਚ ਜੰਮ ਕੇ ਹੀ, ਦੇਸ਼ ਦੀ ਸੇਵਾ ਕਰਨਾ ਚਾਹਾਂਗਾ ਅਤੇ ਇਸ ਜੀਵਨ ਦਾ ਆਖਰੀ ਸਾਹ ਅੰਗਰੇਜ਼ ਨੂੰ ਦੇਸ਼ ਚੋਂ ਕੱਢਣ ਲਈ ਲਾ ਦੇਣਾ ਚਾਹਾਂਗਾ ਜੋ ਕਿ ਜੇਲ੍ਹ ਵਿਚ ਮਰ ਕੇ ਹੀ ਸੰਭਵ ਹੈ। ਦਾਸ ਦੇ ਆਖਣ ਤੇ ਅਸੀਂ ਪਾਣੀ ਪੀਤਾ।

ਇਸ ਦਿਨ ਲਗਭਗ 4 ਵਜੇ ਜੇਲ੍ਹ ਵਾਲਿਆਂ ਨੇ ਜਬਰਦਸਤੀ ਦਾਸ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਅਸਾਂ ਝੱਟ ਬਾਰਕ ਨੂੰ ਮੋਰਚੇ ਦੀ ਸ਼ਕਲ ਦੇ ਦਿੱਤੀ। ਚਾਰ-ਪਾਈਆਂ ਨਾਲ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਬਾਹਰ ਜੇਲ੍ਹ ਗਾਰਦ ਲਾਠੀਆਂ ਖੜਕਾ ਕੇ ਸਾਡੇ ਉੱਤੇ ਰੋਹਬ ਪਾ ਰਹੀ ਸੀ। ਅੰਦਰ ਭੁੱਖ ਹੜਤਾਲੀ ਅਤੇ ਬਾਕੀ ਸਾਥੀ ਮਰਨ ਮਾਰਨ ਲਈ ਤਿਆਰ ਬੈਠੇ ਸਨ। ਉਹਨਾਂ ਦਾ ਨਾਅਰਾ ਸੀ 'ਦਾਸ ਦਾ ਸ਼ਰੀਰ ਸਾਡੀਆਂ ਲਾਸ਼ਾਂ ਉਤੋਂ ਦੀ ਬਾਹਰ ਜਾਏਗਾ।' ਦੋ ਘੰਟੇ ਇਹ ਤਮਾਸ਼ਾ ਕਰਨ ਤੋਂ ਪਿੱਛੋਂ ਸੁਪਰਡੈਂਟ ਨੇ ਕਿਹਾ ਕਿ ਤੁਸੀਂ ਦਰਵਾਜ਼ਾ ਖੋਲ੍ਹ ਦਿਓ ਅਸੀਂ ਦਾਸ ਨੂੰ ਜ਼ਬਰਦਸਤੀ ਨਹੀਂ ਲਿਜਾਂਦੇ। ਮੈਂ ਸਿਰਫ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਾਣ ਲਈ ਰਜ਼ਾਮੰਦ ਹਨ ਜਾਂ ਨਹੀਂ। ਅੰਗਰੇਜ਼ ਸੁਪਰਡੰਟ ਇਕੱਲਾ ਅੰਦਰ ਆਇਆ। 4-5 ਮਿੰਟ ਬੈਠਾ ਰਿਹਾ। ਛੱਤ ਵੱਲ ਤਕਦਾ ਰਿਹਾ ਅਤੇ ਫਿਰ ਬਗੈਰ ਕੁਝ ਪੁਛਿਆਂ ਆਖਿਆਂ ਬਾਹਰ ਚਲਿਆ ਗਿਆ। ਅਗਲੇ ਦਿਨ ਸਾਡਾ ਸਾਥੀ ਦਾਸ ਸਵੇਰੇ ਹੀ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ। ਉਸ ਵਕਤ ਅਸੀਂ ਸਾਰੇ ਹੀ ਸਾਥੀ ਉਨ੍ਹਾਂ ਕੋਲ ਮੌਜੂਦ ਸਾਂ। ਆਜ਼ਾਦੀ ਦੀ ਲੜਾਈ ਦਾ ਉਹ ਸਿਪਾਹੀ, ਅੰਗਰੇਜ਼ ਦੇ ਅਤਿਆਚਾਰ ਵਿਰੁੱਧ ਆਖਰੀ ਸਾਹ ਤਕ ਘੁਲਦਾ ਰਿਹਾ। ਇਸ ਦਿਨ ਇਹਨਾਂ ਦੀ ਮਿਰਤੂ ਦੇ ਨਾਲ ਹੀ 63 ਦਿਨ ਦੀ ਲੰਮੀ ਅਤੇ ਇਤਿਹਾਸਕ ਭੁੱਖ ਹੜਤਾਲ ਖਤਮ ਹੋ ਗਈ। ਅਸੀਂ ਦਾਸ ਦੇ ਸਰੀਰ ਨੂੰ ਬੋਸਟਲ ਜੇਲ੍ਹ ਲਾਹੌਰ ਦੀ ਡਿਊੜੀ ਵਿਚ ਕੌਮੀ ਅਮਾਨਤ ਦੇ ਤੌਰ 'ਤੇ ਕਾਂਗਰਸ ਦੇ ਨੇਤਾਵਾਂ ਦੇ ਹਵਾਲੇ ਕਰ ਦਿੱਤਾ। ਇਸ ਬਲੀਦਾਨ ਨਾਲ ਜੇਲ੍ਹ ਕਰਮਚਾਰੀ ਹਿੱਲ ਗਏ ਤੇ ਨਾਲ ਹੀ ਬ੍ਰਿਟਿਸ਼ ਸਾਮਰਾਜ ਦੀਆਂ ਨੀਂਹਾਂ ਵੀ ਹਿਲ ਗਈਆਂ। ਸਾਰੀ ਕੌਮ ਦਾ ਧਿਆਨ ਉਨ੍ਹਾਂ ਸਿਆਸੀ ਕੈਦੀਆਂ ਦੀਆਂ ਤਕਲੀਫਾਂ ਵੱਲ ਖਿਚਿਆ ਗਿਆ, ਜਿਨ੍ਹਾਂ ਦਾ ਜੇਲ੍ਹ ਦੀ ਚਾਰ ਦੀਵਾਰੀ ਦੇ ਅੰਦਰ ਕੋਈ ਯਾਰੋ ਮਦਦਗਾਰ ਨਹੀਂ ਸੀ ਅਤੇ ਜਿਨ੍ਹਾਂ ਨੂੰ ਇਸ ਨੰਗੇ ਅਤਿਆਚਾਰ ਦਾ ਨੰਗੇ ਧੜ ਮੁਕਾਬਲਾ ਕਰਨਾ ਪੈ ਰਿਹਾ ਸੀ।

ਸਾਥੀ ਦਾਸ ਦਾ ਸਰੀਰ ਲਾਹੌਰ ਸ਼ਹਿਰ ਵਿੱਚ ਲੈ ਜਾਣ ਪਿਛੋਂ ਕਲਕਤੇ ਭੇਜ ਦਿੱਤਾ ਗਿਆ। ਸਾਰੇ ਰਸਤੇ 'ਚ ਉਸਦਾ ਬੇਮਿਸਾਲ ਸੁਆਗਤ ਕੀਤਾ ਗਿਆ। ਉਸ ਦਿਨ ਕੌਮ ਆਪਣੇ ਸ਼ਹੀਦ ਲਈ ਰੋ ਨਹੀਂ ਰਹੀ ਸੀ। ਦਾਸ ਦੀ ਅਰਥੀ ਉਤੇ ਦੇਸ਼ ਦੇ ਪ੍ਰੇਮੀਆਂ ਤੇ ਸੇਵਕਾਂ ਨੇ ਉਨ੍ਹਾਂ ਦੇ ਅਧੂਰੇ ਰਹਿ ਗਏ ਕੰਮ ਨੂੰ ਨੇਪਰੇ ਚਾੜ੍ਹਨ ਦੀਆਂ ਸੌਹਾਂ ਖਾਧੀਆਂ। ਅੱਜ ਦੇਸ਼ ਆਜ਼ਾਦ ਹੈ ਪਰ ਸਾਡੇ ਦੇਸ਼ ਦੀ ਖੁਸ਼ਹਾਲੀ ਲਈ ਚਿਤਵੇ ਸੁਪਨੇ ਅਜੇ ਅਧੂਰੇ ਹਨ।

*('ਦੇਸ਼ ਭਗਤ ਯਾਦਾਂ' 1963 ਵਿਚੋਂ)*



ਖੂੰਡਾ ਫੜੀ ਖੜ੍ਹੇ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਾ, (ਵਿਚਕਾਰ) ਪੰਡਿਤ ਕਿਸ਼ੋਰੀ ਲਾਲ ਅਤੇ (ਬਿਲਕੁਲ ਸੱਜੇ) ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

*ਤਸਵੀਰ : ਅਮਰਜੀਤ ਚੰਦਨ, 10 ਮਾਰਚ 1970*

5 ਆਬ
Parkashan, Jalandhar

5aab Parkashan
Desh Bhagat hall, Jalandhar,
Punjab,India
Phone:9814087063
5aabarkashan@gmail.com
www.5aabparkashan.com

ISBN 978-81-923341-6-5

ਪੇਪਰ ਬੈਕ :₹60, ਸਜਿਲਦ : ₹100